ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
www.amritsartimes.live
QUOMANTRY AMRITSAR TIMES
West/East Coast Edition | Volume 23 | Issue 201| 12 to 18 November, 2025 | Ph.: (510) 240-5949 | Email: asrtimes@gmail.com

# ਕੀ ਜ਼ੈਨ-ਜ਼ੀ ਵਰਗਾ ਬਣ ਰਿਹੈ ਪੰਜਾਬ ਯੂਨੀਵਰਸਿਟੀ ਦਾ ਅੰਦੋਲਨ?



## ਭਾਰਤ ਵਿੱਚ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਹੋਣ ਦੇ ਆਸਾਰ ਬਣੇ

## ਡੋਵਾਲ ਦੀ ਚਿਤਾਵਨੀ ਗੂੰਜੀ: ਬੇਰੁਜ਼ਗਾਰੀ ਅਤੇ ਵੰਡ ਭਾਰਤ ਲਈ ਵੱਡੀ ਸਮੱਸਿਆ

**ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਹਰੇ-ਭਰੇ ਕੈਂਪਸ ਵਿੱਚ ਹੁਣ ਵੀ ਨਾਅਰੇ ਗੂੰਜ ਰਹੇ ਹਨ। ਪੰਜਾਬ ਯੂਨੀਵਰਸਿਟੀ (ਪੀ.ਯੂ.) ਦੇ ਵਿਦਿਆਰਥੀਆਂ ਨੇ ਸੈਨੇਟ ਚੋਣਾਂ ਨੂੰ ਲੈ ਕੇ ਖੜ੍ਹੇ ਕੀਤੇ ਅੰਦੋਲਨ ਨੇ ਨਾ ਸਿਰਫ਼ ਯੂਨੀਵਰਸਿਟੀ ਨੂੰ ਪੁਲਿਸ ਛਾਉਣੀ ਵਿੱਚ ਬਦਲ ਦਿੱਤਾ, ਸਗੋਂ ਪੂਰੇ ਪੰਜਾਬ ਨੂੰ ਇੱਕ ਵੱਡੇ ਸਿਆਸੀ ਤੂਫ਼ਾਨ ਵੱਲ ਧੱਕ ਦਿੱਤਾ ਹੈ। ਹਜ਼ਾਰਾਂ ਵਿਦਿਆਰਥੀ, ਕਿਸਾਨ, ਮਜ਼ਦੂਰ ਅਤੇ ਸਿਆਸੀ ਆਗੂਆਂ ਨੇ ਗੇਟਾਂ ਤੋੜ ਕੇ ਕੈਂਪਸ ਵਿੱਚ ਦਾਖ਼ਲ ਹੋ ਕੇ ਵਾਈਸ ਚਾਂਸਲਰ ਦੇ ਦਫ਼ਤਰ ਸਾਹਮਣੇ ਸਟੇਜ ਲਗਾ ਲਈ ਹੈ। ਪੁਲਿਸ ਦੀ ਧੱਕੇਸ਼ਾਹੀ, ਹਲਕਾ ਲਾਠੀਚਾਰਜ ਅਤੇ ਗੋਲੀਆਂ ਦੀ ਧਮਕੀਆਂ ਦੇ ਬਾਵਜੂਦ ਵੀ ਨੌਜਵਾਨ ਪਿੱਛੇ ਨਹੀਂ ਹਟੇ। ਇਹ ਸਿਰਫ਼ ਇੱਕ ਯੂਨੀਵਰਸਿਟੀ ਦਾ ਵਿਵਾਦ ਨਹੀਂ - ਇਹ ਪੰਜਾਬ ਦੀ ਖੁਦਮੁਖ਼ਤਿਆਰੀ, ਸੱਭਿਆਚਾਰਕ ਪਛਾਣ ਅਤੇ ਫ਼ੈਡਰਲ ਵਿਵਸਥਾ ਉੱਤੇ ਹਮਲੇ ਵਿਰੁੱਧ ਇੱਕ ਵੱਡਾ ਵਿਦਰੋਹ ਹੈ। ਅਤੇ ਜਦੋਂ ਗੱਲ ਜ਼ੈਨ-ਜ਼ੀ (1997-2012 ਵਿੱਚ ਜਨਮੇ ਨੌਜਵਾਨਾਂ) ਦੇ ਅੰਦੋਲਨਾਂ ਦੀ ਹੋਵੇ, ਤਾਂ ਏਸ਼ੀਆ ਦੇ ਗੁਆਂਢੀ ਦੇਸ਼ਾਂ ਵਿੱਚ ਵਾਪਰ ਰਹੀਆਂ ਘਟਨਾਵਾਂ ਭਾਰਤ ਲਈ ਚਿਤਾਵਨੀ ਵਾਂਗ ਗੂੰਜ ਰਹੀਆਂ ਹਨ।

10-11 ਨਵੰਬਰ ਨੂੰ ਵਿਦਿਆਰਥੀ ਜਥੇਬੰਦੀਆਂ ਨੇ ਪੰਜਾਬ ਯੂਨੀਵਰਸਿਟੀ ਬੰਦ ਦਾ ਐਲਾਨ ਕੀਤਾ ਸੀ। ਵਿਵਾਦ ਦਾ ਕੇਂਦਰੀ ਧੁਰਾ ਇਹ ਹੈ ਕਿ ਕੇਂਦਰ ਸਰਕਾਰ ਨੇ 28 ਅਕਤੂਬਰ ਨੂੰ ਸੈਨੇਟ ਅਤੇ ਸਿੰਡੀਕੇਟ ਵਿੱਚ ਵੱਡੇ ਬਦਲਾਅ ਕਰਨ ਦਾ ਫ਼ੈਸਲਾ ਲਿਆ ਸੀ, ਜਿਸ ਨਾਲ ਚੋਣਾਂ ਨੂੰ ਰੱਦ ਕਰਕੇ ਨਾਮਜ਼ਦਗੀਆਂ ਨੂੰ ਵਧਾਇਆ ਜਾਣਾ ਸੀ। ਇਹ ਫ਼ੈਸਲਾ ਪੰਜਾਬੀਆਂ ਲਈ ਯੂਨੀਵਰਸਿਟੀ ਉੱਤੇ ਕੇਂਦਰ ਦੇ ਕਬਜ਼ੇ ਵਾਂਗ ਸੀ, ਕਿਉਂਕਿ ਪੀ.ਯੂ. ਨੂੰ ਪੰਜਾਬੀਆਂ ਨੇ ਆਪਣੇ ਖ਼ੂਨ-ਪਸੀਨੇ ਨਾਲ ਬਣਾਇਆ ਹੈ। ਵਿਰੋਧ ਵਧਦਾ ਵੇਖ ਕੇਂਦਰ ਨੂੰ ਫ਼ੈਸਲਾ ਵਾਪਸ ਲੈਣਾ ਪਿਆ, ਪਰ ਵਿਦਿਆਰਥੀਆਂ ਨੇ ਸੈਨੇਟ ਚੋਣਾਂ ਲਈ ਨੋਟੀਫ਼ਿਕੇਸ਼ਨ ਜਾਰੀ ਕਰਨ ਦੀ ਮੰਗ ਰੱਖੀ। 9 ਨਵੰਬਰ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਨੇ ਚੋਣਾਂ ਸ਼ੁਰੂ ਕਰਨ ਦਾ ਬਿਆਨ ਜਾਰੀ ਕੀਤਾ, ਪਰ ਅੰਦੋਲਨ ਨਹੀਂ ਰੁਕਿਆ। ਵਿਦਿਆਰਥੀਆਂ ਨੇ ਖਾਕੀ ਨਿਕਰਾਂ ਉੱਪਰ ਲਾਲ ਕਾਟੇ ਮਾਰਕੇ ਤਾਰਾਂ ਉੱਪਰ ਟੰਗ ਦਿੱਤੀਆਂ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਉੱਪਰ ਸੰਘ ਤੇ ਭਾਜਪਾ ਦਾ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ।

11 ਨਵੰਬਰ ਦੌਰਾਨ, ਹਜ਼ਾਰਾਂ ਲੋਕ ਗੇਟ ਨੰਬਰ 1 ਤੋਂ ਚੰਡੀਗੜ੍ਹ ਪੁਲਿਸ ਦੀਆਂ ਬੈਰੀਕੇਡਾਂ ਤੋੜ ਕੇ ਅੰਦਰ ਦਾਖ਼ਲ ਹੋ ਗਏ ਸਨ। ਪੁਲਿਸ ਨੇ ਲਾਠੀਚਾਰਜ ਕੀਤਾ, ਪਰ ਵਿਦਿਆਰਥੀਆਂ ਨੇ ਹਰ ਰੋਕ ਨੂੰ ਤੋੜ ਦਿੱਤਾ। ਗੇਟ ਬੰਦ ਕਰਨ ਦੀ ਕੋਸ਼ਿਸ਼ ਵਿੱਚ ਪੁਲਿਸ ਨਾਲ ਹੋਰ ਧੱਕਾਮੁੱਕੀਆਂ ਹੋਈਆਂ ਅਤੇ ਕੁਝ ਵਿਦਿਆਰਥੀ ਜ਼ਖ਼ਮੀ ਵੀ ਹੋਏ।

ਇਸ ਅੰਦੋਲਨ ਵਿੱਚ ਸਿਰਫ਼ ਵਿਦਿਆਰਥੀ ਨਹੀਂ, ਸਗੋਂ ਪੂਰਾ ਪੰਜਾਬ ਖੜ੍ਹਾ ਹੋ ਗਿਆ ਹੈ।

ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਨੇ ਯੂਨੀਵਰਸਿਟੀ ਪਹੁੰਚ ਕੇ ਕਿਹਾ, 'ਪੰਜਾਬ ਯੂਨੀਵਰਸਿਟੀ ਉੱਤੇ ਕੇਂਦਰ ਦਾ ਕਬਜ਼ਾ ਨਹੀਂ ਹੋਣ ਦੇਵਾਂਗੇ। ਇਹ ਸਾਰੇ ਪੰਜਾਬ ਦੀ ਲੜਾਈ ਹੈ। ਮੋਦੀ ਸਰਕਾਰ ਦੇ ਆਪਹੁਦਰੇ ਫ਼ੈਸਲੇ ਕਾਰਨ ਪੰਜਾਬ, ਹਰਿਆਣਾ ਅਤੇ ਹਿਮਾਚਲ ਤੱਕ ਸਾਰਿਆਂ ਦੀ ਰੂਹ ਕੰਬ ਰਹੀ ਹੈ। ਕੇਂਦਰ ਇੱਕ-ਇੱਕ ਕਰਕੇ ਸਾਡੇ ਇੰਸਟੀਚਿਊਸ਼ਨ ਨੂੰ ਦਬਾ ਰਿਹਾ ਹੈ।' ਚੰਨੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸੈਸ਼ਨ ਬੁਲਾ ਕੇ ਯੂਨੀਵਰਸਿਟੀ ਦੇ ਹੱਕਾਂ ਲਈ ਲੜਨਾ ਚਾਹੀਦਾ ਹੈ।

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਵੀ ਸਮਰਥਨ ਦਿੱਤਾ ਅਤੇ ਕਿਹਾ ਕਿ ਭਾਜਪਾ ਦੀਆਂ ਚਾਲਾਂ ਨੂੰ ਨਾਕਾਮ ਕਰਨਾ ਪਵੇਗਾ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਆਗੂ ਬਲਬੀਰ ਸਿੰਘ ਰਾਜੇਵਾਲ ਟਰੈਕਟਰ ਲਿਆ ਕੇ ਪਹੁੰਚੇ ਅਤੇ ਕਿਹਾ, 'ਮੁੱਦਾ ਹੁਣ ਯੂਨੀਵਰਸਿਟੀ ਤੱਕ ਸੀਮਤ ਨਹੀਂ।

(ਬਾਕੀ ਸਫ਼ਾ 26 'ਤੇ)

## ਪੀ.ਯੂ. ਮੇਰਾ ਦੂਜਾ ਘਰ : ਸਤਿੰਦਰ ਸਰਤਾਜ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਵਿੱਚ ਪ੍ਰਸਿੱਧ ਪੰਜਾਬੀ ਗਾਇਕ ਸਤਿੰਦਰ ਸਰਤਾਜ ਵੀ ਸ਼ਾਮਲ ਹੋਏ। ਇਸ ਮੌਕੇ ਉਹਨਾਂ ਯੂਨੀਵਰਸਿਟੀ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ ਉਹਨਾਂ ਕਿਹਾ ਕਿ ਉਹ ਇਸ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਰਹੇ ਹਨ ਅਤੇ ਅਧਿਆਪਕ ਵੀ। ਇਹ ਯੂਨੀਵਰਸਿਟੀ ਉਹਨਾਂ ਦਾ ਦੂਜਾ ਘਰ ਹੈ। ਇਸ ਯੂਨੀਵਰਸਿਟੀ ਨਾਲ ਉਹਨਾਂ ਨੂੰ ਬਹੁਤ ਪਿਆਰ ਹੈ। ਇਸ ਮੌਕੇ ਉਹਨਾਂ ਆਪਣਾ ਗੀਤ ਵੀ ਸੁਣਾਇਆ।

## ਵੀ.ਸੀ. ਨੇ ਮੀਟਿੰਗ ਕਰਕੇ ਮੰਗਾਂ ਮੰਨਣ ਦਾ ਦਿੱਤਾ ਭਰੋਸਾ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਯੂਨੀਵਰਸਿਟੀ (ਪੀ.ਯੂ.) ਦੀ ਸੈਨੇਟ ਚੋਣ ਵਿਵਾਦ ਵਿੱਚ ਵਾਈਸ ਚਾਂਸਲਰ (ਵੀ.ਸੀ.) ਅਤੇ ਯੂਨੀਵਰਸਿਟੀ ਬਚਾਓ ਮੋਰਚੇ ਦੇ ਮੈਂਬਰਾਂ ਦੀ ਮੀਟਿੰਗ ਹੋਈ ਹੈ। ਮੋਰਚੇ ਅਨੁਸਾਰ, ਵੀ.ਸੀ. ਨੇ ਵਿਦਿਆਰਥੀਆਂ ਦੀਆਂ ਮੰਗਾਂ ਮੰਨਣ ਦਾ ਭਰੋਸਾ ਜਤਾਇਆ ਹੈ, ਪਰ ਯੂਨੀਵਰਸਿਟੀ ਬਚਾਓ ਮੋਰਚੇ ਦੇ ਮੈਂਬਰਾਂ ਅਨੁਸਾਰ ਲਿਖਤੀ ਭਰੋਸਾ ਮਿਲਣ ਤੱਕ ਧਰਨਾ ਜਾਰੀ ਰਹੇਗਾ। ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਪੀ.ਯੂ. ਨੂੰ ਬੰਦ ਕਰਨ ਦੀ ਗੱਲ ਵੀ ਕਹੀ ਗਈ ਹੈ। ਮੋਰਚੇ ਨੇ ਪ੍ਰਦਰਸ਼ਨਾਂ ਦੌਰਾਨ ਵਿਦਿਆਰਥੀਆਂ ਉੱਤੇ ਦਰਜ ਐੱਫ.ਆਈ.ਆਰ. ਨੂੰ ਰੱਦ ਕਰਨ ਦੀ ਵੀ ਮੰਗ ਕੀਤੀ ਹੈ। ਪੰਜਾਬ ਸਰਕਾਰ ਨੇ ਇਸ ਵਿਵਾਦ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ।

ਇਹ ਵਿਵਾਦ ਕੇਂਦਰ ਸਰਕਾਰ ਵੱਲੋਂ 28 ਅਕਤੂਬਰ 2025 ਨੂੰ ਪੀ.ਯੂ. ਐਕਟ 1947 ਵਿੱਚ ਬਦਲਾਅ ਨਾਲ ਸ਼ੁਰੂ ਹੋਇਆ ਸੀ। ਇਸ ਤਹਿਤ ਸੈਨੇਟ ਦਾ ਆਕਾਰ 91 ਤੋਂ ਘਟਾ ਕੇ 31 ਅਤੇ ਸਿੰਡੀਕੇਟ ਨੂੰ 27 ਤੋਂ ਘਟਾ ਕੇ 17 ਕਰ ਦਿੱਤਾ ਗਿਆ। ਚੋਣ ਪ੍ਰਕਿਰਿਆ ਨੂੰ ਖਤਮ ਕਰਕੇ ਸਾਰੇ ਮੈਂਬਰ ਨਾਮਜ਼ਦ ਕੀਤੇ ਜਾਣ ਨੂੰ ਲੈ ਕੇ ਵਿਦਿਆਰਥੀਆਂ ਵਿੱਚ ਗੁੱਸਾ ਹੈ। ਗ੍ਰੈਜੂਏਟ ਵੋਟਰਾਂ ਅਤੇ ਅੰਡਰਗ੍ਰੈਜੂਏਟ ਵਿਦਿਆਰਥੀਆਂ ਦੀ ਨੁਮਾਇੰਦਗੀ ਖਤਮ ਹੋ ਗਈ, ਜੋ ਲੋਕਤੰਤਰੀ ਪ੍ਰਕਿਰਿਆ ਨੂੰ ਚੁਣੌਤੀ ਮੰਨਿਆ ਜਾ ਰਿਹਾ ਹੈ। ਇਸ ਵਿਰੋਧ ਵਿੱਚ ਸੱਥ 'ਯੂਨੀਵਰਸਿਟੀ ਬਚਾਓ ਮੋਰਚਾ' (ਸੇਵ ਯੂਨੀਵਰਸਿਟੀ ਫਰੰਟ) ਬਣਾਇਆ ਗਿਆ, ਜਿਸ ਵਿੱਚ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਜਿਵੇਂ ਪੀ.ਐੱਸ.ਯੂ. (ਲਲਕਾਰ), ਏ.ਐੱਸ.ਏ.ਆਈ., ਐੱਨ.ਐੱਸ.ਯੂ.ਆਈ., ਪ੍ਰਸੂ ਅਤੇ ਐੱਸ.ਐੱਫ.ਐੱਸ. ਸ਼ਾਮਲ ਹਨ।

## ਪੀ.ਯੂ. ਦਾ ਅੰਦੋਲਨ ਪੰਜਾਬ ਦੀ ਪਾਵਨ ਰੂਹ 'ਚੋਂ ਪ੍ਰਗਟ ਹੋਇਆ



ਪੰਜਾਬ ਯੂਨੀਵਰਸਿਟੀ ਦਾ ਇਹ ਇਕੱਠ ਪੰਜਾਬ ਦੀ ਪਾਵਨ ਰੂਹ ਵਿਚੋਂ ਨਿਕਲਿਆ ਜਿਸ ਦੀ ਗੱਲ ਪ੍ਰੋਫ਼ੈਸਰ ਪੂਰਨ ਸਿੰਘ ਕਰਦਾ ਹੈ।

ਸੁੱਤਾ ਹੋਵੈ ਸਿੱਖ, ਗੁਰੂ ਜਾਗਦਾ,
ਭੁੱਲਾ ਹੋਵੈ ਸਿੱਖ, ਗੁਰੂ ਵੜ ਦਿਲ
ਓਹਦੇ ਸਿੱਖ-ਪ੍ਰਾਣ ਕੱਸਦਾ,
ਖਿੱਚਦਾ, ਸਿੱਖ ਨੂੰ ਪ੍ਰੀਤ-ਪੀੜ ਪੀੜਦਾ,
ਗੁਰੂ ਆਵੇਸ਼ ਦਾ ਹੜ੍ਹ ਟੋਰਦਾ,
ਸਿੱਖ ਦੀ ਰੂਹ ਦੇ ਅੱਗੇ ਪਿੱਛੇ ਚੜ੍ਹੀ ਦੀਵਾਰ ਤੋੜਦਾ,
ਬਾਰੀਆਂ ਖੋਹਲ ਅੰਦਰ ਵੜਦਾ, ਮਲੋ ਮਲੀ,
ਜੋਰੋ ਜੋਰੀ, ਜਾਂਦਾ ਧੱਸਦਾ,
ਸਿੱਖ ਨੂੰ ਪਿਆਰ ਦੀ ਬਹੁਲਤਾ ਵਿੱਚ ਬੇਬੱਸ ਕਰਦਾ,
ਮਾਰਦਾ, ਪਿਆਰ ਡੋਬ ਦੇਂਵਦਾ।

ਇਹ ਗੁਰੂ ਪ੍ਰਤੀ ਮੁਹਬਤ ਹੈ ਜੋ ਨਿਆਂ ਲਈ ਲੜਦੀ ਹੈ। ਸਿੱਖ ਜੀਉਂਦਾ ਤਾਂ ਹੀ ਹੈ ਜੇ ਗੁਰੂ ਪ੍ਰਤੀ ਮੁਹਬਤ ਹੈ। ਗੁਰੂ ਦਾ ਸ਼ਬਦ ਸਿੱਖ ਦੀ ਰੂਹ ਵਿੱਚ ਗੂੰਜਦਾ ਹੈ। ਉਹ ਹੋਰ ਹਨ ਜੋ ਸਾਡੇ ਹਿਤਾਂ ਦਾ ਸੌਦਾ ਕਰਦੇ ਹਨ। ਪੱਗਾਂ ਵੀ ਸਿਰ ਉੱਪਰ ਹਨ। ਪਰ ਥੱਲੇ ਧੜ ਗਾਇਬ ਹਨ। ਮਰੀਆਂ ਰੂਹਾਂ ਕਾਰਨ ਪੰਜਾਬ ਕੰਗਾਲ ਹੋਇਆ। ਲਵਾਰਸ ਲਾਸ਼ ਬਣਿਆ। ਸਭ ਬੁਤ ਹੋ ਗਏ। ਇੱਕ ਵਾਰ, ਫ਼ਿਰ ਜਾਗ ਆਈ। ਗੁਰੂ ਦਾ ਸ਼ਬਦ ਹਮੇਸ਼ਾ ਆਪਣੇ ਸਿੱਖ ਵਿੱਚ ਗੂੰਜਦਾ ਰਹੇਗਾ। ਚੰਦਰੀਆਂ ਹਵਾਵਾਂ ਨਾਲ ਟਕਰਾਉਂਦਾ ਰਹੇਗਾ। ਕੁਕੂਨਸ ਵਾਂਗ ਆਪਣੀ ਰਾਖ ਵਿਚੋਂ ਪੈਦਾ ਹੋਵੇਗਾ। ਪੰਜਾਬ ਯੂਨੀਵਰਸਿਟੀ ਵਿੱਚ ਪੁਲਿਸ ਦੀਆਂ ਡਾਂਗਾਂ ਅੱਗੇ ਸ਼ਾਂਤ ਰਹਿਕੇ ਪੰਜਾਬ ਦੇ ਵਿਦਿਆਰਥੀਆਂ ਨੇ ਗੁਰੂ ਦੇ ਬਾਗ ਦਾ ਮੋਰਚਾ ਦੂਹਰਾ ਦਿੱਤਾ। ਯੁੱਗ ਬਦਲੇ ਹਨ। ਗੁਰੂ ਦੀ ਫ਼ਿਲਾਸਫ਼ੀ ਤੇ ਸਿਧਾਂਤ ਨਹੀਂ। ਸਿੱਖ ਇਤਿਹਾਸ ਦੀ ਇਹੀ ਕਹਾਣੀ ਹੈ। ਸ਼ਬਦ ਗੁਰੂ ਦੇ ਮੋਹ ਵਿੱਚ ਪੰਜਾਬ ਜੋਤਿ ਬਣਕੇ ਲਟ ਲਟ ਬਲਦਾ ਰਹੇਗਾ। ਪੰਜਾਬ ਯੂਨੀਵਰਸਿਟੀ ਪੰਜਾਬ ਦੀ ਰਹੇਗੀ।

# ਅੰਗਰੇਜ਼ੀ ਟੈਸਟ ਵਿੱਚ ਫ਼ੇਲ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਸਸਪੈਂਡ

## ਅਮਰੀਕਾ ਦੇ ਨਵੇਂ ਨਿਯਮਾਂ ਨੇ ਖੋਹੀ ਪੰਜਾਬੀ ਡਰਾਈਵਰਾਂ ਦੀ ਰੋਜ਼ੀ-ਰੋਟੀ

## ਡਰਾਈਵਰਾਂ ਦੀ ਘਾਟ ਟਰੱਕਿੰਗ ਉਦਯੋਗ ਲਈ ਸੰਕਟ ਬਣੇਗਾ







ਅਮਰੀਕਾ ਦੀਆਂ ਸੜਕਾਂ ਉੱਪਰ ਲੰਬੇ ਸਮੇਂ ਤੋਂ ਟਰੱਕ ਚਲਾਉਂਦੇ ਪੰਜਾਬੀ ਡਰਾਈਵਰਾਂ ਲਈ ਹੁਣ ਅੰਗਰੇਜ਼ੀ ਭਾਸ਼ਾ ਇੱਕ ਵੱਡੀ ਮੁਸੀਬਤ ਬਣ ਗਈ ਹੈ। ਡਰਾਈਵਿੰਗ ਟੈਸਟ ਵਿੱਚ ਪਾਸ ਹੋਣ ਦੇ ਬਾਵਜੂਦ, ਅੰਗਰੇਜ਼ੀ ਬੋਲਣ, ਪੜ੍ਹਨ ਜਾਂ ਸਮਝਣ ਵਿੱਚ ਅਸਫ਼ਲ ਰਹਿਣ ਕਾਰਨ ਹਜ਼ਾਰਾਂ ਪੰਜਾਬੀ ਤੇ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ ਨੂੰ ਨੌਕਰੀ ਤੋਂ ਹੱਥ ਧੋਣੇ ਪੈ ਰਹੇ ਹਨ। ਫ਼ੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਿਨਿਸਟ੍ਰੇਸ਼ਨ (ਐਫ਼ਐਮਸੀਐਸਏ) ਨੇ 3 ਨਵੰਬਰ 2025 ਤੱਕ ਸੜਕ ਕਿਨਾਰੇ ਕੀਤੀਆਂ ਜਾਂਚਾਂ ਵਿੱਚ 7,248 ਵਪਾਰਕ ਡਰਾਈਵਰਾਂ ਨੂੰ 'ਸੇਵਾ ਤੋਂ ਮੁਕਤ' ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ ਤੇ ਹਰਿਆਣਾ ਦੇ ਨੌਜਵਾਨ ਹਨ, ਜੋ ਅਮਰੀਕੀ ਟਰੱਕਿੰਗ ਉਦਯੋਗ ਦੀ ਰੀੜ੍ਹ ਦੀ ਹੱਡੀ ਬਣੇ ਹੋਏ ਸਨ। ਇਹ ਫ਼ੈਸਲਾ ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਨਾਂਅ 'ਤੇ ਲਿਆ ਗਿਆ ਹੈ, ਪਰ ਟਰੱਕਿੰਗ ਕੰਪਨੀਆਂ ਤੇ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਅਮਰੀਕਾ ਵਿੱਚ ਪਹਿਲਾਂ ਹੀ ਮੌਜੂਦ ਡਰਾਈਵਰਾਂ ਦੀ ਘਾਟ ਹੋਰ ਡੂੰਘੀ ਹੋ ਜਾਵੇਗੀ।

### ਨਵੇਂ ਨਿਯਮਾਂ ਦੀ ਸ਼ੁਰੂਆਤ ਤੇ ਪਿਛੋਕੜ

ਅਮਰੀਕਾ ਵਿੱਚ ਟਰੱਕਿੰਗ ਉਦਯੋਗ ਇੱਕ ਵਿਸ਼ਾਲ ਕਾਰੋਬਾਰ ਹੈ। ਹਰ ਸਾਲ ਲੱਖਾਂ ਟਨ ਮਾਲ ਇੱਕ ਰਾਜ ਤੋਂ ਦੂਜੇ ਰਾਜ ਤੱਕ ਪਹੁੰਚਾਉਣ ਲਈ ਟਰੱਕ ਡਰਾਈਵਰਾਂ ਦੀ ਲੋੜ ਪੈਂਦੀ ਹੈ। ਪੰਜਾਬ ਤੇ ਹਰਿਆਣਾ ਦੇ ਨੌਜਵਾਨਾਂ ਨੇ ਇਸ ਖੇਤਰ ਵਿੱਚ ਆਪਣੀ ਮਿਹਨਤ ਨਾਲ ਨਾਮ ਕਮਾਇਆ ਹੈ। ਅਨੁਮਾਨ ਮੁਤਾਬਕ, ਅਮਰੀਕਾ ਵਿੱਚ 1,30,000 ਤੋਂ 1,50,000 ਭਾਰਤੀ ਮੂਲ ਦੇ ਟਰੱਕ ਡਰਾਈਵਰ ਕੰਮ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਹਨ। ਇਹ ਲੋਕ ਘਰੋਂ ਦੂਰ ਰਹਿ ਕੇ, ਰਾਤ-ਦਿਨ ਟਰੱਕ ਚਲਾ ਕੇ ਡਾਲਰ ਕਮਾਉਂਦੇ ਹਨ ਤੇ ਪੰਜਾਬ ਵਾਪਸ ਪੈਸਾ ਭੇਜਦੇ ਹਨ। ਪਰ 2025 ਵਿੱਚ ਐਫ਼.ਐਮ.ਸੀ.ਐਸ.ਏ. ਨੇ ਨਵੇਂ 'ਰੋਡਸਾਈਡ ਇੰਗਲਿਸ਼ ਟੈਸਟ' ਲਾਗੂ ਕਰ ਦਿੱਤੇ। ਇਹ ਟੈਸਟ 49 ਸੀ.ਐਫ਼.ਆਰ. 391.11(ਲ)(2) ਨਿਯਮ ਦਾ ਹਿੱਸਾ ਹਨ। ਇਸ ਨਿਯਮ ਅਨੁਸਾਰ, ਡਰਾਈਵਰ ਨੂੰ ਜਨਤਾ ਨਾਲ ਗੱਲਬਾਤ ਕਰਨ, ਟਰੈਫ਼ਿਕ ਸੰਕੇਤ ਪੜ੍ਹਨ ਤੇ ਪੁਲਿਸ ਜਾਂ ਕਾਨੂੰਨ ਅਧਿਕਾਰੀਆਂ ਦੇ ਹੁਕਮਾਂ ਨੂੰ ਸਮਝਣ ਲਈ ਅੰਗਰੇਜ਼ੀ ਆਉਣੀ ਚਾਹੀਦੀ ਹੈ।

ਪਹਿਲਾਂ ਤਾਂ ਡਰਾਈਵਰਾਂ ਨੂੰ ਸਿਰਫ਼ ਡਰਾਈਵਿੰਗ ਟੈਸਟ ਪਾਸ ਕਰਨਾ ਪੈਂਦਾ ਸੀ। ਪੰਜਾਬੀ ਡਰਾਈਵਰ ਆਪਣੀ ਮਿਹਨਤ ਨਾਲ ਇਹ ਟੈਸਟ ਪਾਸ ਕਰ ਲੈਂਦੇ ਸਨ, ਕਿਉਂਕਿ ਉਹਨਾਂ ਨੂੰ ਸੜਕਾਂ ਦਾ ਤਜਰਬਾ ਹੁੰਦਾ ਸੀ। ਪਰ ਹੁਣ ਸੜਕ ਕਿਨਾਰੇ ਅਚਾਨਕ ਜਾਂਚ ਵਿੱਚ ਅੰਗਰੇਜ਼ੀ ਵਿੱਚ ਸਵਾਲ ਪੁੱਛੇ ਜਾਂਦੇ ਹਨ। ਜੇਕਰ ਡਰਾਈਵਰ ਅੰਗਰੇਜ਼ੀ ਵਿੱਚ ਜਵਾਬ ਨਾ ਦੇ ਸਕੇ ਜਾਂ ਸੰਕੇਤ ਨਾ ਸਮਝ ਸਕੇ, ਤਾਂ ਉਸ ਨੂੰ ਤੁਰੰਤ 'ਅਯੋਗ' ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਨਤੀਜਾ 7,248 ਡਰਾਈਵਰਾਂ ਦੇ ਲਾਇਸੈਂਸ ਸਸਪੈਂਡ ਹੋ ਗਏ। ਇਹ ਅੰਕੜਾ ਸਿਰਫ਼ 3 ਨਵੰਬਰ ਤੱਕ ਦਾ ਹੈ, ਅਸਲ ਵਿੱਚ ਇਹ ਗਿਣਤੀ ਹੋਰ ਵਧ ਸਕਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਦਮ ਸੜਕ ਹਾਦਸੇ ਘਟਾਉਣ ਲਈ ਹੈ। ਪਿਛਲੇ ਸਾਲਾਂ ਵਿੱਚ ਕੁਝ ਸੜਕ ਹਾਦਸੇ ਭਾਰਤੀ ਮੂਲ ਦੇ ਡਰਾਈਵਰਾਂ ਨਾਲ ਜੁੜੇ ਸਨ, ਜਿਸ ਕਾਰਨ ਲਾਇਸੈਂਸਿੰਗ ਮਾਪਦੰਡਾਂ ਦੀ ਸਮੀਖਿਆ ਹੋਈ ਤੇ ਨਵਾਂ ਨਿਯਮ ਘੜੇ ਗਏ।

ਇਸ ਫ਼ੈਸਲੇ ਦਾ ਸਭ ਤੋਂ ਵੱਡਾ ਅਸਰ ਭਾਰਤੀ ਮੂਲ ਦੇ ਡਰਾਈਵਰਾਂ 'ਤੇ ਪਿਆ ਹੈ। ਉਹਨਾਂ ਦੇ ਪਰਿਵਾਰ ਪੰਜਾਬ ਵਿੱਚ ਰਹਿੰਦੇ ਹਨ, ਜੋ ਇਸ ਪੈਸੇ ਤੇ ਨਿਰਭਰ ਹਨ। ਇੱਕ ਪੰਜਾਬੀ ਡਰਾਈਵਰ, ਜਿਸ ਦਾ ਨਾਂਅ ਅਮਨਦੀਪ ਸਿੰਘ ਹੈ (ਨਾਂਅ ਬਦਲਿਆ ਗਿਆ ਹੈ), ਨੇ ਦੱਸਿਆ ਕਿ ਉਹ 10 ਸਾਲ ਤੋਂ ਅਮਰੀਕਾ ਵਿੱਚ ਟਰੱਕ ਚਲਾ ਰਿਹਾ ਹੈ। ਉਸ ਦਾ ਰਿਕਾਰਡ ਸਾਫ਼ ਹੈ, ਕੋਈ ਹਾਦਸਾ ਨਹੀਂ ਕੀਤਾ। ਪਰ ਸੜਕ ਕਿਨਾਰੇ ਜਾਂਚ ਵਿੱਚ ਅੰਗਰੇਜ਼ੀ ਵਿੱਚ ਪੁੱਛੇ ਗਏ ਸਵਾਲਾਂ ਦਾ ਜਵਾਬ ਨਾ ਦੇ ਸਕਿਆ ਤੇ ਲਾਇਸੈਂਸ ਸਸਪੈਂਡ ਹੋ ਗਿਆ। ਹੁਣ ਉਹ ਬੇਰੁਜ਼ਗਾਰ ਹੈ, ਪਰਿਵਾਰ ਨੂੰ ਪੈਸਾ ਨਹੀਂ ਭੇਜ ਸਕਦਾ। ਅਜਿਹੇ ਹਜ਼ਾਰਾਂ ਕੇਸ ਹਨ।

ਟਰੱਕਿੰਗ ਉਦਯੋਗ 'ਤੇ ਵੀ ਬੁਰਾ ਅਸਰ ਪਿਆ ਹੈ। ਅਮਰੀਕਾ ਵਿੱਚ ਪਹਿਲਾਂ ਹੀ ਡਰਾਈਵਰਾਂ ਦੀ ਘਾਟ ਹੈ। ਟਰੱਕਿੰਗ ਫ਼ਲੀਟ ਤੇ ਪਰਿਵਹਨ ਸੰਗਠਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਸਪਲਾਈ ਚੇਨ ਬੰਦ ਹੋ ਸਕਦੀ ਹੈ।

ਮਾਲ ਨਾ ਪਹੁੰਚਿਆ ਤਾਂ ਦੁਕਾਨਾਂ ਖਾਲੀ ਹੋ ਜਾਣਗੀਆਂ, ਕੀਮਤਾਂ ਵਧਣਗੀਆਂ। ਕੰਪਨੀਆਂ ਨੂੰ ਨਵੇਂ ਡਰਾਈਵਰ ਲੱਭਣੇ ਪੈਣਗੇ, ਟ੍ਰੇਨਿੰਗ ਦਾ ਖਰਚ ਵਧੇਗਾ ਤੇ ਡਰਾਈਵਰ ਟਰਨਓਵਰ ਵਧੇਗਾ। ਆਲੋਚਕਾਂ ਦਾ ਕਹਿਣਾ ਹੈ ਕਿ ਅੰਗਰੇਜ਼ੀ ਜਾਣਨਾ ਤੇ ਸੜਕ ਹਾਦਸੇ ਘਟਾਉਣ ਵਿੱਚ ਕੋਈ ਸਿੱਧਾ ਸਬੰਧ ਨਹੀਂ ਸਾਬਤ ਹੋਇਆ। ਬਹੁਤ ਸਾਰੇ ਅੰਗਰੇਜ਼ੀ ਬੋਲਣ ਵਾਲੇ ਡਰਾਈਵਰ ਵੀ ਹਾਦਸੇ ਕਰਦੇ ਹਨ, ਜਦਕਿ ਪੰਜਾਬੀ ਡਰਾਈਵਰਾਂ ਦਾ ਰਿਕਾਰਡ ਚੰਗਾ ਹੈ। ਫ਼ਿਰ ਵੀ ਰੈਗੂਲੇਟਰ ਇਸ ਨੂੰ ਸੁਰੱਖਿਆ ਦਾ ਬੁਨਿਆਦੀ ਹਿੱਸਾ ਮੰਨਦੇ ਹਨ।

ਵੀਜ਼ਾ ਤੇ ਲਾਇਸੈਂਸਿੰਗ ਨਿਯਮ ਵੀ ਸਖ਼ਤ ਹੋ ਗਏ ਹਨ। ਨਵੇਂ ਲੇਬਰ ਵੀਜ਼ਾ ਉਪਰ ਅਸਥਾਈ ਰੋਕ ਲੱਗੀ ਹੈ। ਟਰੰਪ ਸਰਕਾਰ ਵੱਲੋਂ ਰਾਜਾਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਨਿਯਮ ਸਖ਼ਤੀ ਨਾਲ ਲਾਗੂ ਕੀਤੇ ਜਾਣ। ਟਰੰਪ ਸਰਕਾਰ ਵੱਲੋਂ ਕੈਲੀਫ਼ੋਰਨੀਆ ਨੂੰ ਕਮਜ਼ੋਰ ਪਾਲਣਾ ਕਾਰਨ ਚਿੰਨ੍ਹਿਤ ਕੀਤਾ ਗਿਆ ਤੇ ਕਰੋੜਾਂ ਡਾਲਰ ਦੀ ਫ਼ੈਡਰਲ ਫ਼ੰਡਿੰਗ ਰੋਕਣ ਦੀ ਧਮਕੀ ਮਿਲੀ ਹੈ।

### ਅਮਰੀਕਾ ਨੇ ਅਜਿਹੇ ਫ਼ੈਸਲੇ ਕਿਉਂ ਲਏ?

ਅਮਰੀਕਾ ਸਰਕਾਰ ਦਾ ਮੁੱਖ ਮਕਸਦ ਸੜਕ ਸੁਰੱਖਿਆ ਹੈ। ਪਿਛਲੇ ਕੁਝ ਸਾਲਾਂ ਵਿੱਚ ਟਰੱਕ ਹਾਦਸੇ ਵਧੇ ਹਨ। ਕੁਝ ਹਾਦਸੇ ਅਪ੍ਰਵਾਸੀ ਡਰਾਈਵਰਾਂ ਨਾਲ ਜੁੜੇ, ਜਿੱਥੇ ਭਾਸ਼ਾ ਦੀ ਸਮੱਸਿਆ ਨੂੰ ਕਾਰਨ ਦੱਸਿਆ ਗਿਆ। ਇਹ ਨਿਯਮ ਪਹਿਲਾਂ ਵੀ ਸਨ, ਪਰ 2025 ਵਿੱਚ ਸਖ਼ਤੀ ਨਾਲ ਲਾਗੂ ਕੀਤੇ ਗਏ ਹਨ। ਰਾਜਾਂ ਬਾਰੇ ਆਡਿਟ ਪ੍ਰਕਿਰਿਆ ਚੱਲ ਰਹੀ ਹੈ। ਜੇਕਰ ਰਾਜ ਨਿਯਮ ਨਾ ਮੰਨਣ ਤਾਂ ਫ਼ੈਡਰਲ ਹਾਈਵੇ ਫ਼ੰਡਿੰਗ ਕੱਟੀ ਜਾਵੇਗੀ। ਇਹ ਫ਼ੈਸਲਾ ਰਾਸ਼ਟਰੀ ਸੁਰੱਖਿਆ ਤੇ ਆਰਥਿਕ ਸਥਿਰਤਾ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਪਰ ਆਲੋਚਕਾਂ ਨੂੰ ਲੱਗਦਾ ਹੈ ਕਿ ਇਹ ਅਪ੍ਰਵਾਸੀਆਂ ਵਿਰੋਧੀ ਨੀਤੀ ਹੈ, ਖਾਸ ਕਰ ਭਾਰਤੀਆਂ ਵਿਰੋਧੀ। ਅਮਰੀਕਾ ਵਿੱਚ ਡਰਾਈਵਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਅਪ੍ਰਵਾਸੀਆਂ ਨੂੰ ਬੁਲਾਇਆ ਜਾਂਦਾ ਹੈ, ਫ਼ਿਰ ਉਹਨਾਂ ਨੂੰ ਹੀ ਬਾਹਰ ਕਿਉਂ ਕੱਢਿਆ ਜਾ ਰਿਹਾ ਹੈ?

### ਪੰਜਾਬੀ ਡਰਾਈਵਰਾਂ ਕੋਲ ਕੀ ਹੈ ਹੱਲ?

ਪੰਜਾਬੀ ਡਰਾਈਵਰਾਂ ਲਈ ਹੱਲ ਸੰਭਵ ਹੈ, ਪਰ ਮਿਹਨਤ ਲੱਗੇਗੀ। ਪਹਿਲਾਂ ਤਾਂ ਅੰਗਰੇਜ਼ੀ ਸਿੱਖਣੀ ਪਵੇਗੀ। ਟਰੱਕਿੰਗ ਉਦਯੋਗ ਤੇ ਅਪ੍ਰਵਾਸੀ ਸੰਗਠਨਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਭਾਸ਼ਾ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕੀਤੇ ਜਾਣ। ਸਪੱਸ਼ਟ ਤੇ ਸਰਲ ਟ੍ਰੇਨਿੰਗ ਪ੍ਰਕਿਰਿਆ ਬਣਾਈ ਜਾਵੇ। ਸਿਸਟਮ ਪਾਰਦਰਸ਼ੀ ਤੇ ਗੈਰ-ਭੇਦਭਾਵੀ ਹੋਵੇ। ਡਰਾਈਵਰਾਂ ਨੂੰ ਸਿਰਫ਼ ਭਾਸ਼ਾ ਕਾਰਨ ਸੜਕ ਤੋਂ ਬਾਹਰ ਨਾ ਕੀਤਾ ਜਾਵੇ। ਪੰਜਾਬੀ ਭਾਈਚਾਰੇ ਨੇ ਆਪਣੇ ਪੱਧਰ ਤੇ ਵੀ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ।

ਅਮਰੀਕਾ ਵਿੱਚ ਪੰਜਾਬੀ ਗੁਰਦੁਆਰਿਆਂ ਤੇ ਕਮਿਊਨਿਟੀ ਸੈਂਟਰਾਂ ਵਿੱਚ ਅੰਗਰੇਜ਼ੀ ਕਲਾਸਾਂ ਚੱਲ ਰਹੀਆਂ ਹਨ। ਆਨਲਾਈਨ ਐਪਸ ਜਿਵੇਂ ਡੂਓਲਿੰਗੋ ਜਾਂ ਯੂਟਿਊਬ ਉਪਰ ਪੰਜਾਬੀ ਵਿੱਚ ਅੰਗਰੇਜ਼ੀ ਸਿੱਖਣ ਵਾਲੇ ਵੀਡੀਓ ਵਰਤੇ ਜਾ ਸਕਦੇ ਹਨ। ਕੁਝ ਕੰਪਨੀਆਂ ਆਪਣੇ ਡਰਾਈਵਰਾਂ ਨੂੰ ਅੰਗਰੇਜ਼ੀ ਸਿਖਾਉਣ ਲਈ ਪ੍ਰੋਗਰਾਮ ਚਲਾ ਰਹੀਆਂ ਹਨ। ਲਾਇਸੈਂਸ ਰੀਨਿਊ ਕਰਾਉਣ ਲਈ ਅੰਗਰੇਜ਼ੀ ਟੈਸਟ ਪਾਸ ਕਰਨਾ ਪਵੇਗਾ। ਫ਼ਿਲਹਾਲ, ਪੰਜਾਬੀ ਨੌਜਵਾਨਾਂ ਨੂੰ ਅੰਗਰੇਜ਼ੀ ਸਿੱਖ ਕੇ ਤਿਆਰ ਰਹਿਣਾ ਚਾਹੀਦਾ ਹੈ, ਤਾਂ ਜੋ ਅਮਰੀਕੀ ਸੜਕਾਂ ਤੇ ਉਹਨਾਂ ਦਾ ਟਰੱਕ ਫ਼ਿਰ ਤੋਂ ਦੌੜ ਸਕੇ।

# ਅਮਰੀਕਾ 'ਚ ਪਰਵਾਸੀ ਬਣਾਉਣ ਲੱਗੇ ਹੁਣ ਨਵੀਂ ਪਛਾਣ

ਨਿਊਯਾਰਕ/ਏ.ਟੀ.ਨਿਊਜ਼: ਭਾਰਤੀ-ਅਮਰੀਕੀ ਭਾਈਚਾਰੇ ਨੇ ਨਿਊਯਾਰਕ ਸ਼ਹਿਰ ਦੇ ਮੇਅਰ ਅਹੁਦੇ ਦੀ ਚੋਣ 'ਚ ਜ਼ੋਹਰਾਨ ਮਮਦਾਨੀ ਦੀ ਇਤਿਹਾਸਕ ਜਿੱਤ ਦਾ ਸਵਾਗਤ ਕਰਦਿਆਂ ਕਿਹਾ ਕਿ ਪਰਵਾਸੀ ਹੁਣ ਅਮਰੀਕਾ 'ਚ ਨਵੀਂ ਪਛਾਣ ਬਣਾ ਰਹੇ ਹਨ। ਨਿਊਯਾਰਕ 'ਚ ਵਿਦਿਅਕ ਅਤੇ ਸੱਭਿਆਚਾਰਕ ਜਥੇਬੰਦੀ 'ਦਿ ਕਲਚਰ ਟ੍ਰੀ' ਦੀ ਬਾਨੀ ਅਤੇ ਸੀ.ਈ.ਓ. ਅਨੂ ਸਹਿਗਲ ਨੇ ਮਮਦਾਨੀ ਦੀ ਜਿੱਤ 'ਤੇ ਕਿਹਾ ਕਿ ਇੰਝ ਮਹਿਸੂਸ ਹੋਇਆ ਜਿਵੇਂ ਨਵੇਂ ਯੁੱਗ ਦਾ ਪਹੁ ਫ਼ੁਟਾਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਮੂਲ ਦਾ ਪਹਿਲਾ ਮੇਅਰ ਮਿਲਣ ਮਗਰੋਂ ਸ਼ਹਿਰ ਦੀ ਪਛਾਣ, ਅਪਣੇਪਣ ਅਤੇ ਸੱਤਾ ਨੂੰ ਦੇਖਣ ਦੇ ਨਜ਼ਰੀਏ 'ਚ ਬਦਲਾਅ ਦਿਸ ਰਿਹਾ ਹੈ। ਉਨ੍ਹਾਂ ਕਿਹਾ, "ਮਮਦਾਨੀ ਦੇ ਭਾਸ਼ਣ 'ਚ ਨਹਿਰੂ ਦਾ ਜ਼ਿਕਰ ਅਤੇ ਫ਼ਿਲਮ 'ਧੂਮ' ਦੇ ਗੀਤ ਨਾਲ ਸਮਾਰੋਹ ਦੀ ਸਮਾਪਤੀ ਸਾਡੇ ਤਬਕੇ ਲਈ ਅਹਿਮੀਅਤ ਰੱਖਦਾ ਹੈ।" ਦੱਖਣ ਏਸ਼ਿਆਈ ਭਾਈਚਾਰੇ ਦੇ ਆਗੂ ਅਤੇ ਨਾਸਾਊ ਕਾਊਂਟੀ ਦੇ ਸਾਬਕਾ ਡਿਪਟੀ ਕੰਪਟਰੋਲਰ ਦਿਲੀਪ ਚੌਹਾਨ ਨੇ ਮਮਦਾਨੀ ਨੂੰ ਵਧਾਈ ਦਿੰਦਿਆਂ ਕਿਹਾ ਕਿ




ਉਨ੍ਹਾਂ ਨੂੰ ਖੁਸ਼ੀ ਹੋ ਰਹੀ ਹੈ ਕਿ ਇੱਕ ਦੱਖਣ ਏਸ਼ੀਆਈ-ਅਮਰੀਕੀ ਸ਼ਹਿਰ ਦੇ ਵਿਕਾਸ ਲਈ ਕੰਮ ਕਰਨ ਦਾ ਵਾਅਦਾ ਕਰ ਰਿਹਾ ਹੈ।

**ਟਰੰਪ ਨੇ ਮਮਦਾਨੀ ਦਾ ਮਖੌਲ ਉਡਾਇਆ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਿਊਯਾਰਕ ਸਿਟੀ ਦੇ ਨਵੇਂ ਚੁਣੇ ਗਏ ਮੇਅਰ ਜ਼ੋਹਰਾਨ ਮਮਦਾਨੀ ਦਾ ਮਖੌਲ ਉਡਾਉਂਦਿਆਂ ਉਨ੍ਹਾਂ ਦਾ ਨਾਮ ਨਹੀਂ ਲਿਆ ਅਤੇ ਨਾਮ ਭੁੱਲਣ ਦਾ ਦਿਖਾਵਾ ਕਰਦਿਆਂ ਕਿਹਾ 'ਜੋ ਵੀ ਉਨ੍ਹਾਂ ਦਾ ਨਾਮ ਹੈ।' ਸ੍ਰੀ ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਚੋਣਾਂ ਤੋਂ ਬਾਅਦ ਹੁਣ ਅਮਰੀਕੀ ਲੋਕਾਂ ਨੂੰ 'ਕਮਿਊਨਿਜ਼ਮ' ਅਤੇ 'ਕਾਮਨ ਸੈਂਸ' ਵਿੱਚੋਂ ਇੱਕ ਨੂੰ ਚੁਣਨਾ ਹੋਵੇਗਾ। ਮਿਆਮੀ 'ਚ ਅਮਰੀਕਾ ਬਿਜ਼ਨਸ ਫ਼ੋਰਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਉਹ ਦੂਜੀ ਵਾਰ ਰਾਸ਼ਟਰਪਤੀ ਚੁਣੇ ਗਏ ਸਨ ਤਾਂ ਲੋਕਾਂ ਨੇ ਆਪਣੀ ਖੁਦਮੁਖਤਾਰੀ ਬਹਾਲ ਕੀਤੀ ਸੀ ਪਰ ਪਿਛਲੇ ਦਿਨੀਂ ਮੇਅਰ ਚੋਣ ਨਾਲ ਉਸ ਦਾ ਕੁਝ ਹਿੱਸਾ ਗੁਆ ਦਿੱਤਾ ਹੈ, ਮਮਦਾਨੀ ਨੇ ਆਪਣਾ ਪਹਿਲਾ ਭਾਸ਼ਣ ਹੀ ਗੁੱਸੇ ਵਾਲਾ ਦਿੱਤਾ ਹੈ।

# ਸਿਹਤ ਸਮੱਸਿਆਵਾਂ ਵਾਲੇ ਪਰਵਾਸੀਆਂ ਨੂੰ ਹੁਣ ਅਮਰੀਕਾ ਵਿੱਚ ਨਹੀਂ ਮਿਲੇਗਾ ਦਾਖਲਾ : ਟਰੰਪ ਪ੍ਰਸ਼ਾਸਨ

ਨਿਊਯਾਰਕ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਨੇ ਦੁਨੀਆ ਭਰ ਦੇ ਅਮਰੀਕੀ ਕੌਂਸਲਰ ਦਫ਼ਤਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਅਮਰੀਕਾ ਵਿੱਚ ਦਾਖਲ ਹੋਣ ਅਤੇ ਰਹਿਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਨੂੰ ਅਯੋਗ ਸਮਝਣ, ਜੇ ਉਨ੍ਹਾਂ ਨੂੰ ਕੁਝ ਡਾਕਟਰੀ ਸਥਿਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਲੋਕ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦੇ ਹਨ।




ਕੇ.ਐੱਫ.ਐੱਫ. ਹੈਲਥ ਨਿਊਜ਼ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ ਰਹਿਣ ਲਈ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਵਿਦੇਸ਼ੀਆਂ ਨੂੰ ਜੇਕਰ ਉਨ੍ਹਾਂ ਨੂੰ ਕੁਝ ਡਾਕਟਰੀ ਸਥਿਤੀਆਂ ਹਨ ਤਾਂ ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ।

ਰਿਪੋਰਟ ਵਿੱਚ ਵਿਦੇਸ਼ ਵਿਭਾਗ ਵੱਲੋਂ ਦੂਤਾਵਾਸ ਅਤੇ ਕੌਂਸਲਰ ਅਧਿਕਾਰੀਆਂ ਨੂੰ ਭੇਜੀ ਗਈ ਇੱਕ ਕੇਬਲ ਵਿੱਚ ਜਾਰੀ ਕੀਤੇ ਗਏ ਇੱਕ ਮਾਰਗਦਰਸ਼ਨ ਦਾ ਹਵਾਲਾ ਦਿੱਤਾ ਗਿਆ ਹੈ।

ਕੇ.ਐਫ.ਐਫ. ਵੱਲੋਂ ਹਵਾਲਾ ਦਿੱਤੀ ਗਈ ਕੇਬਲ ਦੇ ਅਨੁਸਾਰ, ਤੁਹਾਨੂੰ ਬਿਨੈਕਾਰ ਦੀ ਸਿਹਤ 'ਤੇ ਵਿਚਾਰ ਕਰਨਾ ਚਾਹੀਦਾ ਹੈ। ਕੁਝ ਡਾਕਟਰੀ ਸਥਿਤੀਆਂ - ਜਿਨ੍ਹਾਂ ਵਿੱਚ ਕਾਰਡੀਓਵੈਸਕੁਲਰ ਰੋਗ, ਸਾਹ ਦੀਆਂ ਬਿਮਾਰੀਆਂ, ਕੈਂਸਰ, ਡਾਇਬੀਟੀਜ਼, ਮੈਟਾਬੋਲਿਕ ਰੋਗ, ਨਿਊਰੋਲੋਜੀਕਲ ਰੋਗ, ਅਤੇ ਮਾਨਸਿਕ ਸਿਹਤ ਸਥਿਤੀਆਂ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ - ਲਈ ਸੈਂਕੜੇ ਹਜ਼ਾਰਾਂ ਡਾਲਰਾਂ ਦੀ ਦੇਖਭਾਲ ਦੀ ਲੋੜ ਹੋ ਸਕਦੀ ਹੈ।

ਕੇਬਲ ਵੀਜ਼ਾ ਅਧਿਕਾਰੀਆਂ ਨੂੰ ਆਪਣੇ ਫੈਸਲੇ ਲੈਣ ਵਿੱਚ ਮੋਟਾਪੇ ਵਰਗੀਆਂ ਸਥਿਤੀਆਂ 'ਤੇ ਵਿਚਾਰ ਕਰਨ ਦੀ ਸਲਾਹ ਵੀ ਦਿੰਦੀ ਹੈ, ਇਹ ਨੋਟ ਕਰਦੇ ਹੋਏ ਕਿ ਇਹ ਸਥਿਤੀ ਦਮਾ, (ਬਾਕੀ ਸਫ਼ਾ 26 'ਤੇ)

# ਪੰਜਾਬ ਦੀ ਸਿਆਸਤ 'ਤੇ ਵੱਡਾ ਪ੍ਰਭਾਵ ਪਾਵੇਗਾ

# ਤਰਨ ਤਾਰਨ ਜ਼ਿਮਨੀ ਚੋਣ ਦਾ ਨਤੀਜਾ



## ਚੋਣ ਨਤੀਜੇ ਤੋਂ ਬਾਅਦ ਪੰਜਾਬ ਦੀ ਸਿਆਸਤ 'ਚ ਬਣ ਸਕਦੇ ਨੇ ਨਵੇਂ ਸਮੀਕਰਨ

**ਜਗਮੋਹਨ ਸਿੰਘ 'ਲੱਕੀ'**

ਤਰਨ ਤਾਰਨ ਜ਼ਿਮਨੀ ਚੋਣ ਲਈ ਲੰਘੇ ਦਿਨੀਂ ਵੋਟਰਾਂ ਨੇ ਭਾਰੀ ਉਤਸ਼ਾਹ ਨਾਲ ਵੋਟਾਂ ਪਾਈਆਂ ਹਨ ਅਤੇ ਇੱਥੇ 61 ਫ਼ੀਸਦੀ ਵੋਟਿੰਗ ਹੋਈ ਹੈ। ਇਸ ਜ਼ਿਮਨੀ ਚੋਣ ਵਿੱਚ 15 ਉਮੀਦਵਾਰ ਮੈਦਾਨ ਵਿੱਚ ਸਨ, ਜਿਹਨਾਂ ਦੀ ਕਿਸਮਤ ਮਸ਼ੀਨਾਂ ਵਿੱਚ ਕੈਦ ਹੋ ਗਈ ਹੈ। ਇਸ ਚੋਣ ਵਿੱਚ ਮੁੱਖ ਮੁਕਾਬਲਾ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਉਮੀਦਵਾਰ ਮਨਦੀਪ ਸਿੰਘ, ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ, ਅਕਾਲੀ ਦਲ ਬਾਦਲ ਦੇ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ, ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ ਅਤੇ ਭਾਜਪਾ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਵਿਚਾਲੇ ਹੀ ਵੇਖਿਆ ਗਿਆ। ਇਹਨਾਂ ਹੀ ਮੁੱਖ ਉਮੀਦਵਾਰਾਂ ਦੇ ਬੂਥ ਵੱਖ ਵੱਖ ਪੋਲਿੰਗ ਕੇਂਦਰਾਂ ਦੇ ਬਾਹਰ ਵੇਖੇ ਗਏ। ਇਹ ਸੀਟ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਕਸ਼ਮੀਰ ਸਿੰਘ ਸੋਹਲ ਦੀ ਮੌਤ ਹੋਣ ਕਾਰਨ ਖਾਲੀ ਹੋਈ ਸੀ, ਜੋ ਕਿ ਆਪਣੀ ਚੋਣ ਵਿੱਚ 13 ਹਜ਼ਾਰ ਵੋਟਾਂ ਦੇ ਵੱਡੇ ਫ਼ਰਕ ਨਾਲ ਜੇਤੂ ਰਹੇ ਸਨ। ਇਸੇ ਕਾਰਨ ਆਮ ਆਦਮੀ ਪਾਰਟੀ ਨੂੰ ਇਸ ਵਾਰ ਵੀ ਉਮੀਦ ਹੈ ਕਿ ਉਸ ਦਾ ਉਮੀਦਵਾਰ ਹਜ਼ਾਰਾਂ ਵੋਟਾਂ ਦੇ ਫ਼ਰਕ ਨਾਲ ਇਹ ਚੋਣ ਜਿੱਤੇਗਾ। ਆਮ ਆਦਮੀ ਪਾਰਟੀ ਲਈ ਇਹ ਚੋਣ ਵਕਾਰ ਦਾ ਸਵਾਲ ਬਣੀ ਹੋਈ ਹੈ, ਜਿਸ ਕਾਰਨ ਪੂਰੀ 'ਆਪ' ਸਰਕਾਰ ਇਸ ਚੋਣ ਹਲਕੇ ਵਿੱਚ ਸਰਗਰਮ ਰਹੀ। ਅਕਾਲੀ ਦਲ ਬਾਦਲ ਲਈ ਵੀ ਇਹ ਚੋਣ ਵਕਾਰ ਦਾ ਸਵਾਲ ਬਣੀ ਰਹੀ, ਇਸੇ ਕਾਰਨ ਇਸ ਚੋਣ ਦੌਰਾਨ ਵੋਟਾਂ ਪੈਣ ਤੱਕ ਅਕਾਲੀ ਦਲ ਬਾਦਲ ਵੱਲੋਂ ਆਪਣੀ ਪੂਰੀ ਤਾਕਤ ਝੋਕ ਦਿੱਤੀ ਗਈ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਸਾਂਸਦ ਹਰਸਿਮਰਤ ਕੌਰ ਬਾਦਲ ਲਗਾਤਾਰ ਇਸ ਹਲਕੇ ਵਿੱਚ ਸਰਗਰਮ ਰਹੇ ਅਤੇ



ਵੋਟਰਾਂ ਨੂੰ ਲਾਮਬੰਦ ਕਰਦੇ ਰਹੇ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਵੀ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਲਗਾਤਾਰ ਚੋਣ ਪ੍ਰਚਾਰ ਕਰਦੇ ਰਹੇ ਭਾਵੇਂ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਬਿਆਨ ਵਿਵਾਦ ਵੀ ਪੈਦਾ ਕਰਦੇ ਰਹੇ। ਭਾਜਪਾ ਵੱਲੋਂ ਵੀ ਆਪਣੇ ਉਮੀਦਵਾਰ ਦੇ ਹੱਕ ਵਿੱਚ ਵੱਡੀਆਂ ਸਰਗਰਮੀਆਂ ਕੀਤੀਆਂ ਗਈਆਂ। ਵਾਰਿਸ ਪੰਜਾਬ ਦੇ ਜਥੇਬੰਦੀ ਦੇ ਉਮੀਦਵਾਰ ਭਾਈ ਮਨਦੀਪ ਸਿੰਘ ਵੱਲੋਂ ਵੀ ਇਸ ਚੋਣ ਦੌਰਾਨ ਲਗਾਤਾਰ ਪ੍ਰਚਾਰ ਕੀਤਾ ਗਿਆ। ਉਹਨਾਂ ਨੂੰ ਜੇਲ੍ਹ ਵਿਚ ਬੰਦ ਭਾਈ ਸੰਦੀਪ ਸਿੰਘ ਦਾ ਭਰਾ ਹੋਣ ਦਾ ਲਾਭ ਵੀ ਇਸ ਚੋਣ ਵਿੱਚ ਮਿਲਣ ਦੀ ਸੰਭਾਵਨਾ ਹੋ ਸਕਦੀ ਹੈ। ਉਹਨਾਂ ਵੱਲੋਂ ਚੋਣ ਪ੍ਰਚਾਰ ਦੌਰਾਨ ਵੋਟਰਾਂ ਅੱਗੇ ਵਾਰ ਵਾਰ ਆਪਣੇ ਭਰਾ ਸੰਦੀਪ ਸਿੰਘ ਦੀ ਕੁਰਬਾਨੀ ਦਾ ਜ਼ਿਕਰ ਕੀਤਾ ਗਿਆ।

ਤਰਨ ਤਾਰਨ ਵਿਧਾਨ ਸਭਾ ਹਲਕੇ ਨੂੰ ਆਮ ਤੌਰ 'ਤੇ ਪੰਥਕ ਹਲਕਾ ਮੰਨਿਆ ਜਾਂਦਾ ਹੈ ਪਰ ਇਸ ਦੇ ਬਾਵਜੂਦ ਇਸ ਹਲਕੇ ਦੇ ਲੋਕਾਂ ਨੇ ਧਰਮ ਜਾਂ ਜਾਤੀ ਦੇ ਆਧਾਰ ਤੇ ਵੋਟਾਂ ਨਹੀਂ ਪਾਈਆਂ। ਇਸ ਵਾਰ ਵੀ ਇਸ ਹਲਕੇ ਦੇ ਵੋਟਰਾਂ ਨੇ ਜਿਸ ਤਰੀਕੇ ਨਾਲ ਉਤਸ਼ਾਹ ਨਾਲ ਵੋਟਾਂ ਪਾਈਆਂ ਹਨ, ਉਸ ਤੋਂ ਪਤਾ ਚਲਦਾ ਹੈ ਕਿ ਉਹ ਆਪਣਾ ਫ਼ੈਸਲਾ ਸੁਣਾਉਣ ਲਈ ਦ੍ਰਿੜ ਸੰਕਲਪ ਹਨ। ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਕਿ ਸਾਰੀਆਂ ਧਿਰਾਂ ਨੇ ਹੀ ਇਸ ਚੋਣ ਨੂੰ ਆਪਣੇ ਵਕਾਰ ਦਾ ਸਵਾਲ ਬਣਾ ਲਿਆ ਸੀ। ਇਹ ਚੋਣ ਜਿੱਥੇ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਹੁਣ ਤੱਕ ਦੀ ਕਾਰਗੁਜਾਰੀ ਦਾ ਫ਼ੈਸਲਾ ਕਰੇਗੀ, ਉਥੇ ਇਸ ਚੋਣ ਰਾਹੀਂ ਅਕਾਲੀ ਦਲਾਂ ਦੀ ਕਾਰਗੁਜਾਰੀ ਬਾਰੇ ਵੀ ਪਤਾ ਚਲ ਜਾਵੇਗਾ ਕਿ ਲੋਕ ਕਿਸ ਅਕਾਲੀ ਦਲ ਨੂੰ ਹੁੰਗਾਰਾ ਭਰਦੇ ਹਨ। ਇਸ ਸਮੇਂ ਸਾਰੇ ਅਕਾਲੀ ਗਰੁਪ ਆਪਣੇ ਆਪ ਨੂੰ ਅਸਲੀ ਅਕਾਲੀ ਦਲ ਕਹਿ ਰਹੇ ਹਨ ਪਰ ਜਿਸ ਅਕਾਲੀ ਉਮੀਦਵਾਰ ਨੂੰ ਵਧੇਰੇ ਵੋਟਾਂ ਪੈ ਜਾਣਗੀਆਂ, ਉਸ ਅਕਾਲੀ ਦਲ ਦੀ ਸਥਿਤੀ ਮਜਬੂਤ ਹੋਵੇਗੀ। ਇਸ ਚੋਣ ਦੇ ਨਤੀਜੇ ਤੋਂ ਕਾਂਗਰਸ ਅਤੇ ਭਾਜਪਾ ਦੀ ਕਾਰਗੁਜਾਰੀ ਦਾ ਪਤਾ ਚੱਲ ਜਾਵੇਗਾ ਕਿ ਪੰਜਾਬ ਦੇ ਵੋਟਰ ਇਹਨਾਂ ਦੋਵਾਂ ਪਾਰਟੀਆਂ ਨੂੰ ਕਿੰਨਾ ਕੁ ਹੁੰਗਾਰਾ ਭਰਦੇ ਹਨ।

ਇਸ ਜ਼ਿਮਨੀ ਚੋਣ ਨੂੰ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਸੈਮੀਫ਼ਾਈਨਲ ਸਮਝਿਆ ਗਿਆ, ਕਿਉਂਕਿ ਇਸ ਜ਼ਿਮਨੀ ਚੋਣ ਦਾ ਨਤੀਜਾ ਅਗਲੀਆਂ ਵਿਧਾਨ ਸਭਾ ਚੋਣਾਂ 'ਤੇ ਵੀ ਕੁਝ ਹੱਦ ਤੱਕ ਪ੍ਰਭਾਵ ਪਾਵੇਗਾ। ਤਰਨ ਤਾਰਨ ਜ਼ਿਮਨੀ ਚੋਣ ਦਾ ਨਤੀਜਾ ਜੋ ਮਰਜ਼ੀ ਹੋਵੇ, ਪਰ ਉਸ ਦਾ ਪੰਜਾਬ ਦੀ ਸਿਆਸਤ 'ਤੇ ਤੁਰੰਤ ਵੱਡਾ ਪ੍ਰਭਾਵ ਪਵੇਗਾ। ਜਿਸ ਸਿਆਸੀ ਪਾਰਟੀ ਦੇ ਉਮੀਦਵਾਰ ਦੀ ਇਸ ਚੋਣ ਵਿੱਚ ਜਿੱਤ ਹੋਵੇਗੀ, ਉਸ ਪਾਰਟੀ ਦਾ ਰੁਤਬਾ ਪੰਜਾਬ ਦੀ ਸਿਆਸਤ ਵਿੱਚ ਉੱਚਾ ਹੋਵੇਗਾ।

# ਬਰਤਾਨਵੀ ਖ਼ੁਫ਼ੀਆ ਦਸਤਾਵੇਜ਼ਾਂ 'ਚ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋਣ ਦਾ ਦਾਅਵਾ

## ਬ੍ਰਿਟੇਨ ਨੇ ਕੈਨੇਡਾ ਨੂੰ ਦਿੱਤੀ ਭਾਈ ਨਿੱਝਰ ਦੀ ਹੱਤਿਆ ਬਾਰੇ ਗੁਪਤ ਜਾਣਕਾਰੀ

## ਫ਼ਾਈਵ ਆਈਜ਼ ਨੇ ਭਾਰਤ ਨੂੰ ਘੇਰਿਆ, ਰਿਸ਼ਤਿਆਂ ਵਿੱਚ ਤਣਾਅ ਜਾਰੀ !

ਭਾਈ ਹਰਦੀਪ ਸਿੰਘ ਨਿੱਝਰ ਦੀ ਜੂਨ 2023 ਵਿੱਚ ਹੋਈ ਹੱਤਿਆ ਨੇ ਭਾਰਤ ਅਤੇ ਪੱਛਮੀ ਦੇਸ਼ਾਂ ਵਿਚਕਾਰ ਦਰਾੜ ਪੈਦਾ ਕਰ ਦਿੱਤੀ ਸੀ। ਹੁਣੇ ਜਿਹੇ ਇੱਕ ਨਵੀਂ ਡਾਕੂਮੈਂਟਰੀ ਵਿੱਚ ਖੁਲਾਸਾ ਹੋਇਆ ਹੈ ਕਿ ਬ੍ਰਿਟੇਨ ਦੀ ਖ਼ੁਫ਼ੀਆ ਏਜੰਸੀ ਜੀ.ਸੀ.ਐੱਚ.ਕਿਊ. (ਗਵਰਨਮੈਂਟ ਕਮਿਊਨੀਕੇਸ਼ਨਜ਼ ਹੈੱਡਕੁਆਰਟਰਜ਼) ਨੇ ਫ਼ੋਨ ਕਾਲਾਂ ਨੂੰ ਗੁਪਤ ਤੌਰ ਉੱਪਰ ਰਿਕਾਰਡ ਕਰਕੇ ਕੈਨੇਡੀਆਈ ਅਧਿਕਾਰੀਆਂ ਨੂੰ ਭਾਰਤ ਨਾਲ ਜੁੜੇ ਕਥਿਤ ਸਬੰਧਾਂ ਬਾਰੇ ਜਾਣਕਾਰੀ ਦਿੱਤੀ ਸੀ। ਇਹ ਜਾਣਕਾਰੀ ਜੁਲਾਈ 2023 ਦੇ ਅੰਤ ਵਿੱਚ ਸਾਂਝੀ ਕੀਤੀ ਗਈ ਸੀ, ਜੋ ਭਾਈ ਨਿੱਝਰ ਦੀ ਹੱਤਿਆ ਬਾਰੇ ਮਾਮਲੇ ਦੀ ਤਫ਼ਤੀਸ਼ ਵਿੱਚ ਇੱਕ ਵੱਡਾ ਟਰਨਿੰਗ ਪੁਆਇੰਟ ਸਾਬਿਤ ਹੋਈ। ਬਲੂਮਬਰਗ ਓਰਿਜਨਲਜ਼ ਦੀ ਡਾਕੂਮੈਂਟਰੀ 'ਇਨਸਾਈਡ ਦਿ ਡੈੱਥਸ ਐਟ ਰੌਕਡ ਇੰਡੀਆਜ਼ ਰਿਲੇਸ਼ਨਜ਼ ਵਿਦ ? ਦਿ ਵੈਸਟ' ਵਿੱਚ ਦੱਸਿਆ ਗਿਆ ਹੈ ਕਿ ਇਹ ਖ਼ੁਫ਼ੀਆ ਜਾਣਕਾਰੀ ਫ਼ਾਈਵ ਆਈਜ਼ ਗਠਜੋੜ (ਬ੍ਰਿਟੇਨ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ) ਅਧੀਨ ਸਾਂਝੀ ਕੀਤੀ ਗਈ ਸੀ।

ਭਾਈ ਹਰਦੀਪ ਸਿੰਘ ਨਿੱਝਰ ਇੱਕ ਪ੍ਰਮੁੱਖ ਸਿੱਖ ਵਿਚਾਰਕ ਅਤੇ ਖਾਲਿਸਤਾਨ ਅੰਦੋਲਨ ਦਾ ਸਮਰਥਕ ਸੀ, ਜਿਸ ਨੂੰ ਭਾਰਤ ਸਰਕਾਰ ਨੇ 2020 ਵਿੱਚ ਖਾੜਕੂ ਐਲਾਨਿਆ ਸੀ। ਉਹ ਕੈਨੇਡਾ ਵਿੱਚ ਰਹਿੰਦਾ ਸੀ ਅਤੇ ਉਸ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਉਸ ਦੀ ਹੱਤਿਆ ਤੋਂ ਬਾਅਦ ਕੈਨੇਡੀਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਭਾਰਤੀ ਅਧਿਕਾਰੀਆਂ 'ਤੇ ਇਲਜ਼ਾਮ ਲਗਾਏ ਸਨ, ਜਿਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਡਿਪਲੋਮੈਟਿਕ ਤਕਰਾਰ ਹੋ ਗਿਆ ਸੀ। ਇਸ ਡਾਕੂਮੈਂਟਰੀ ਵਿੱਚ ਦੱਸਿਆ ਗਿਆ ਹੈ ਕਿ ਬ੍ਰਿਟਿਸ਼ ਖ਼ੁਫ਼ੀਆ ਏਜੰਸੀ ਨੇ ਕੁਝ ਭਾਰਤੀ ਏਜੰਟਾਂ ਵਿਚਕਾਰ ਹੋਈਆਂ ਗੱਲਬਾਤਾਂ ਨੂੰ ਚੋਰੀ-ਚੋਰੀ ਸੁਣਿਆ, ਜਿਨ੍ਹਾਂ ਵਿੱਚ ਤਿੰਨ ਨਿਸ਼ਾਨਿਆਂ ਬਾਰੇ ਚਰਚਾ ਹੋ ਰਹੀ ਸੀ – ਨਿੱਝਰ, ਬ੍ਰਿਟੇਨ ਦੇ ਅਵਤਾਰ ਸਿੰਘ ਖੰਡਾ ਅਤੇ ਅਮਰੀਕਾ ਦੇ ਗੁਰਪਤਵੰਤ ਸਿੰਘ ਪੰਨੂੰ। ਬਾਅਦ ਵਿੱਚ ਇੱਕ ਕਾਲ ਵਿੱਚ ਭਾਈ ਨਿੱਝਰ ਨੂੰ 'ਸਫ਼ਲਤਾਪੂਰਵਕ ਖਤਮ' ਕਰਨ ਬਾਰੇ ਗੱਲ ਕੀਤੀ ਗਈ ਸੀ।

ਡਾਕੂਮੈਂਟਰੀ ਅਨੁਸਾਰ, ਇਹ ਫ਼ੋਨ ਕਾਲਾਂ 2023 ਦੇ ਸ਼ੁਰੂ ਵਿੱਚ ਹੋਈਆਂ ਸਨ, ਜਦੋਂ ਭਾਈ ਨਿੱਝਰ ਦੀ ਹੱਤਿਆ ਹੋਈ ਵੀ ਨਹੀਂ ਸੀ। ਜੀ.ਸੀ.ਐੱਚ.ਕਿਊ. ਨੇ ਇਹਨਾਂ ਨੂੰ ਗੁਪਤ ਢੰਗ ਨਾਲ ਰਿਕਾਰਡ ਕੀਤਾ, ਜਿਸਦਾ ਅਰਥ ਹੈ ਬਿਨਾਂ ਇਜਾਜ਼ਤ ਗੱਲਬਾਤ ਨੂੰ ਰਿਕਾਰਡ ਕਰਨਾ। ਵਿਸ਼ਲੇਸ਼ਕਾਂ ਨੇ ਮੰਨਿਆ ਕਿ ਗੱਲ ਕਰ ਰਹੇ ਵਿਅਕਤੀ ਭਾਰਤ ਸਰਕਾਰ ਲਈ ਕੰਮ ਕਰ ਰਹੇ ਸਨ। ਇਹਨਾਂ ਵਿੱਚ ਤਿੰਨ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ 'ਤੇ ਚਰਚਾ ਹੋਈ ਸੀ – ਨਿੱਝਰ (ਕੈਨੇਡਾ ਵਿੱਚ), ਖੰਡਾ (ਬ੍ਰਿਟੇਨ ਵਿੱਚ) ਅਤੇ ਪੰਨੂੰ (ਅਮਰੀਕਾ ਵਿੱਚ)। ਭਾਈ ਖੰਡਾ ਦੀ



ਬਲੱਡ ਕੈਂਸਰ ਕਾਰਨ ਜੂਨ 2023 ਵਿੱਚ ਬਰਮਿੰਘਮ ਦੇ ਹਸਪਤਾਲ ਵਿੱਚ ਮੌਤ ਆ ਗਈ ਸੀ, ਪਰ ਬ੍ਰਿਟਿਸ਼ ਅਧਿਕਾਰੀਆਂ ਨੇ ਕਿਹਾ ਸੀ ਕਿ ਇਹ ਸ਼ੱਕੀ ਹਾਲਤ ਵਿੱਚ ਹੋਈ ਮੌਤ ਨਹੀਂ। ਜਦ ਕਿ ਖਾਲਿਸਤਾਨੀਆਂ ਨੇ ਇਸ ਨੂੰ ਕਤਲ ਦਸਿਆ ਸੀ। ਪੰਨੂੰ ਅੱਜ ਵੀ ਅਮਰੀਕਾ ਵਿੱਚ ਰਹਿੰਦਾ ਹੈ ਅਤੇ ਉਸ ਨੇ ਡਾਕੂਮੈਂਟਰੀ ਵਿੱਚ ਕਿਹਾ ਕਿ ਉਸ ਦੀ ਆਪਣੀ ਜਾਨ ਨੂੰ ਖਤਰਾ ਹੈ ਅਤੇ ਹਮੇਸ਼ਾ ਬਾਡੀਗਾਰਡਾਂ ਨਾਲ ਘੁੰਮਦਾ ਹੈ।

ਇਹ ਖੁਲਾਸਾ ਕੈਨੇਡੀਆਈ ਤਫ਼ਤੀਸ਼ ਲਈ ਬਹੁਤ ਮਹੱਤਵਪੂਰਨ ਸੀ। ਗਲੋਬਲ ਨਿਊਜ਼ ਨੇ ਇਸ ਨੂੰ ਕਨਫ਼ਰਮ ਕੀਤਾ ਹੈ ਕਿ ਬ੍ਰਿਟੇਨ ਦੀ ਏਜੰਸੀ ਜੀ.ਸੀ.ਐੱਚ.ਕਿਊ. ਨੇ ਭਾਰਤੀ ਅਧਿਕਾਰੀਆਂ ਨੂੰ ਭਾਈ ਨਿੱਝਰ ਹੱਤਿਆ ਨਾਲ ਜੋੜਿਆ ਹੈ। ਇਸ ਵਿੱਚ ਭਾਰਤੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਵੀ ਨਾਂ ਲਿਆ ਗਿਆ ਸੀ, ਜੋ ਭਾਰਤ ਦੇ ਗ੍ਰਹਿ ਮੰਤਰੀ ਹਨ। ਕੈਨੇਡੀਆਈ ਖ਼ੁਫ਼ੀਆ ਏਜੰਸੀ ਨੇ ਆਪਣੇ ਤਰੀਕੇ ਨਾਲ ਵੀ ਇਹ ਜਾਣਕਾਰੀ ਵੈਰੀਫ਼ਾਈ ਕੀਤੀ।

ਭਾਈ ਨਿੱਝਰ ਦੀ ਹੱਤਿਆ 18 ਜੂਨ 2023 ਨੂੰ ਹੋਈ ਸੀ। ਇਸ ਤੋਂ ਬਾਅਦ ਜੁਲਾਈ 2023 ਵਿੱਚ, ਜਦੋਂ ਕੈਨੇਡੀਆਈ ਅਧਿਕਾਰੀਆਂ ਨੂੰ ਪੀ.ਐੱਮ. ਟਰੂਡੋ ਦੇ ਸਲਾਹਕਾਰਾਂ ਨੇ ਨਵੀਂ ਰਿਪੋਰਟ ਮੰਗੀ ਸੀ, ਤਾਂ ਬ੍ਰਿਟੇਨ ਨੇ ਇਹ ਜਾਣਕਾਰੀ ਸਾਂਝੀ ਕੀਤੀ। ਇਹ ਫ਼ਾਈਵ ਆਈਜ਼ ਗਠਜੋੜ ਅਧੀਨ ਹੋਈ, ਜੋ ਖ਼ੁਫ਼ੀਆ ਜਾਣਕਾਰੀ ਸਾਂਝੇ ਕਰਨ ਲਈ ਹੈ। ਬ੍ਰਿਟੇਨ ਨੇ ਕੈਨੇਡਾ ਨੂੰ ਚਿਤਾਵਨੀ ਦਿੱਤੀ ਕਿ ਭਾਰਤੀ ਏਜੰਟ ਹੋਰ ਸਿੱਖ ਵਿਚਾਰਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਹ ਜਾਣਕਾਰੀ ਨਿੱਝਰ ਹੱਤਿਆ ਦੀ ਤਫ਼ਤੀਸ਼ ਵਿੱਚ ਅਹਿਮ ਖੋਜ ਸਾਬਿਤ ਹੋਈ, ਜਿਸ ਨਾਲ ਕੈਨੇਡਾ ਨੇ ਭਾਰਤ 'ਤੇ ਇਲਜ਼ਾਮ ਲਗਾਏ ਸਨ। ਡਾਕੂਮੈਂਟਰੀ ਵਿੱਚ ਕਿਹਾ ਗਿਆ ਹੈ ਕਿ ਇਹ ਜਾਣਕਾਰੀ ਬਹੁਤ ਗੁਪਤ ਸੀ, ਇਸ ਲਈ ਇਸ ਨੂੰ ਲੰਡਨ ਤੋਂ ਓਟਾਵਾ ਭੇਜਿਆ ਗਿਆ। ਕੋਈ ਇਲੈਕਟ੍ਰਾਨਿਕ ਸਿਸਟਮ ਵਰਤਿਆ ਨਹੀਂ ਗਿਆ।

ਇਸ ਖੁਲਾਸੇ ਨੇ ਅੰਤਰਰਾਸ਼ਟਰੀ ਮੀਡੀਆ ਵਿੱਚ ਹਲਚਲ ਮਚਾ ਦਿੱਤੀ ਹੈ। ਬ੍ਰਿਟੇਨ ਅਤੇ ਭਾਰਤ ਵਿੱਚ ਛਪਣ ਵਾਲੀਆਂ ਅਖਬਾਰਾਂ ਨੇ ਇਸ ਨੂੰ ਵਿਸਥਾਰ ਨਾਲ ਕਵਰ ਕੀਤਾ ਹੈ।

ਕੈਨੇਡਾ ਦੀ ਗਲੋਬਲ ਨਿਊਜ਼ ਨੇ ਇੱਕ ਵਿਸਥਾਰ ਵਾਲੀ ਰਿਪੋਰਟ ਵਿੱਚ ਕਿਹਾ ਕਿ ਬ੍ਰਿਟਿਸ਼ ਵਾਇਰਟੈਪਸ ਨੇ ਭਾਰਤ ਨੂੰ ਨਿੱਝਰ ਹੱਤਿਆ ਨਾਲ ਜੋੜਿਆ ਅਤੇ ਇਹ ਫ਼ਾਈਵ ਆਈਜ਼ ਦੀ ਤਾਕਤ ਨੂੰ ਦਰਸਾਉਂਦਾ ਹੈ। ਉਹਨਾਂ ਨੇ ਕਿਹਾ, 'ਇਹ ਰਿਕਾਰਡਿੰਗ 'ਮਜਬੂਤ ਸਬੂਤ' ਹਨ ਅਤੇ ਕੈਨੇਡਾ ਨੇ ਆਪਣੇ ਤਰੀਕੇ ਨਾਲ ਵੀ ਕਨਫ਼ਰਮ ਕੀਤਾ ਹੈ।' ਰਾਇਲ ਕੈਨੇਡੀਆਈ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਚਾਰ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜੋ ਲੌਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਸਨ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਕਿਹਾ ਕਿ ਭਾਰਤ ਨਾਲ ਰਿਸ਼ਤੇ ਬਣਾਉਣਾ ਸਿੱਖਾਂ ਨਾਲ ਧੋਖਾ ਹੈ। ਸਿੱਖ ਫ਼ੈਡਰੇਸ਼ਨ ਯੂ.ਕੇ. ਨੇ ਬ੍ਰਿਟਿਸ਼ ਸੁਰੱਖਿਆ ਮੰਤਰੀ ਡੈਨ ਜਾਰਵਿਸ ਨੂੰ ਚਿੱਠੀ ਲਿਖੀ ਕਿ ਜੁਲਾਈ 2023 ਦੀ ਇਹ ਜਾਣਕਾਰੀ ਕਿਉਂ ਨਹੀਂ ਸਾਂਝੀ ਕੀਤੀ ਗਈ, ਜਦੋਂ ਸਿੱਖ ਐੱਮ.ਪੀਜ਼ ਨੇ ਭਾਈ ਖੰਡਾ ਦੀ ਮੌਤ ਬਾਰੇ ਪੁੱਛਿਆ। ਉਹਨਾਂ ਨੇ ਖੰਡਾ ਦੀ ਮੌਤ ਨੂੰ 'ਰਹੱਸਮਈ' ਕਿਹਾ ਅਤੇ ਡਰ ਪ੍ਰਗਟ ਕੀਤਾ ਕਿ ਉਹ ਵੀ ਨਿਸ਼ਾਨਾ ਬਣਿਆ ਹੋ ਸਕਦਾ ਹੈ। ਗਲੋਬਲ ਨਿਊਜ਼ ਅਨੁਸਾਰ, ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਕਿਹਾ, 'ਭਾਰਤ ਨਾਲ ਰਿਸ਼ਤੇ ਬਣਾਉਣਾ ਸਿੱਖਾਂ ਅਤੇ ਕੈਨੇਡਾ ਦੀ ਸਾਵਰੇਨਟੀ ਦਾ ਧੋਖਾ ਹੈ।' ਭਾਰਤ ਨੇ ਇਹਨਾਂ ਇਲਜ਼ਾਮਾਂ ਨੂੰ 'ਬੇਬੁਨਿਆਦ' ਕਿਹਾ ਹੈ। ਭਾਰਤੀ ਵਿਦੇਸ਼ ਮੰਤਰੀ ਨੇ ਕਿਹਾ ਕਿ ਇਹ ਰਾਜਨੀਤਿਕ ਖੇਡ ਹੈ। ਪਰ ਡਾਕੂਮੈਂਟਰੀ ਨੇ ਇਹ ਸਪੱਸ਼ਟ ਕੀਤਾ ਕਿ ਇਹ ਖ਼ੁਫ਼ੀਆ ਜਾਣਕਾਰੀ 'ਸਟ੍ਰੌਂਗ ਐਵੀਡੈਂਸ' ਹੈ।

(ਬਾਕੀ ਸਫ਼ਾ 26 'ਤੇ)

# ਖ਼ਾਲਸਾ ਪੰਥ ਦੀ ਚੜ੍ਹਦੀਕਲਾ 'ਚ ਇੱਕ ਨਵਾਂ ਸੂਰਜ ਉੱਗਿਆ

## ਕਨੈਕਟੀਕਟ ਦੇ ਨੌਰਵਿਚ ਨਗਰ ਵਿੱਚ ਸਵਰਨਜੀਤ ਸਿੰਘ ਖ਼ਾਲਸਾ ਪਹਿਲੇ ਸਿੱਖ ਮੇਅਰ ਬਣੇ



ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916









ਸਵਰਨਜੀਤ ਸਿੰਘ ਖਾਲਸਾ ਦੀ ਨੌਰਵਿਚ ਨਗਰ ਵਿੱਚ ਮੇਅਰ ਵਜੋਂ ਜਿੱਤ ਨਾ ਸਿਰਫ਼ ਇੱਕ ਸ਼ਹਿਰ ਦੀ, ਸਗੋਂ ਪੂਰੇ ਪੰਥ ਤੇ ਪੰਜਾਬ ਲਈ ਰੌਸ਼ਨੀ ਬਣ ਗਈ ਕਿ ਸਿੱਖ ਕਿਰਦਾਰ ਸਦਕਾ ਲੋਕਾਂ ਨੂੰ ਜਿਤਿਆ ਜਾ ਸਕਦਾ ਜੋ ਸਤਿਗੁਰੂ ਦਾ ਉਪਦੇਸ਼ ਹੈ।

**ਨੌਰਵਿਚ ਦੀ ਰਾਤ ਚਮਕ ਉੱਠੀ**

ਰਾਤ ਦੇ ਬਾਰ੍ਹਾਂ ਵਜੇ, ਜਦੋਂ ਲਾ ਸਟੈਲਾ ਪਿੱਜ਼ੇਰੀਆ ਤੋਂ ਡੈਮੋਕਰੈਟਸ ਦਾ ਜ਼ੋਰਦਾਰ ਹੁੰਗਾਰਾ ਉੱਠਿਆ, ਤਾਂ ਸਵਰਨਜੀਤ ਸਿੰਘ ਖ਼ਾਲਸਾ ਆਪਣੇ ਸਾਥੀਆਂ ਨਾਲ ਸੜਕ ਪਾਰ ਕਰਕੇ ਨੌਰਵਿਚ ਸਿਟੀ ਹਾਲ ਦੇ ਅਹਾਤੇ ਵਿੱਚ ਪਹੁੰਚੇ। ਉੱਥੇ ਠੰਡੀ ਹਵਾ ਵਿੱਚ ਵੀ ਜਿੱਤ ਦੀ ਗਰਮੀ ਸੀ। 2458 ਵੋਟਾਂ ਨਾਲ ਸਵਰਨਜੀਤ ਸਿੰਘ ਖਾਲਸਾ ਟਰੇਸੀ ਗੋਲਡ ਨੂੰ ਹਰਾ ਕੇ ਇਹ ਸੀਟ ਹਾਸਲ ਕੀਤੀ। ਨਾਰਵਿਚ ਵਿੱਚ ਸਿਰਫ਼ 10 ਸਿੱਖ ਪਰਿਵਾਰ ਹੀ ਰਹਿੰਦੇ ਹਨ, ਫ਼ਿਰ ਵੀ ਸਵਰਨਜੀਤ ਨੇ ਆਪਣੀ ਮਿਹਨਤ ਅਤੇ ਸਿੱਖ ਪਛਾਣ ਨੂੰ ਸਤਿਕਾਰ ਦੇਣ ਵਾਲੀ ਮੁਹਿੰਮ ਨਾਲ ਸਾਰਿਆਂ ਦਾ ਦਿਲ ਜਿੱਤ ਲਿਆ।ਪਾਰਟੀ ਦਾ ਸਮਰਥਨ, ਲੋਕਾਂ ਨਾਲ ਪਿਆਰ—ਸਭ ਸਵਰਨਜੀਤ ਸਿੰਘ ਖ਼ਾਲਸਾ ਦੇ ਹੱਕ ਵਿੱਚ ਭੁਗਤ ਗਿਆ। ਪਰ ਸਭ ਤੋਂ ਵੱਡੀ ਗੱਲ—ਉਹ ਕਨੈਕਟੀਕਟ ਦੇ ਪਹਿਲੇ ਸਿੱਖ ਮੇਅਰ ਬਣੇ।

**ਜਨਮ ਤੋਂ ਜਿੱਤ ਤੱਕ ਦਾ ਸਫ਼ਰ—ਇੱਕ ਲੋਕ ਗੀਤ ਵਾਂਗ**

ਸਵਰਨਜੀਤ ਦਾ ਜਨਮ ਜਲੰਧਰ ਵਿੱਚ ਹੋਇਆ। ਉਹ ਅੰਮ੍ਰਿਤਧਾਰੀ ਸਿੱਖ ਹੈ ਅਤੇ ਪੰਜਾਬ ਦੀ ਮਿੱਟੀ ਨਾਲ ਡੂੰਘਾ ਜੁੜਾਅ ਰੱਖਦਾ ਹੈ। ਉਸ ਦਾ ਪਰਿਵਾਰ ਦਿੱਲੀ ਅਤੇ ਪੰਜਾਬ ਵਿੱਚ ਸਿੱਖ ਧਾਰਮਿਕ-ਰਾਜਨੀਤਕ ਗਤੀਵਿਧੀਆਂ ਵਿੱਚ ਬਹੁਤ ਸਰਗਰਮ ਰਿਹਾ ਹੈ। ਉਸ ਦੇ ਪਿਤਾ ਪਰਮਿੰਦਰ ਪਾਲ ਸਿੰਘ ਖ਼ਾਲਸਾ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖੀ ਹਨ। ਸਵਰਨਜੀਤ ਦੇ ਦਾਦਾ ਜੀ ਇੰਦਰਪਾਲ ਸਿੰਘ ਖ਼ਾਲਸਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਰਹੇ।

ਸਾਲ 2007 ਵਿੱਚ ਸਵਰਨਜੀਤ ਨੇ ਡੀ.ਏ.ਵੀ. ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਜਲੰਧਰ ਤੋਂ ਇੰਜੀਨੀਅਰਿੰਗ ਦੀ ਡਿਗਰੀ ਲਈ ਅਤੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ। ਨਿਊ ਜਰਸੀ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਕੰਪਿਊਟਰ ਸਾਇੰਸ ਵਿੱਚ ਮਾਸਟਰਜ਼ ਕੀਤੀ। ਸਾਲ 2010 ਵਿੱਚ ਉਹ ਨਾਰਵਿਚ ਵਿੱਚ ਵੱਸ ਗਏ ਅਤੇ ਉਸਾਰੀ ਦੇ ਕਾਰੋਬਾਰ ਵਿੱਚ ਸਫ਼ਲਤਾ ਹਾਸਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਸਥਾਨਕ ਰਾਜਨੀਤੀ ਵਿੱਚ ਕਦਮ ਰੱਖਿਆ ਅਤੇ ਦੋ ਵਾਰ ਕੌਂਸਲਮੈਨ ਵਜੋਂ ਚੁਣੇ ਗਏ।

9/11 ਦੇ ਅੱਤਵਾਦੀ ਹਮਲਿਆਂ ਤੋਂ ਬਾਅਦ ਅਮਰੀਕਾ ਵਿੱਚ ਸਿੱਖਾਂ ਨੂੰ ਨਫ਼ਰਤ ਵਾਲੇ ਅਪਰਾਧਾਂ ਦਾ ਸਾਹਮਣਾ ਕਰਨਾ ਪਿਆ। ਸਵਰਨਜੀਤ ਸਿੰਘ ਖ਼ਾਲਸਾ ਨੇ ਇਸ ਮੁਸ਼ਕਿਲ ਵੇਲੇ ਵਿੱਚ ਸਿੱਖ ਪਛਾਣ ਨੂੰ ਸਪੱਸ਼ਟ ਕਰਨ ਦੀ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਨੇ ਪੁਲਿਸ, ਫ਼ਾਇਰਮੈਨ, ਟਰਾਂਸਪੋਰਟ ਸਕਿਓਰਿਟੀ ਐਡਮਿਨਿਸਟ੍ਰੇਸ਼ਨ (ਟੀ.ਐੱਸ.ਏ.) ਅਤੇ ਹੋਰਾਂ ਨੂੰ ਸਿੱਖ ਧਰਮ ਬਾਰੇ ਸਿਖਲਾਈ ਦਿੱਤੀ। ਉਨ੍ਹਾਂ ਨੇ ਪੰਜ ਕਕਾਰਾਂ, ਖਾਸ ਕਰਕੇ ਕਿਰਪਾਨ ਬਾਰੇ ਜਾਗਰੂਕਤਾ ਪੈਦਾ ਕੀਤੀ। ਸਵਰਨਜੀਤ ਨੇ ਇਸ ਨਸਲਵਾਦੀ ਨਫ਼ਰਤੀ ਮੁਹਿੰਮ ਵਿਰੁਧ ਲਗਭਗ 1,200 ਪੇਸ਼ਕਾਰੀਆਂ ਕੀਤੀਆਂ। ਇਸ ਤੋਂ ਇਲਾਵਾ ਮੀਡੀਆ ਮੁਹਿੰਮਾਂ ਚਲਾਈਆਂ ਅਤੇ ਹਾਈਵੇਅ ਤੇ ਬਿਲਬੋਰਡ ਲਗਵਾਏ।

ਇਨ੍ਹਾਂ ਕੋਸ਼ਿਸ਼ਾਂ ਕਾਰਨ ਸਾਲ 2016 ਵਿੱਚ ਐੱਫ਼.ਬੀ.ਆਈ. ਨੇ ਸਵਰਨਜੀਤ ਸਿੰਘ ਖ਼ਾਲਸਾ ਨੂੰ ਡਾਇਰੈਕਟਰਜ਼ ਕਮਿਊਨਿਟੀ ਲੀਡਰਸ਼ਿਪ ਐਵਾਰਡ ਨਾਲ ਸਨਮਾਨਿਤ ਕੀਤਾ। ਉਹ 56 ਵਿਜੇਤਾਵਾਂ ਵਿੱਚੋਂ ਇਕਲੌਤੇ ਭਾਰਤੀ ਸਨ। ਇਹ ਅਵਾਰਡ ਉਸ ਵੇਲੇ ਦੇ ਐੱਫ਼.ਬੀ.ਆਈ. ਡਾਇਰੈਕਟਰ ਜੇਮਜ਼ ਬੀ. ਕੋਮੇ ਵੱਲੋਂ ਵਾਸ਼ਿੰਗਟਨ ਡੀ.ਸੀ. ਵਿੱਚ ਐੱਫ਼.ਬੀ.ਆਈ. ਮੁੱਖ ਦਫ਼ਤਰ ਵਿੱਚ ਦਿੱਤਾ ਗਿਆ।

ਐੱਫ਼.ਬੀ.ਆਈ. ਦੇ ਹਵਾਲੇ ਵਿੱਚ ਲਿਖਿਆ ਗਿਆ ਸੀ: ਸਵਰਨਜੀਤ ਖਾਲਸਾ ਨੂੰ ਨਿਊ ਹੈਵਨ ਡਿਵੀਜ਼ਨ ਵੱਲੋਂ ਸਹਿਣਸ਼ੀਲਤਾ, ਵਿਭਿੰਨਤਾ ਦਾ ਸਤਿਕਾਰ ਅਤੇ ਸ਼ਾਂਤੀਪੂਰਨ ਸਮਾਜ ਵਿੱਚ ਰਹਿਣ ਦੇ ਤਰੀਕੇ ਸਿਖਾਉਣ ਦੇ ਮਿਸ਼ਨ ਲਈ ਸਨਮਾਨਿਤ ਕੀਤਾ ਜਾ ਰਿਹਾ ਹੈ। ਉਸ ਦਾ ਮੁੱਖ ਉਦੇਸ਼ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਸ਼ਹਿਰੀ ਖੇਤਰਾਂ ਦੇ ਲੋਕਾਂ ਤੱਕ ਪਹੁੰਚਾਉਣਾ ਹੈ ਤਾਂ ਜੋ ਗਲਤਫ਼ਹਿਮੀਆਂ ਦੂਰ ਹੋਣ।

ਇਸ ਅਵਾਰਡ ਨੇ ਸਵਰਨਜੀਤ ਨੂੰ ਸਥਾਨਕ ਪੱਧਰ ਤੇ ਹੋਰ ਮਾਣ-ਸਨਮਾਨ ਦਿਵਾਇਆ। ਉਨ੍ਹਾਂ ਨੇ ਆਪਣੀ ਮੁਹਿੰਮ ਨੂੰ ਸਿਰਫ਼ ਸਿੱਖ ਪਛਾਣ ਤੱਕ ਸੀਮਤ ਨਹੀਂ ਰੱਖਿਆ, ਸਗੋਂ ਸਾਰੇ ਭਾਈਚਾਰਿਆਂ ਵਿੱਚ ਸਹਿਣਸ਼ੀਲਤਾ ਅਤੇ ਸਤਿਕਾਰ ਦਾ ਸੁਨੇਹਾ ਫ਼ੈਲਾਇਆ। ਨਾਰਵਿਚ ਵਿੱਚ ਉਨ੍ਹਾਂ ਨੇ ਸਥਾਨਕ ਮੁੱਦਿਆਂ 'ਤੇ ਧਿਆਨ ਦਿੱਤਾ - ਸਕੂਲਾਂ ਦੀ ਬਿਹਤਰੀ, ਸੜਕਾਂ ਦੀ ਮੁਰੰਮਤ, ਵਪਾਰ ਨੂੰ ਵਧਾਉਣਾ ਅਤੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣਾ। ਇਸੇ ਕਰਕੇ ਉਹ ਦੋ ਵਾਰ ਕੌਂਸਲਰ ਬਣੇ ਅਤੇ ਹੁਣ ਮੇਅਰ ਵੀ।

ਸਵਰਨਜੀਤ ਦੀ ਜਿੱਤ ਨੇ ਪੰਜਾਬ ਅਤੇ ਭਾਰਤੀ ਮੂਲ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪੈਦਾ ਕੀਤੀ ਹੈ। ਸਵਰਨਜੀਤ ਸਿੰਘ ਦੇ ਪਿਤਾ ਪਰਮਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਾਡਾ ਪਰਿਵਾਰ ਸਦਾ ਸਿੱਖ ਸੇਵਾ ਵਿੱਚ ਲੱਗਾ ਰਿਹਾ। ਸਵਰਨਜੀਤ ਨੇ ਵਿਦੇਸ਼ ਵਿੱਚ ਵੀ ਸਿੱਖੀ ਦਾ ਮਾਣ ਵਧਾਇਆ। ਉਸ ਨੇ ਸਿੱਖ ਪਛਾਣ ਨੂੰ ਨਾ ਸਿਰਫ਼ ਬਚਾਇਆ, ਸਗੋਂ ਇਸ ਨੂੰ ਸਤਿਕਾਰ ਦਾ ਪ੍ਰਤੀਕ ਬਣਾਇਆ। ਸਵਰਜੀਤ ਸਿੰਘ 2007 ਵਿੱਚ ਪੜ੍ਹਾਈ ਲਈ ਅਮਰੀਕਾ ਆਏ ਸਨ। ਉਨ੍ਹਾਂ ਨੇ ਜਲੰਧਰ ਦੇ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਤੋਂ ਇੰਜੀਨੀਅਰਿੰਗ ਕੀਤੀ ਅਤੇ ਫ਼ਿਰ ਅਮਰੀਕਾ ਵਿੱਚ ਕੰਪਿਊਟਰ ਇੰਜੀਨੀਅਰਿੰਗ ਵਿੱਚ ਮਾਸਟਰਜ਼ ਕੀਤੀ।ਸਵਰਜੀਤ ਸਿੰਘ ਖ਼ਾਲਸਾ ਦਾ 2009 ਵਿੱਚ ਲੁਧਿਆਣਾ ਦੀ ਸਿੱਖ ਬੀਬੀ ਗੁਣਤਸ ਨਾਲ ਵਿਆਹ ਹੋਇਆ ਸੀ। ਉਹਨਾਂ ਦੀਆਂ ਦੋ ਧੀਆਂ ਹਨ, ਵੱਡੀ ਲੜਕੀ ਨੌਰਵਿਚ ਪਬਲਿਕ ਸਕੂਲ ਵਿੱਚ ਪੜ੍ਹਦੀ ਹੈ। ਪਰਿਵਾਰ ਨੌਰਵਿਚ ਦੇ ਨੌਰਵਿਚਟਾਊਨ ਇਲਾਕੇ ਵਿੱਚ ਰਹਿੰਦਾ ਹੈ।

ਕਾਰੋਬਾਰ ਦੀ ਗੱਲ ਕਰੀਏ ਤਾਂ ਸਵਰਜੀਤ ਸਿੰਘ ਖ਼ਾਲਸਾ ਨੇ ਨੌਰਵਿਚ ਅੰਦਰ12 ਸਾਲ ਤੱਕ ਪੈਟਰੋਲ ਪੰਪ ਚਲਾਇਆ ਸੀ ਤੇ ਹੁਣ ਰੀਅਲ ਐਸਟੇਟ ਡੇਵਲਪਰ ਅਤੇ ਕੰਸਟ੍ਰਕਸ਼ਨ ਕਾਰੋਬਾਰ ਚਲਾਉਂਦੇ ਹਨ। ਨਾਰਵਿਚ ਸ਼ਹਿਰ ਦੀ ਆਬਾਦੀ ਲਗਭਗ 40,000 ਹੈ। ਇੱਥੇ ਸਿੱਖ ਘੱਟ ਹਨ, ਪਰ ਸਵਰਨਜੀਤ ਨੇ ਸਾਰੇ ਵਰਗਾਂ ਨਾਲ ਮਿਲ ਕੇ ਕੰਮ ਕੀਤਾ। ਉਨ੍ਹਾਂ ਦੀ ਮੁਹਿੰਮ ਵਿੱਚ ਸਿੱਖੀ ਦੇ ਸਿਧਾਂਤ 'ਸਰਬਤ ਦਾ ਭਲਾ, ਵੰਡ ਛਕਣਾ, ਕਿਰਤ ਕਰਨੀ' ਨੂੰ ਸਥਾਨਕ ਮੁੱਦਿਆਂ ਨਾਲ ਜੋੜਿਆ।

ਅਮਰੀਕਾ ਵਿੱਚ ਸਿੱਖ ਭਾਈਚਾਰਾ ਲਗਾਤਾਰ ਵਧ ਰਿਹਾ ਹੈ। ਪਰ 9/11 ਤੋਂ ਬਾਅਦ ਨਸਲਵਾਦੀ ਵਰਤਾਰਿਆਂ ਤੇ ਵਾਰਦਾਤਾਂ ਨੇ ਏਸ਼ੀਅਨਾਂ ਖਾਸ ਕਰਕੇ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਸਵਰਨਜੀਤ ਸਿੰਘ ਖ਼ਾਲਸਾ ਨੇ ਇਸ ਨੂੰ ਮੌਕੇ ਵਜੋਂ ਵਰਤਿਆ ਅਤੇ ਨਸਲਵਾਦ ਵਿਰੁੱਧ ਜਾਗਰੂਕਤਾ ਫ਼ੈਲਾਈ। ਅੱਜ ਅਮਰੀਕਾ ਵਿੱਚ ਸਿੱਖ ਪੁਲਿਸ ਅਫ਼ਸਰ, ਫ਼ੌਜੀ ਅਤੇ ਰਾਜਨੀਤਿਕ ਆਗੂ ਬਣ ਰਹੇ ਹਨ। ਸਵਰਨਜੀਤ ਸਿੰਘ ਖ਼ਾਲਸਾ ਦੀ ਜਿੱਤ ਇਸੇ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ।ਉਹ ਮੇਅਰ ਵਜੋਂ ਨਾਰਵਿਚ ਨੂੰ ਹੋਰ ਸੁੰਦਰ, ਸੁਰੱਖਿਅਤ ਬਣਾਉਣ ਦਾ ਵਾਅਦਾ ਕਰਦੇ ਹਨ। ਸਕੂਲਾਂ ਵਿੱਚ ਵਿਭਿੰਨਤਾ ਦੀ ਸਿੱਖਿਆ, ਵਪਾਰ ਨੂੰ ਵਧਾਉਣ ਲਈ ਨਵੇਂ ਪ੍ਰੋਜੈਕਟ ਅਤੇ ਸਾਰੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲਣਾ ਉਨ੍ਹਾਂ ਦੀਆਂ ਤਰਜੀਹਾਂ ਹਨ।

ਜਲੰਧਰ ਤੋਂ ਨਿਊ ਜਰਸੀ, ਫ਼ਿਰ ਨਾਰਵਿਚ ਤੱਕ ਸਵਰਨਜੀਤ ਸਿੰਘ ਖ਼ਾਲਸਾ ਦਾ ਸਫ਼ਰ ਪ੍ਰੇਰਨਾ ਦਾ ਸਰੋਤ ਹੈ। ਉਸ ਨੇ ਸਾਬਤ ਕੀਤਾ ਕਿ ਸਿੱਖ ਪਛਾਣ ਨਾਲ ਕੋਈ ਸਮਝੌਤਾ ਨਹੀਂ ਕੀਤਾ, ਤਾਂ ਵੀ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ। ਉਸ ਦੀ ਜਿੱਤ ਨਾ ਸਿਰਫ਼ ਸਿੱਖਾਂ ਲਈ, ਸਗੋਂ ਸਾਰੇ ਘੱਟ ਗਿਣਤੀ ਭਾਈਚਾਰਿਆਂ ਲਈ ਮਿਸਾਲ ਹੈ।

ਉਹਨਾਂ ਦਾ ਸਫ਼ਰ ਇੱਕ ਲੋਕ ਗੀਤ ਵਾਂਗ ਹੈ ਜੋ ਗੁਜਰਾਤੀਆਂ, ਗੋਰਿਆਂ, ਚੀਨੀਆਂ, ਏਸ਼ੀਅਨਾਂ, ਪੰਜਾਬੀਆਂ ਵਿੱਚ ਗੂੰਜਿਆ।

**ਪੰਥਕ ਜਥੇਬੰਦੀਆਂ ਵੱਲੋਂ ਸਵਾਗਤ**

ਬਾਬਾ ਸਰਬਜੋਤ ਸਿੰਘ ਬੇਦੀ, ਸਿੱਖ ਵਿਦਵਾਨ ਸ੍ਰ. ਗੁਰਤੇਜ ਸਿੰਘ ਆਈ.ਏ.ਐਸ ਨੇ ਕਿਹਾ ਕਿ ਇਹ ਜਿੱਤ ਸਿੱਖ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਸਵਰਨਜੀਤ ਸਿੰਘ ਖ਼ਾਲਸਾ ਨੇ ਅਮਰੀਕੀ ਲੋਕਤੰਤਰ ਦੇ ਮੰਚ ਉੱਤੇ ਸਿੱਖੀ ਦਾ ਝੰਡਾ ਬੁਲੰਦ ਕੀਤਾ। ਉਹਨਾਂ ਦੀ ਮਿਹਨਤ, ਇਮਾਨਦਾਰੀ ਤੇ ਸਮਰਪਣ ਨੇ ਸਾਬਤ ਕੀਤਾ ਕਿ ਗੁਰੂ ਦਾ ਖ਼ਾਲਸਾ ਕਿਸੇ ਵੀ ਮੁਲਕ ਵਿੱਚ ਅਗਵਾਈ ਕਰ ਸਕਦਾ। .ਗਿਆਨੀ ਕੇਵਲ ਸਿੰਘ, ਸਾਬਕਾ ਜਥੇਦਾਰ ਤਖ਼ਤ ਦਮਦਮਾ ਸਾਹਿਬ, ਸੁਖਦੇਵ ਸਿੰਘ ਭੌਰ, ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਇਹ ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ ਹੈ। ਸਵਰਨਜੀਤ ਸਿੰਘ ਖ਼ਾਲਸਾ ਨੇ 1984 ਦੇ ਦਰਦ ਨੂੰ ਸ਼ਕਤੀ ਬਣਾ ਕੇ ਅਮਰੀਕਾ ਵਿੱਚ ਮਨੁੱਖੀ ਅਧਿਕਾਰਾਂ ਦੀ ਮੁਹਿੰਮ ਚਲਾਕੇ ਪੰਥ ਤੇ ਪੰਜਾਬ ਦ ਨਾਂਅ ਰੌਸ਼ਨ ਕੀਤਾ। ਉਹਨਾਂ ਦੀ ਜਿੱਤ ਸਾਬਤ ਕਰਦੀ ਹੈ ਕਿ ਸਰਬਤ ਦਾ ਭਲਾ ਕਰਨ ਵਾਲਾ ਗੁਰਸਿੱਖ ਸੰਸਾਰ ਦੀ ਅਗਵਾਈ ਕਰ ਸਕਦਾ ਹੈ। ਰਜਿੰਦਰ ਸਿੰਘ ਪੁਰੇਵਾਲ, ਚੇਅਰਮੈਨ ਪੰਜਾਬ ਟਾਈਮਜ਼ ਯੂ.ਕੇ., ਭਾਈ ਮਲਕੀਅਤ ਸਿੰਘ, ਨੌਟਿੰਘਮ ਯੂ.ਕੇ ,ਰਣਜੀਤ ਸਿੰਘ ਰਾਣਾ ਯੂਕੇ ਨੇ ਕਿਹਾ, ਅਮਰੀਕਾ ਵਿੱਚ 5 ਲੱਖ ਸਿੱਖਾਂ ਵਿੱਚੋਂ ਸਵਰਨਜੀਤ ਸਿੰਘ ਇੱਕ ਮਿਸਾਲ ਬਣੇ। ਉਹਨਾਂ ਨੇ ਸਥਾਨਕ ਲੋਕਾਂ ਨਾਲ ਚੰਗੇ ਸਬੰਧ ਬਣਾ ਕੇ ਸਿੱਖੀ ਦਾ ਅਕਸ ਉੱਚਾ ਕੀਤਾ ਹੈ।ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਵੱਲੋਂ ਸਵਰਨਜੀਤ ਸਿੰਘ ਖ਼ਾਲਸਾ ਦਾ ਸਨਮਾਨ ਹੋਣਾ ਚਾਹੀਦਾ। (ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਨੂੰ ਮਹਿੰਗਾ ਪੈ ਸਕਦੈ ਸ਼ਟਡਾਊਨ

## ਹਰ ਦਿਨ ਵੱਧ ਰਹੀਆਂ ਹਨ ਸਮੱਸਿਆਵਾਂ, ਆਮ ਲੋਕਾਂ ਨੂੰ ਹੋ ਰਹੀ ਹੈ ਪ੍ਰੇਸ਼ਾਨੀ




ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ’ਚ ਸਰਕਾਰੀ ਬੰਦ (ਸ਼ਟਡਾਊਨ) ਨੂੰ ਲਾਗੂ ਹੋਏ 40 ਦਿਨ ਹੋ ਗਏ ਹਨ। ਇਸ ਤੋਂ ਬਾਅਦ ਦੇਸ਼ ’ਚ ਸਮੱਸਿਆਵਾਂ ਸਿਖ਼ਰਾਂ ’ਤੇ ਹਨ। ਪਿਛਲੇ ਦਿਨੀਂ ਇੱਕ ਦਿਨ ’ਚ ਸਭ ਤੋਂ ਵੱਧ 1700 ਉਡਾਣਾਂ ਰੱਦ ਕੀਤੀਆਂ ਗਈਆਂ, ਜੋ ਦੇਸ਼ ਦੇ ਇਤਿਹਾਸ ’ਚ ਪਹਿਲੀ ਵਾਰ ਹੋਇਆ ਹੈ। ਇਸ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ’ਚ ਜਹਾਜ਼ ਘੰਟਿਆਂਬੱਧੀ ਦੇਰੀ ਨਾਲ ਚੱਲ ਰਹੇ ਹਨ। ਏਅਰ ਟ੍ਰੈਫਿਕ ਕੰਟਰੋਲਰਾਂ ਦੀ ਭਾਰੀ ਕਮੀ ਨਾਲ ਜੂਝ ਰਹੇ ਏਅਰਲਾਈਨ ਉਦਯੋਗ ’ਤੇ ਆਉਣ ਵਾਲੇ ਦਿਨਾਂ ’ਚ ਸੰਕਟ ਹੋਰ ਡੂੰਘਾ ਹੋ ਸਕਦਾ ਹੈ। ਯਾਤਰੀਆਂ ਨੇ ਵੀ ਆਪਣੀਆਂ ਯਾਤਰਾ ਯੋਜਨਾਵਾਂ ’ਚ ਬਦਲਾਅ ਕਰਨਾ ਸ਼ੁਰੂ ਕਰ ਦਿੱਤਾ ਹੈ। ਹੁਣ ਉਹ ਉਡਾਣ ਦੀ ਬਜਾਏ ਹੋਰਨਾਂ ਬਦਲਾਂ ’ਤੇ ਵਿਚਾਰ ਕਰ ਰਹੇ ਹਨ। ਇਨ੍ਹਾਂ ’ਚ ਕਿਰਾਏ ’ਤੇ ਕਾਰ ਲੈਣਾ ਜਾਂ ਟ੍ਰੇਨ ’ਚ ਸਫਰ ਕਰਨਾ ਸ਼ਾਮਲ ਹੈ। ਇਹੀ ਨਹੀਂ, ਲੋਕ ਆਪਣੀਆਂ ਯਾਤਰਾ ਯੋਜਨਾਵਾਂ ਨੂੰ ਵੀ ਅੱਗੇ ਲਈ ਟਾਲਣਾ ਬਿਹਤਰ ਸਮਝ ਰਹੇ ਹਨ। ਥੈਂਕਸਗਿਵਿੰਗ ਵਰਗੀਆਂ ਛੁੱਟੀਆਂ ਦੇ ਮੌਕੇ ’ਤੇ ਵੀ ਲੋਕ ਘਰਾਂ ’ਚ ਰਹਿਣ ਨੂੰ ਤਰਜੀਹ ਦੇ ਰਹੇ ਹਨ। ਸਿਰਫ ਵਿਦੇਸ਼ ਜਾਣ ਵਾਲੇ ਜਾਂ ਬੇਹੱਦ ਜ਼ਰੂਰੀ ਯਾਤਰਾ ਕਰਨ ਵਾਲੇ ਲੋਕ ਹੀ ਟਿਕਟ ਰੱਦ ਨਹੀਂ ਕਰਵਾ ਰਹੇ।

ਫਲਾਈਟ ਟ੍ਰੈਕਿੰਗ ਵੈੱਬਸਾਈਟ ਫਲਾਈਟਅਵੇਅਰ ਅਨੁਸਾਰ, 6600 ਉਡਾਣਾਂ ਇੱਕ ਦਿਨ ’ਚ ਕਈ ਘੰਟਿਆਂ ਦੀ ਦੇਰੀ ਨਾਲ ਉਡੀਆਂ, ਜਦਕਿ 1700 ਉਡਾਣਾਂ ਨੂੰ ਰੱਦ ਕਰਨਾ ਪਿਆ। ਉਥੇ ਹੀ, ਪਿਛਲੇ ਦਿਨੀਂ ਐਡਵਾਂਸ ’ਚ 1000 ਵਾਧੂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ, ਜਦਕਿ ਸੈਂਕੜਿਆਂ ਦੇ ਦੇਰੀ ਨਾਲ ਚੱਲਣ ਦੀ ਸੂਚਨਾ ਜਾਰੀ ਕੀਤੀ ਗਈ। ਨਿਊਯਾਰਕ ਸਿਟੀ ਦੇ ਤਿੰਨ ਵੱਡੇ ਹਵਾਈ ਅੱਡੇ, ਨੇਵਾਰਕ ਲਿਬਰਟੀ ਇੰਟਰਨੈਸ਼ਨਲ, ਲਾਗਾਡੀਆ ਤੇ ਜਾਨ ਐੱਫ ਕੈਨੇਡੀ ਇੰਟਰਨੈਸ਼ਨਲ ਏਅਰਪੋਰਟ ’ਤੇ ਯਾਤਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਟਲਾਂਟਾ ਦੇ ਹਾਰਟਸਫੀਲਡ ਜੈਕਸਨ ਇੰਟਰਨੈਸ਼ਨਲ ਏਅਰਪੋਰਟ, ਵਾਸ਼ਿੰਗਟਨ ਡੀਸੀ ਦੇ ਰੀਗਨ ਨੈਸ਼ਨਲ ਏਅਰਪੋਰਟ, ਸ਼ਿਕਾਗੋ, ਡੈਨਵਰ, ਫੀਨਿਕਸ, ਸੀਐਟਨ ਜਾਂ ਆਰਲੈਂਡੋ ਵਰਗੇ ਮਸਰੂਫ ਰਹਿਣ ਵਾਲੇ ਹਵਾਈ ਅੱਡਿਆਂ ’ਤੇ ਯਾਤਰੀਆਂ ’ਚ ਭੰਬਲਭੂਸੇ ਦੀ ਹਾਲਤ ਹੈ।

## ਸ਼ਟਡਾਊਨ ਖ਼ਤਮ ਕਰਨ ਲਈ ਡੈਮੋਕਰੈਟਸ ਨੇ ਰੱਖੀ ਨਵੀਂ ਤਜਵੀਜ਼

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਸਿਹਤ ਸੰਭਾਲ ਪ੍ਰੋਗਰਾਮ ਨੂੰ ਲੈ ਕੇ ਸੱਤਾਧਾਰੀ ਰਿਪਬਲੀਕਨ ਪਾਰਟੀ ਤੇ ਵਿਰੋਧੀ ਧਿਰ ਡੈਮੋਕਰੈਟਸ ਵਿਚਾਲੇ ਪੈਦਾ ਹੋਏ ਟਕਰਾਅ ਕਾਰਨ ਸਰਕਾਰੀ ਕੰਮਕਾਜ ਠੱਪ ਹੋਏ ਨੂੰ ਇਕ ਮਹੀਨੇ ਤੋਂ ਵੀ ਵਧ ਸਮਾਂ ਹੋ ਚੁੱਕਾ ਹੈ ਪਰੰਤੂ ਫਿਲਹਾਲ ਸ਼ੱਟਡਾਊਨ ਖਤਮ ਹੁੰਦਾ ਨਜ਼ਰ ਨਹੀਂ ਆ ਰਿਹਾ। ਡੈਮੋਕਰੈਟਸ ਪਾਰਟੀ ਨੇ ਸ਼ੱਟਡਾਊਨ ਖਤਮ ਕਰਨ ਲਈ ਨਵੀਂ ਤਜਵੀਜ਼ ਰੱਖੀ ਹੈ ਹਾਲਾਂ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਇਸ ਕਿਸਮ ਦੀ ਪਹੁੰਚ ਨੂੰ ਰੱਦ ਕਰ ਚੁੱਕੇ ਹਨ। ਡੈਮੋਟਕਰੈਟਸ ਨੇ ਕਿਹਾ ਹੈ ਕਿ 2026 ਦੇ ਸ਼ੁਰੂ ਵਿੱਚ ਖਤਮ ਹੋ ਰਹੀ ਸਿਹਤ ਸੰਭਾਲ ਸਬਸਿਡੀ ਦੀ ਮਿਆਦ ਵਿੱਚ ਇੱਕ ਸਾਲ ਲਈ ਵਾਧਾ ਕੀਤਾ ਜਾਵੇ ਤੇ ਲੱਖਾਂ ਅਮਰੀਕੀਆਂ ਲਈ ਪ੍ਰੀਮੀਅਮ ਵਧਾਇਆ ਜਾਵੇ। ਓਬਾਮਾ ਕੇਅਰ ਪ੍ਰੋਗਰਾਮ ਤਹਿਤ ਲੋੜਵੰਦ ਅਮਰੀਕੀਆਂ ਲਈ ਟੈਕਸ ਕਰੈਡਿਟਸ ਮੁੱਖ ਮੁੱਦਾ ਹੈ ਜਿਸ ਉੱਪਰ ਟਕਰਾਅ ਬਣਿਆ ਹੋਇਆ ਹੈ। ਸ਼ੱਟਡਾਊਨ ਕਾਰਨ ਹਜ਼ਾਰਾਂ ਲੋਕ ਬਿਨਾਂ ਤਨਖਾਹ ਦਿਨ ਕੱਟਣ ਲਈ ਮਜਬੂਰ ਹਨ ਤੇ ਖੁਰਾਕੀ ਵਸਤਾਂ ਦੀ ਘਾਟ ਕਾਰਨ ਸਥਿਤੀ ਦਿਨ ਬਦਿਨ ਬਦਤਰ ਹੁੰਦੀ ਜਾ ਰਹੀ ਹੈ।

ਨਵੀਂ ਤਜਵੀਜ਼ ਤਹਿਤ ਡੈਮੋਕਰੈਟਸ ਚਾਹੁੰਦੇ ਹਨ ਕਿ ਸਰਕਾਰੀ ਕੰਮਕਾਜ ਮੌਜੂਦਾ ਫੰਡ ਵਿਵਸਥਾ ਤਹਿਤ ਅਗਲੇ ਸਾਲ ਜਿਉਂ ਦਾ ਤਿਉਂ ਜਾਰੀ ਰੱਖਿਆ ਜਾਵੇ। ਇਸ ਦੇ ਨਾਲ ਹੀ ਡੈਮੋਕਰਟੈਸ ਚਾਹੁੰਦੇ ਹਨ ਕਿ ਇਕ ਨਿਰਪੱਖ ਕਮੇਟੀ ਸਿਹਤ ਸੰਭਾਲ ਲਾਗਤ ਨੂੰ ਘੱਟ ਕਰਨ ਲਈ ਨਿਰੰਤਰ ਵਿਚਾਰ ਵਟਾਂਦਰਾ ਕਰੇ। ਡੈਮੋਕਰੇਟ ਸੈਨੇਟ ਘੱਟ ਗਿਣਤੀ ਆਗੂ ਚੁੱਕ ਸ਼ੂਮਰ ਨੇ ਕਿਹਾ ਹੈ ਕਿ ਇਹ ਤਜਵੀਜ਼ ਬਿਲਕੁਲ ਵਾਜਬ ਹੈ ਤੇ ਹੁਣ ਗੇਂਦ ਰਿਪਬਲੀਕਨਾਂ ਦੇ ਵਿਹੜੇ ਵਿੱਚ ਹੈ। ਉਹ ਚਾਹੇ ਤਾਂ ਸ਼ੱਟਡਾਊਨ ਤੁਰੰਤ ਖਤਮ ਹੋ ਸਕਦਾ ਹੈ।

## ਟਰੰਪ ਪ੍ਰਸ਼ਾਸਨ ਨੇ ਹੁਣ ਤੱਕ 80000 ਗ਼ੈਰ ਪਰਵਾਸੀ ਵੀਜ਼ੇ ਕੀਤੇ ਰੱਦ




ਸੈਕਰਾਮੈਂਟੋ ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਟਰੰਪ ਪ੍ਰਸ਼ਾਸਨ 20 ਜਨਵਰੀ 2025 ਨੂੰ ਸੱਤਾ ਸੰਭਾਲਣ ਉਪਰੰਤ ਹੁਣ ਤੱਕ ਅੰਦਾਜ਼ਨ 80000 ਗ਼ੈਰ ਪਰਵਾਸੀ ਵੀਜ਼ੇ ਰੱਦ ਕਰ ਚੁੱਕਾ ਹੈ। ਇਹ ਜਾਣਕਾਰੀ ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਉੱਪਰ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਦੇ ਵੀਜ਼ੇ ਰੱਦ ਕੀਤੇ ਗਏ ਹਨ ਉਨ੍ਹਾਂ ਵਿੱਚ

16000 ਵੀਜ਼ੇ ਨਸ਼ਾ ਕਰਕੇ ਗੱਡੀ ਚਲਾਉਣ ਵਾਲਿਆਂ, 12000 ਹਮਲੇ ਕਰਨ ਤੇ 8000 ਵੀਜ਼ੇ ਚੋਰੀ ਕਰਨ ਵਾਲਿਆਂ ਦੇ ਸ਼ਾਮਿਲ ਹਨ। ਵਿਦੇਸ਼ ਵਿਭਾਗ ਦੇ ਇੱਕ ਬੁਲਾਰੇ ਨੇ ਕਿਹਾ ਹੈ ਕਿ ਅਪਰਾਧਕ ਗਤੀਵਿਧੀਆਂ ਤੋਂ ਇਲਾਵਾ ਹੋਰ ਲੋਕਾਂ ਦੇ ਵੀ ਵੀਜ਼ੇ ਰੱਦ ਕੀਤੇ ਗਏ ਹਨ। ਬੁਲਾਰੇ ਨੇ ਕਿਹਾ ਹੈ ਕਿ 6000 ਤੋਂ ਵਧ ਵਿਦਿਆਰਥੀਆਂ ਦੇ ਵੀਜ਼ੇ ਮਿਆਦ ਖਤਮ ਹੋਣ ਦੇ ਬਾਵਜੂਦ ਅਮਰੀਕਾ ਵਿੱਚ

ਟਿਕੇ ਰਹਿਣ ਕਾਰਨ ਰੱਦ ਕੀਤੇ ਗਏ ਹਨ। ਇਸ ਤੋਂ ਇਲਾਵਾ ਉਨ੍ਹਾਂ ਲੋਕਾਂ ਦੇ ਵੀਜ਼ੇ ਵੀ ਰੱਦ ਕੀਤੇ ਗਏ ਹਨ ਜਿਨ੍ਹਾਂ ਦੀਆਂ ਸੋਸ਼ਲ ਮੀਡੀਆ ਉੱਪਰ ਟਿੱਪਣੀਆਂ ਸਰਕਾਰ ਨੂੰ ਰਾਸ ਨਹੀਂ ਆਈਆਂ।

## ਮਹਿੰਗਾਈ ਦੀ ਮਾਰ ਕਾਰਨ ਪਹਿਲੀ ਵਾਰ ਖ਼ਰੀਦਦਾਰੀ ਕਰਨ ਵਾਲਿਆਂ ਦੀ ਗਿਣਤੀ ਘਟੀ

ਸੈਕਰਾਮੈਂਟੋ ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਵਿੱਚ ਮਹਿੰਗਾਈ ਦੀ ਮਾਰ ਕਾਰਨ ਪਹਿਲੀ ਵਾਰ ਖਰੀਦਦਾਰੀ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਘਟੀ ਹੈ। ਪਹਿਲੀ ਵਾਰ ਖਰੀਦਦਾਰੀ ਕਰਨ ਵਾਲੇ ਲੋਕ ਬਜ਼ਾਰ ਵਿਚੋਂ ਗਾਇਬ ਹੋ ਗਏ ਹਨ ਤੇ ਇਹ ਸਭ ਤੋਂ ਹੇਠਲੇ ਪੱਧਰ ’ਤੇ ਖਿਸਕ ਗਏ ਹਨ। ਨੈਸ਼ਨਲ ਐਸੋਸੀਏਸ਼ਨ ਆਫ਼ ਰਿਟੇਲਰਜ ਨੇ ਜਾਰੀ ਘਰੇਲੂ ਖਰੀਦਦਾਰਾਂ ਤੇ ਵਿਕ੍ਰੇਤਾ ਬਾਰੇ ਆਪਣੀ 2025 ਦੀ ਪ੍ਰੋਫ਼ਾਈਲ ਵਿੱਚ ਕਿਹਾ ਹੈ ਕਿ ਜੂਨ 2025 ਨੂੰ ਖਤਮ ਹੋਏ ਸਾਲ ਦੌਰਾਨ ਕੇਵਲ 21 % ਲੋਕਾਂ ਨੇ ਪਹਿਲੀ ਵਾਰ ਖਰੀਦਦਾਰੀ ਕੀਤੀ। ਇਸ ਤੋਂ ਪਹਿਲਾਂ 1981 ਵਿੱਚ ਸਭ ਤੋਂ ਘੱਟ 38% ਲੋਕਾਂ ਨੇ ਪਹਿਲੀ ਵਾਰ ਖਰੀਦਦਾਰੀ ਕੀਤੀ ਸੀ। ਨੈਸ਼ਨਲ ਐਸੋਸੀਏਸ਼ਨ ਆਫ਼ ਰਿਟੇਲਰਜ ਦੀ ਆਰਥਕ ਮਾਹਿਰ ਉੱਪ ਮੁਖੀ ਜੈਸੀਕਾ ਲਾਊਟਜ਼ ਨੇ ਕਿਹਾ ਹੈ ਕਿ ਘਰੇਲੂ ਖਰੀਦਦਾਰੀ ਡਗਮਗਾ ਗਈ ਹੈ। ਇਸ ਦਾ ਸਿੱਧਾ ਅਰਥ ਹੈ ਕਿ ਲੋਕ ਮਹਿੰਗਾਈ ਦੀ ਮਾਰ ਝੱਲਣ ਵਿੱਚ ਅਸਮਰਥ ਨਜ਼ਰ ਆ ਰਹੇ ਹਨ। ਉਨ੍ਹਾਂ ਦੀ ਆਮਦਨ ਘਟੀ ਹੈ ਜਦ ਕਿ ਇਸ ਦੇ ਉਲਟ ਬਜ਼ਾਰ ਮਹਿੰਗਾ ਹੋ ਗਿਆ ਹੈ।

## ਕੈਨੇਡਾ ਦਾ ਵੀਜ਼ਾ ਲੈਣਾ ਹੋਰ ਹੋਵੇਗਾ ਮੁਸ਼ਕਿਲ, ਕੈਨੇਡਾ ਸਰਕਾਰ ਵੱਲੋਂ ਨਵੇਂ ਨਿਯਮ ਹੋਣਗੇ ਲਾਗੂ

### ਵੀਜ਼ਾ ਮੰਗਣ ਵਾਲੇ ਦੀ ਡੂੰਘਾਈ ਨਾਲ ਹੋਵੇਗੀ ਜਾਂਚ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਨਵੀਆਂ ਆਵਾਸ ਨੀਤੀਆਂ ਵਿਚਲੀਆਂ ਖਾਮੀਆਂ ਦੂਰ ਕਰਨ ਲਈ ਨਵੀਆਂ ਤਜਵੀਜ਼ਾਂ ਤਹਿਤ ਕਿਸੇ ਨੂੰ ਦੇਸ਼ ਵਿੱਚ ਸੱਦੇ ਜਾਣ ਮੌਕੇ ਬੰਦੇ ਦੇ ਗਿਆਨ ਦੀ ਪਰਖ ਉੱਤੇ ਜ਼ੋਰ ਦਿੱਤਾ ਜਾਵੇਗਾ। ਆਵਾਸ ਵਿਭਾਗ ਦੇ ਤਿਆਰ ਖਰੜੇ ਵਿਚਲੀਆਂ ਬਾਰੀਕੀਆਂ ’ਤੇ ਗੌਰ ਕੀਤਾ ਜਾਏ ਤਾਂ ਪਤਾ ਲੱਗਦਾ ਹੈ ਕਿ ਵਿਭਾਗ ਨੇ ਪਿਛਲੇ ਸਾਲਾਂ ਦੀਆਂ ਗ਼ਲਤੀਆਂ ਤੋਂ ਸਬਕ ਸਿੱਖੇ ਹਨ। ਅਗਲੇ ਸਾਲਾਂ ਵਿੱਚ ਹੁਣ ਵੀਜ਼ਾ ਦੇਣ ਮੌਕੇ ਕਿਸੇ ਵੀ ਬੰਦੇ ਦੀ ਡੂੰਘਾਈ ਨਾਲ ਜਾਂਚ ਕੀਤੇ ਜਾਣ ਤੋਂ ਬਾਅਦ ਹੀ ਵੀਜ਼ਾ ਅਰਜ਼ੀਆਂ ਪ੍ਰਵਾਨ ਹੋਣਗੀਆਂ। ਤਜਵੀਜ਼ਾਂ ਅਨੁਸਾਰ ਹੁਣ ਬਿਨੈਕਾਰ ਵੱਲੋਂ ਪੇਸ਼ ਕੀਤੇ ਵਿੱਤੀ ਹਾਲਾਤ, ਵਿਦਿਅਕ ਪ੍ਰਾਪਤੀਆਂ, ਪਰਿਵਾਰਕ ਪਿਛੋਕੜ ਦੀ ਜਾਂਚ ਦੇ ਨਾਲ-ਨਾਲ ਉਸ ਦੀਆਂ ਨਿੱਜੀ ਗਤੀਵਿਧੀਆਂ ਅਤੇ ਵਿਚਾਰਾਂ ਦੀ ਘੋਖ ਲਈ ਮਸਨੂਈ ਬੌਧਿਕਤਾ ਦੀ ਮਦਦ ਲਈ ਜਾਵੇਗੀ।

ਤਜਵੀਜ਼ਤ ਆਵਾਸ ਨੀਤੀਆਂ ਦਾ ਕੁਹਾੜਾ ਥੋੜ੍ਹੇ ਬਹੁਤੇ ਫ਼ਰਕ ਨਾਲ ਹਰੇਕ ਵਰਗ ਉੱਤੇ ਚੱਲੇਗਾ। ਸੰਸਦ ਵਿੱਚ ਪੇਸ਼ ਬਿੱਲ ਸੀ-12 ਰਾਹੀਂ ਆਵਾਸ ਵਿਭਾਗ ਲੱਗੇ ਹੋਏ ਵੀਜ਼ੇ ਰੱਦ ਕਰਨ ਦਾ ਅਧਿਕਾਰ ਲੈਣ ਲਈ ਯਤਨਸ਼ੀਲ ਹੈ। ਇਸ ਵਿੱਚ ਮੁੱਖ ਤੌਰ ’ਤੇ ਭਾਰਤੀ ਅਤੇ ਬੰਗਲਾਦੇਸ਼ੀ ਪ੍ਰਭਾਵਿਤ ਹੋਣਗੇ। ਵਿਭਾਗ ਕੋਲ ਪੱਕੀਆਂ ਸੂਚਨਾਵਾਂ ਹਨ ਕਿ ਲੰਮੇ ਸਮੇਂ ਦੇ ਸੈਲਾਨੀ ਵੀਜ਼ੇ ਲੈਣ ਵਾਲਿਆਂ ’ਚ ਵੱਡੀ ਗਿਣਤੀ ਉਹ ਹਨ ਜਿਨ੍ਹਾਂ ਨੇ ਜਾਅਲੀ ਦਸਤਾਵੇਜ਼ਾਂ ਰਾਹੀਂ ਵੀਜ਼ੇ ਹਾਸਲ ਕੀਤੇ ਹਨ।

ਵਿਭਾਗ ਦਾ ਮੰਨਣਾ ਹੈ ਕਿ ਆਰਜ਼ੀ ਵਰਕ ਪਰਮਿਟ ਲੈ ਕੇ ਆਏ ਲੋਕਾਂ ’ਚੋਂ ਵੀ ਕਈ ਗ਼ਲਤ ਢੰਗ ਆਏ ਹਨ ਜਿਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ। 2026 ਵਿੱਚ ਸੱਦੇ ਜਾਣ ਵਾਲੇ ਵੱਖ-ਵੱਖ ਵਰਗਾਂ ਦੇ ਲੋਕਾਂ ਦੀ ਗਿਣਤੀ 5.5 ਲੱਖ ਤੋਂ ਘਟਾ ਕੇ 3,80,000 ਕੀਤੀ ਗਈ ਹੈ। ਸਟੱਡੀ ਵੀਜ਼ੇ ਉੱਤੇ ਵੀ ਵੱਡਾ ਕੱਟ ਲਗਾਇਆ ਗਿਆ ਹੈ।

## ‘ਸਿੱਖ ਕੌਮ ਵੱਲੋਂ ਨਸਲਕੁਸ਼ੀ ਵਿਰੁੱਧ ਮੁਹਿੰਮ’

### ਸਿੱਖ ਕੌਮ ਨੇ ਖ਼ੂਨਦਾਨ ਕਰਕੇ ਰਿਕਾਰਡ ਸਥਾਪਤ ਕੀਤਾ






ਯੂਬਾ ਸਿਟੀ (ਕੈਲੀਫੋਰਨੀਆ)/ਏ.ਟੀ.ਨਿਊਜ਼: ਨਵੰਬਰ 1984 ਵਿੱਚ ਹਿੰਦੋਸਤਾਨ ਭਰ ਵਿੱਚ ਜਨੂੰਨੀ ਲੋਕਾਂ ਵੱਲੋਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਸਿੱਖਾਂ ਦੀ ਕੀਤੀ ਨਸਲਕੁਸ਼ੀ ਨੂੰ ਦੁਨੀਆਂ ਭਰ ਵਿੱਚ ਉਜਾਗਰ ਕਰਨ ਲਈ ਸਿੱਖ ਕੌਮ ਵੱਲੋਂ ਪਿਛਲੇ ਤਿੰਨ ਦਹਾਕਿਆ ਤੋਂ ‘ਬਲੱਡ ਡੋਨੇਸ਼ਨ ਵੱਲੋਂ ਸਿੱਖ ਨੇਸ਼ਨ’ ਮੁਹਿੰਮ ਅਰੰਭ ਕੀਤੀ ਗਈ ਹੈ। ਬੇਸ਼ਕ 1999 ਤੋਂ ਸਰੀ(ਬੀਸੀ) ਕੈਨੇਡਾ ਤੋਂ ਸ਼ੁਰੂ ਹੋਈ ਇਹ ਮੁਹਿੰਮ ਹੁਣ ਕੈਨੇਡਾ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਫੈਲ ਚੁੱਕੀ ਹੈ।

ਪਿਛਲੇ ਦਿਨੀ ਯੂਬਾ ਸਿਟੀ (ਕੈਲੀਫੋਰਨੀਆ) ਵਿਖੇ ਸਿੱਖ ਕੌਮ ਨੇ ਨਾਰਥ ਅਮਰੀਕਾ ਵਿੱਚ ਰਿਕਾਰਡ ਸਥਾਪਤ ਕੀਤਾ ਹੈ। ਪਿਛਲੇ ਸਾਲ ਨਸਲਕੁਸ਼ੀ ਨੂੰ ਯਾਦ ਕਰਦੇ ਹੋਏ ਯੂਬਾ ਸਿਟੀ ਵਿਖੇ 125 ਸਿੱਖਾਂ ਵੱਲੋਂ ਖੂਨਦਾਨ ਕੀਤਾ ਗਿਆ ਸੀ ਪਰ ਇਸ ਸਾਲ 2025 ਵਿੱਚ ਨਾਰਥ ਓਮਰੀਕਾ ਵਿੱਚ ਰਿਕਾਰਡ ਸਥਾਪਤ ਕਰ ਦਿੱਤਾ ਹੈ ਕੇਵਲ 6 ਘੰਟੇ ਦੇ ਸਮੇਂ ਵਿੱਚ 174 ਸਿੱਖ ਵੀਰ ਭੈਣਾ ਨੇ ਖੂਨ

ਦਾਨ ਕਰਕੇ ਨਵਾਂ ਰਿਕਾਰਡ ਸਥਾਪਤ ਕੀਤਾ ਹੈ। ਅਮਰੀਕਾ ਵਿੱਚ ਖ਼ੂਨਦਾਨ ਲੈਣ ਵਾਲੀ ਸੰਸਥਾ ਵੈਟਾ ਲੈਂਟ ਵੱਲੋਂ ਕਿਹਾ ਗਿਆ ਕਿ ਇੰਨੇ ਘੱਟ ਸਮੇਂ ਵਿੱਚ ਵੱਡੀ ਗਿਣਤੀ ਵਿੱਚ ਖ਼ੂਨਦਾਨ ਦੇਣਾ ਇੱਕ ਰਿਕਾਰਡ ਹੈ। ਵਰਨਣਯੋਗ ਹੈ 200 ਤੋਂ ਵੱਧ ਲੋਕ ਰਜਿਸਟਰਡ ਹੋਏ ਪਰ ਅਤੇ ਅਜੇ ਵੀ ਲਾਈਨਾ ਵਿੱਚ ਸਨ ਪਰ ਖ਼ੂਨਦਾਨ ਲੈਣ ਵਾਲੇ ਸਟਾਫ ਨੇ ਸਮਾਂ ਤੇ ਨਰਸਾਂ ਦੀ ਥਕਾਵਟ ਦੇਖ ਕੇ ਬੇਬੱਸੀ ਜਾਹਰ ਕੀਤੀ ਕਿ ਹੋਰ ਖ਼ੂਨਦਾਨ ਨਾ ਲੈਣਾ ਸਾਡੀ ਮਜ਼ਬੂਰੀ ਹੈ। ਪਰ ਉਨ੍ਹਾਂ ਦੀ ਮੁਖੀ ਲੂਸੀ ਲਿਲਾਰਡ ਨੇ ਵਾਅਦਾ ਕੀਤਾ ਕਿ ਅਗਲੇ ਸਾਲ ਅਸੀਂ ਪੰਜ ਬੱਸਾਂ ਦਾ ਪ੍ਰਬੰਧ ਕਰਾਂਗੇ। ਇਥੇ ਇਹ ਵੀ ਦੱਸਣ ਯੋਗ ਹੈ ਕਿ 1984 ਵਿੱਚ ਭਾਰਤ ਦੇ ਅਖੌਤੀ ਲੋਕਤੰਤਰ ਦੀਆਂ ਗਲੀਆਂ ਵਿੱਚ ਚਿੱਟੇ ਦਿਨ 30,000 ਤੋਂ ਵੱਧ ਸਿੱਖਾਂ ਦੇ ਭਿਆਨਕ ਕਤਲੇਆਮ ਲਈ ਜ਼ਿੰਮੇਵਾਰ ਤਾਕਤਾਂ ਨੂੰ ਬੇਨਕਾਬ ਕਰਨ ਲਈ ਦੁਨੀਆਂ ਭਰ ਵਿੱਚ ਵਸਦੀ ਸਿੱਖ ਕੌਮ ਵਲੋਂ ਉੱਠਾਈ ਇਹ ਆਵਾਜ਼ ਗੁਰੂ ਨਾਨਕ ਪਾਤਸ਼ਾਹ ਵੱਲੋਂ ਐਮਨਾਬਾਦ ਦੀ ਧਰਤੀ ਉੱਪਰ ਦਿੱਤੇ ਸੁਨੇਹੇ ’ਤੇ ਪਹਿਰਾ ਦੇ ਰਹੀ ਹੈ। ਦੁਨੀਆਂ ਭਰ ਵਿੱਚ ਵੱਸਦੀ ਸਿੱਖ ਕੌਮ ਦਾ ਇਹ ਅਟੱਲ ਵਿਸ਼ਵਾਸ਼ ਅਤੇ ਭਰੋਸਾ ਹੈ ਕਿ ਲੋਕਾਂ ਦੀ ਤਾਕਤ ਤੋਂ ਵੱਡੀ ਕੋਈ ਤਾਕਤ ਨਹੀਂ ਅਤੇ ਜ਼ਾਬਰ ਭਾਵੇਂ ਕਿੰਨਾਂ ਵੀ ਤਾਕਤਵਰ ਅਤੇ ਮਕਾਰ ਕਿਉਂ ਨਾ ਹੋਵੇ ਉਹ ਸੱਚ ਨੂੰ ਖਤਮ ਨਹੀਂ ਕਰ ਸਕਦਾ।

# ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਲੈ ਕੇ ਹੁਣ ਤੱਕ ਕਸ਼ਮੀਰੀ ਸਿੱਖਾਂ ਦੀ ਜਦੋਜਹਿਦ ਦੀ ਸਾਖੀ

## 1947 ਦਾ ਕਤਲੋਗਾਰਤ ਤੇ ਕਬਾਇਲੀ ਹਮਲੇ ਦੌਰਾਨ ਕਸ਼ਮੀਰੀ ਸਿੱਖਾਂ ਦੀ ਬਹਾਦਰੀ

## ਕਸ਼ਮੀਰੀ ਸਿੱਖ ਸੰਕਟ ਵਿੱਚ, ਕੇਂਦਰ ਸਰਕਾਰ ਨਹੀਂ ਦੇ ਰਹੀ ਧਿਆਨ







ਜੰਮੂ-ਕਸ਼ਮੀਰ ਦੀ ਵਾਦੀ ਆਪਣੀ ਸੁੰਦਰਤਾ ਨਾਲ ਸੈਲਾਨੀਆਂ ਨੂੰ ਮੋਹ ਲੈਂਦੀਆਂ ਨੇ, ਉੱਥੇ ਇੱਕ ਛੋਟੀ ਜਿਹੀ ਘੱਟ-ਗਿਣਤੀ ਸਿੱਖ ਭਾਈਚਾਰੇ ਨੇ ਸਦੀਆਂ ਤੋਂ ਬਹਾਦਰੀ, ਕੁਰਬਾਨੀ ਅਤੇ ਨਿਰੰਤਰ ਸੰਘਰਸ਼ ਦੀ ਮਿਸਾਲ ਕਾਇਮ ਕੀਤੀ ਹੈ। ਇਹਨਾਂ ਕਸ਼ਮੀਰੀ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਾਦੀ ਉੱਤੇ ਰਾਜ ਕੀਤਾ ਸੀ, 1947 ਦੇ ਕਬਾਇਲੀ ਹਮਲੇ ਵਿੱਚ ਆਪਣੇ ਘਰ-ਘਾਟ ਛੱਡ ਕੇ ਰਫ਼ਿਊਜੀ ਕੈਂਪਾਂ ਵਿੱਚ ਦਿਨ ਕੱਟੇ ਅਤੇ ਅੱਜ ਵੀ ਆਪਣੀ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਹੋਂਦ ਨੂੰ ਬਚਾਉਣ ਲਈ ਜੂਝ ਰਹੇ ਨੇ। ਹਾਲ ਹੀ ਵਿੱਚ ਨੈਸ਼ਨਲ ਕਾਨਫਰੰਸ ਨੇ ਰਾਜ ਸਭਾ ਦੀਆਂ ਤਿੰਨ ਸੀਟਾਂ ਜਿੱਤੀਆਂ, ਜਿਸ ਵਿੱਚ ਇੱਕ ਨਾਂਅ ਸਿੱਖ ਆਗੂ ਗੁਰਵਿੰਦਰ ਸਿੰਘ ਓਬਰਾਏ (ਸ਼ੰਮੀ ਓਬਰਾਏ) ਦਾ ਵੀ ਸ਼ਾਮਲ ਹੈ। ਉਹ ਵਪਾਰਕ ਪਿਛੋਕੜ ਵਾਲੇ ਨੇ ਅਤੇ ਪਾਰਟੀ ਦੇ ਖ਼ਜ਼ਾਨਚੀ ਵੀ ਨੇ। ਸਾਲ 2011 ਦੀ ਜਨਗਣਨਾ ਅਨੁਸਾਰ ਜੰਮੂ-ਕਸ਼ਮੀਰ ਦੀ ਕੁੱਲ ਆਬਾਦੀ 1 ਕਰੋੜ 25 ਲੱਖ 41 ਹਜ਼ਾਰ 302 ਸੀ, ਜਿਸ ਵਿੱਚ ਸਿੱਖਾਂ ਦੀ ਗਿਣਤੀ ਸਿਰਫ਼ 2 ਲੱਖ 34 ਹਜ਼ਾਰ 848। ਯਾਨੀ ਕੁੱਲ ਆਬਾਦੀ ਦੇ 2 ਫੀਸਦੀ ਤੋਂ ਵੀ ਘੱਟ। ਇਸ ਛੋਟੀ ਜਿਹੀ ਗਿਣਤੀ ਨੇ ਵਾਦੀ ਵਿੱਚ ਇੱਕ ਸਮਾਂ ਰਾਜ ਕੀਤਾ ਸੀ, ਕਬਾਇਲੀ ਹਿੰਸਾ ਦਾ ਟਾਕਰਾ ਕੀਤਾ ਸੀ ਅਤੇ ਅੱਜ ਵੀ ਆਪਣੀ ਪਛਾਣ ਬਚਾਉਣ ਲਈ ਸੰਘਰਸ਼ ਕਰ ਰਹੀ ਹੈ। ਘੱਟ-ਗਿਣਤੀ ਹੋਣ ਕਾਰਨ ਉਹ ਰਾਜਨੀਤਿਕ ਤੇ ਧਾਰਮਿਕ ਪ੍ਰਤੀਨਿੱਧਤਾ ਲਈ ਜੂਝ ਰਹੇ ਨੇ। ਉਨ੍ਹਾਂ ਦੇ ਬੱਚੇ ਵਿਦੇਸ਼ਾਂ ਵਿੱਚ ਪਰਵਾਸ ਕਰ ਰਹੇ ਨੇ।

### ਇਤਿਹਾਸਕ ਪਿਛੋਕੜ: ਗੁਰੂ ਨਾਨਕ ਤੋਂ ਰਣਜੀਤ ਸਿੰਘ ਤੱਕ

ਕਸ਼ਮੀਰੀ ਸਿੱਖਾਂ ਦਾ ਇਤਿਹਾਸ ਸਿੱਖ ਧਰਮ ਦੇ ਪਹਿਲੇ ਗੁਰੂ ਨਾਲ ਜੁੜਦਾ ਹੈ। ਗੁਰੂ ਨਾਨਕ ਦੇਵ ਜੀ ਨੇ ਜੰਮੂ-ਕਸ਼ਮੀਰ ਦਾ ਦੌਰਾ ਕੀਤਾ ਅਤੇ ਉਨ੍ਹਾਂ ਦੀਆਂ ਯਾਤਰਾਵਾਂ ਨੇ ਵਾਦੀ ਵਿੱਚ ਸਿੱਖ ਪਛਾਣ ਨੂੰ ਮਜ਼ਬੂਤ ਕੀਤਾ। ਛੇਵੇਂ ਗੁਰੂ ਹਰਗੋਬਿੰਦ ਜੀ ਵੀ ਘਾਟੀ ਵਿੱਚ ਪਹੁੰਚੇ। ਪਰ ਸਿੱਖਾਂ ਦੀ ਅਸਲ ਬੁਲੰਦੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਆਈ। ਉਨ੍ਹਾਂ ਦਾ ਸਾਮਰਾਜ ਖੈਬਰ ਪਾਸ ਤੋਂ ਲੈ ਕੇ ਕਸ਼ਮੀਰ ਤੱਕ ਫੈਲਿਆ ਹੋਇਆ ਸੀ। 1819 ਵਿੱਚ ਸ਼ੋਪੀਆਂ ਦੀ ਲੜਾਈ ਵਿੱਚ ਦੁਰਾਨੀ ਸਾਮਰਾਜ ਦੇ ਗਵਰਨਰ ਜੱਬਾਰ ਖ਼ਾਨ ਨੂੰ ਹਰਾ ਕੇ ਸਿੱਖ ਫੌਜ 15 ਜੁਲਾਈ ਨੂੰ ਸ੍ਰੀਨਗਰ ਵਿੱਚ ਦਾਖਲ ਹੋਈ। ਇਸ ਜਿੱਤ ਨਾਲ ਪੰਜ ਸਦੀਆਂ ਪੁਰਾਣੇ ਇਸਲਾਮੀ ਰਾਜ ਦਾ ਅੰਤ ਹੋਇਆ ਅਤੇ ਅਫ਼ਗਾਨਾਂ ਦੇ ਛੇ ਦਹਾਕਿਆਂ ਤੋਂ ਵੱਧ ਦੇ ਸਾਸ਼ਨ ਨੂੰ ਖ਼ਤਮ ਕੀਤਾ ਗਿਆ।



1819 ਤੋਂ 1846 ਤੱਕ 27 ਸਾਲਾਂ ਦਾ ਸਿੱਖ ਰਾਜ 'ਸੁਧਾਰਾਂ' ਵਜੋਂ ਜਾਣਿਆ ਜਾਂਦਾ ਹੈ। ਇਤਿਹਾਸਕਾਰ ਹਰੀ ਰਾਮ ਗੁਪਤਾ ਆਪਣੀ ਕਿਤਾਬ ਹਿਸਟਰੀ ਆਫ਼ ਸਿੱਖਸ, ਦਿ ਲਾਇਨ ਆਫ਼ ਲਾਹੌਰ ਵਿੱਚ ਲਿਖਦੇ ਨੇ ਕਿ 1819 ਤੋਂ 1839 ਤੱਕ 20 ਸਾਲਾਂ ਵਿੱਚ ਸੱਤ ਗਵਰਨਰ ਬਦਲੇ ਗਏ। ਥੋੜ੍ਹੇ ਸਮੇਂ ਲਈ ਜਨਰਲ ਹਰੀ ਸਿੰਘ ਨਲਵਾ ਨੂੰ ਗਵਰਨਰ ਲਗਾਇਆ ਗਿਆ ਸੀ। ਉਹਨਾਂ ਨੇ ਕਾਠੀ ਦਰਵਾਜ਼ਾ, ਸ੍ਰੀਨਗਰ, ਮਟਨ ਅਤੇ ਬਾਰਾਮੂਲਾ ਵਿੱਚ ਗੁਰਦੁਆਰੇ ਬਣਵਾਏ ਸਨ, ਜੋ ਗੁਰੂ ਹਰਗੋਬਿੰਦ ਜੀ ਦੀ ਯਾਤਰਾ ਨਾਲ ਜੁੜੇ ਹੋਏ ਸਨ। ਨਲਵਾ ਨੇ ਕਸ਼ਮੀਰੀ ਪੰਡਤਾਂ ਉੱਤੇ ਅਫ਼ਗਾਨ ਸਾਸ਼ਨ ਵਿੱਚ ਲੱਗੀਆਂ ਪਾਬੰਦੀਆਂ 'ਪੂਜਾ, ਪਹਿਰਾਵਾ ਤੇ ਰੀਤੀ-ਰਿਵਾਜਾਂ ਸਬੰਧੀ' ਸਾਰੀਆਂ ਹਟਾ ਦਿੱਤੀਆਂ ਸਨ।

1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਸਾਮਰਾਜ ਕਮਜ਼ੋਰ ਹੋਇਆ। 1846 ਵਿੱਚ ਅੰਗਰੇਜ਼ਾਂ ਨਾਲ ਲੜਾਈ ਹੋਈ ਅਤੇ ਲਾਹੌਰ ਸੰਧੀ ਤਹਿਤ ਕਸ਼ਮੀਰ ਈਸਟ ਇੰਡੀਆ ਕੰਪਨੀ ਕੋਲ ਚਲਾ ਗਿਆ। ਅੰਮ੍ਰਿਤਸਰ ਸੰਧੀ ਅਨੁਸਾਰ ਇਸ ਨੂੰ ਗੁਲਾਬ ਸਿੰਘ ਨੂੰ 75 ਲੱਖ ਰੁਪਏ ਵਿੱਚ ਵੇਚ ਦਿੱਤਾ ਗਿਆ। ਇਸ ਨਾਲ ਸਿੱਖ ਰਾਜ ਦਾ ਅੰਤ ਹੋਇਆ।

### 1947 ਦਾ ਦਰਦਨਾਕ ਅਧਿਆਇ: ਕਬਾਇਲੀ ਹਮਲਾ ਤੇ ਕਤਲੋਗਾਰਤ

ਭਾਰਤ-ਪਾਕਿਸਤਾਨ ਵੰਡ ਸਮੇਂ ਜੰਮੂ-ਕਸ਼ਮੀਰ ਰਾਜਾ ਹਰੀ ਸਿੰਘ ਦੇ ਅਧੀਨ ਇੱਕ ਅਲੱਗ ਰਿਆਸਤ ਸੀ। 22 ਅਕਤੂਬਰ ਤੋਂ 5 ਨਵੰਬਰ 1947 ਤੱਕ ਪਾਕਿਸਤਾਨ ਤੋਂ ਕਬਾਇਲੀਆਂ ਨੇ ਵਾਦੀ ਉੱਤੇ ਹਮਲਾ ਕੀਤਾ। ਮੁਜ਼ੱਫਰਾਬਾਦ, ਮੀਰਪੁਰ, ਕੋਟਲੀ, ਦੋਮੇਲ, ਪੁੰਛ, ਰਾਜੌਰੀ ਤੇ ਬਾਰਾਮੂਲਾ ਇਲਾਕੇ ਨਿਸ਼ਾਨੇ ਬਣੇ। ਹਿੰਦੂ, ਸਿੱਖ ਤੇ ਮੁਸਲਮਾਨਾਂ ਦਾ ਕਤਲੇਆਮ ਹੋਇਆ। ਖੋਜਕਾਰ ਕੰਵਲ ਸਿੰਘ ਕਹਿੰਦੇ ਨੇ, ਸਿੱਖਾਂ ਦੀ ਕਤਲੋਗਾਰਤ ਬਾਰੇ ਜ਼ਿਆਦਾ ਨਹੀਂ ਲਿਖਿਆ ਗਿਆ ਅਤੇ ਨਾ ਹੀ ਚਰਚਾ ਹੋਈ। ਉਨ੍ਹਾਂ ਦੇ ਦਾਦਾ ਕੈਪਟਨ (ਸੇਵਾਮੁਕਤ) ਅਨੂਪ ਸਿੰਘ ਨੇ 1947 ਵਿੱਚ ਬ੍ਰਿਗੇਡੀਅਰ ਪ੍ਰੀਤਮ ਸਿੰਘ ਵੱਲੋਂ ਬਣਾਈ ਜੰਮੂ-ਕਸ਼ਮੀਰ ਮਿਲੀਸ਼ੀਆ (ਸਵੈਸੇਵੀ ਸੈਨਾ) ਵਿੱਚ ਸਵੈ-ਇੱਛਾ ਨਾਲ ਸੇਵਾ ਕੀਤੀ।

ਪੁੰਛ ਵਿੱਚ ਗੁਰਦੁਆਰਾ ਨਗਾਲੀ ਸਾਹਿਬ ਉੱਤੇ ਹਮਲੇ ਸਮੇਂ ਕੰਵਲ ਸਿੰਘ ਦੇ ਪੜਦਾਦਾ ਪੂਰਨ ਸਿੰਘ ਨੇ 6 ਬੰਦਿਆਂ ਨਾਲ ਬੰਦੂਕਾਂ ਲੈ ਕੇ 48 ਘੰਟੇ ਮੋਰਚਾ ਲਾਇਆ। ਉਸ ਤੋਂ ਬਾਅਦ ਫ਼ੌਜ ਪਹੁੰਚ ਗਈ। ਕਿਤਾਬ ਐਨ ਇਨਵਿਜ਼ਿਬਲ ਮਾਇਨੋਰਟੀ: ਦ ਹਿਸਟਰੀ, ਸੋਸਾਇਟੀ ਐਂਡ ਪਾਲਿਟਿਕਸ ਆਫ਼ ਸਿਖਸ ਇਨ ਕਸ਼ਮੀਰ ਦੀ ਲੇਖਿਕਾ ਕੋਮਲ ਜੀ.ਬੀ. ਸਿੰਘ ਕਹਿੰਦੇ ਨੇ, ਇਸ ਦੌਰਾਨ ਬਹੁਤ ਸਾਰੇ ਸਿੱਖ ਮਾਰੇ ਗਏ। ਹਾਲਾਂਕਿ ਮਰਨ ਵਾਲਿਆਂ ਵਿੱਚ ਹੋਰ ਭਾਈਚਾਰੇ ਵੀ ਸ਼ਾਮਲ ਸਨ। ਕਬਾਇਲੀਆਂ ਨੇ ਕਤਲੇਆਮ ਕੀਤਾ, ਪਰ ਸਿੱਖਾਂ ਨੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਰੋਕੀ ਰੱਖਿਆ।

ਲੜਾਈ ਉਸ ਸਮੇਂ ਤੱਕ ਚੱਲਦੀ ਰਹੀ ਜਦੋਂ ਤੱਕ ਭਾਰਤੀ ਫ਼ੌਜ ਨਹੀਂ ਪਹੁੰਚੀ। ਇਸ ਤੋਂ ਬਾਅਦ ਫ਼ੌਜਾਂ ਦੀ ਲੜਾਈ ਕਰੀਬ ਇੱਕ ਸਾਲ ਚੱਲੀ। ਜਿਨ੍ਹਾਂ ਇਲਾਕਿਆਂ ਵਿੱਚੋਂ ਕਬਾਇਲੀ ਭੱਜੇ, ਉਹ ਅੱਜ ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ਕਿਹਾ ਜਾਂਦਾ ਹੈ। ਸਿੱਖਾਂ ਨੇ ਘਰ ਛੱਡ ਕੇ ਰਫ਼ਿਊਜੀ ਕੈਂਪਾਂ ਵਿੱਚ ਦਿਨ ਕੱਟੇ, ਪਰ ਆਪਣੀ ਧਰਤੀ ਨੂੰ ਬਚਾਉਣ ਲਈ ਡਟੇ ਰਹੇ।

### ਅੱਜ ਦੀ ਹਕੀਕਤ: ਘੱਟ ਪ੍ਰਤੀਨਿੱਧਤਾ ਤੇ ਸਿੱਖ ਨੌਜਵਾਨਾਂ ਦਾ ਪਰਵਾਸ

1989 ਵਿੱਚ ਕਸ਼ਮੀਰੀ ਪੰਡਤਾਂ ਦੇ ਉਜਾੜੇ ਤੋਂ ਬਾਅਦ ਸਿੱਖ ਇੱਕੋ-ਇੱਕ ਭਾਈਚਾਰਾ ਹੈ ਜੋ ਵਾਦੀ ਵਿੱਚ ਰਹਿ ਗਿਆ। ਪਰ ਅੱਜ ਉਹ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਪ੍ਰਤੀਨਿੱਧਤਾ ਲਈ ਜੂਝ ਰਹੇ ਨੇ। ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿੱਚ ਚਿੱਟੀ ਸਿੰਘਪੁਰਾ (ਚਿੱਟੀਸਿੰਘਪੋਰਾ) ਪਿੰਡ ਵਿੱਚ 20 ਮਾਰਚ 2000 ਨੂੰ ਅੱਤਵਾਦੀਆਂ ਨੇ 35 ਨਿਰਦੋਸ਼ ਕਸ਼ਮੀਰੀ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਇਹ ਹਮਲਾ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਭਾਰਤ ਦੌਰੇ ਤੋਂ ਇੱਕ ਦਿਨ ਪਹਿਲਾਂ ਹੋਇਆ। ਅੱਤਵਾਦੀ ਭਾਰਤੀ ਫੌਜ ਦੀ ਯੂਨੀਫਾਰਮ ਪਹਿਨ ਕੇ ਆਏ, ਘਰ-ਘਰ ਜਾ ਕੇ ਮਰਦਾਂ ਨੂੰ ਬਾਹਰ ਕੱਢਿਆ ਅਤੇ ਗੁਰਦੁਆਰੇ ਨੇੜੇ ਲਾਈਨ ਬਣਾ ਕੇ ਗੋਲੀਆਂ ਮਾਰ ਦਿੱਤੀਆਂ। ਪਰ ਇਸ ਦਾ ਅਜੇ ਤੱਕ ਇਨਸਾਫ ਨਹੀਂ ਮਿਲਿਆ। ਅੱਜ ਵੀ ਚਿੱਟੀ ਸਿੰਘਪੁਰਾ ਦੇ ਸਿੱਖ ਇਨਸਾਫ਼ ਲਈ ਲੜ ਰਹੇ ਨੇ। ਹਰ ਸਾਲ 20 ਮਾਰਚ ਨੂੰ ਯਾਦ ਕਰਕੇ ਸਿੱਖ ਭਾਈਚਾਰਾ ਸ਼ੋਕ ਮਨਾਉਂਦਾ ਹੈ। ਇਹ ਘਟਨਾ ਕਸ਼ਮੀਰ ਵਿੱਚ ਘੱਟ-ਗਿਣਤੀਆਂ ਦੀ ਅਸੁਰੱਖਿਆ ਨੂੰ ਉਜਾਗਰ ਕਰਦੀ ਹੈ। ਸਰਕਾਰ ਨੂੰ ਅਜੇ ਵੀ ਅਸਲ ਕਾਤਲਾਂ ਨੂੰ ਸਜ਼ਾ ਦੇਣੀ ਬਾਕੀ ਹੈ। (ਬਾਕੀ ਸਫ਼ਾ 26 'ਤੇ)





# ‘ਗੰਨ ਕਲਚਰ’ ਬਣਿਆ ਅਮਰੀਕੀ ਜ਼ਿੰਦਗੀ ਦਾ ਹਿੱਸਾ



## ਨ਼ਫਰਤ, ਅਪਰਾਧ, ਹਿੰਸਾ ਅਤੇ ਬੰਦੂਕ ਸੱਭਿਆਚਾਰ ਦਾ ਗੜ੍ਹ ਬਣਿਆ ਅਮਰੀਕਾ

## ਅਮਰੀਕਾ ’ਚ ‘ਗੰਨ ਕਲਚਰ’ ਨੂੰ ਵਧਾਉਣ ਵਿੱਚ ਨਾਂਹ-ਪੱਖੀ ਰਾਜਨੀਤੀ ਨਿਭਾਉਂਦੀ ਹੈ ਵੱਡੀ ਭੂਮਿਕਾ



ਦੁਨੀਆ ਵਿੱਚ ਆਪਣੇ ਆਪ ਨੂੰ ਸਭ ਤੋਂ ਸਭਿਅਕ ਅਤੇ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਮੰਨਣ ਵਾਲੇ ਅਮਰੀਕਾ ਦੇ ਲੋਕਾਂ ਵਿੱਚ ਵਧ ਰਹੇ ‘ਗੰਨ ਕਲਚਰ’ ਦੇ ਨਾਲ-ਨਾਲ ਵਧਦੀ ਅਸਹਿਨਸ਼ੀਲਤਾ, ਹਿੰਸਕ ਮਾਨਸਿਕਤਾ ਅਤੇ ਹਥਿਆਰਾਂ ਦੀ ਆਸਾਨ ਉਪਲਬਧਤਾ ਦੇ ਮਾੜੇ ਪ੍ਰਭਾਵ ਲਗਾਤਾਰ ਵਾਪਰ ਰਹੀਆਂ ਦੁਖਦਾਈ ਘਟਨਾਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ, ਇਹ ਚਿੰਤਾਜਨਕ ਹੈ। ਅਮਰੀਕਾ ਦੀ ਆਧੁਨਿਕ ਸੱਭਿਅਤਾ ਦੀ ਸਭ ਤੋਂ ਵੱਡੀ ਸਮੱਸਿਆ ਇਹ ਰਹੀ ਹੈ ਕਿ ਇੱਥੇ ਹਿੰਸਾ ਇੰਨੀ ਕੁਦਰਤੀ ਹੋ ਗਈ ਹੈ ਕਿ ਹਰ ਚੀਜ਼ ਦਾ ਜਵਾਬ ਹਿੰਸਾ ਦੀ ਭਾਸ਼ਾ ਵਿੱਚ ਹੀ ਦਿੱਤਾ ਜਾਣ ਲੱਗਾ ਹੈ। ਇਥੇ ਹਿੰਸਾ ਦਾ ਮਾਹੌਲ ਏਨਾ ਜ਼ੋਰਦਾਰ ਹੋ ਗਿਆ ਹੈ ਕਿ ਇਥੇ ਦੇ ਬੰਦੂਕ ਕਲਚਰ ਕਾਰਨ ਆਪਣੇ ਹੀ ਘਰਾਂ ਵਿੱਚ ਬਹੁਤ ਅਸੁਰੱਖਿਅਤ ਹੋ ਗਏ ਹਨ। ਅਮਰੀਕਾ ਨੂੰ ਆਪਣੇ ਵਿਗੜ ਰਹੇ ਅਕਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਇੱਕ ਬੁਰਾ ਦਾਗ ਹੈ ਜੋ ਉਸ ਦੇ ਅੰਤਰਰਾਸ਼ਟਰੀ ਅਕਸ ਨੂੰ ਠੇਸ ਪਹੁੰਚਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਅਮਰੀਕਾ ਦੀਆਂ ਔਰਤਾਂ ਵਿੱਚ ਵੀ ਗੰਨ ਕਲਚਰ ਦਾ ਰੁਝਾਨ ਵਧਿਆ ਹੈ। ਅਮਰੀਕਾ ਦੀਆਂ ਵੱਡੀ ਗਿਣਤੀ ਔਰਤਾਂ ਵੀ ਹੁਣ ਹਥਿਆਰਾਂ ਨੂੰ ਪਸੰਦ ਕਰਨ ਲੱਗੀਆਂ ਹਨ ਅਤੇ ਆਪਣੇ ਕੋਲ ਹਥਿਆਰ ਰੱਖਣ ਲੱਗੀਆਂ ਹਨ।

ਗੰਨ ਕਲਚਰ ਆਪਣੀ ਸ਼ੁਰੂਆਤ ਤੋਂ ਹੀ ਅਮਰੀਕੀ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਜਦੋਂ ਗੋਰੇ ਯੂਰਪੀਅਨ ਦੋ ਤੋਂ ਢਾਈ ਸਦੀਆਂ ਪਹਿਲਾਂ ਅਮਰੀਕਾ ਵਿੱਚ ਆਉਣੇ ਸ਼ੁਰੂ ਹੋਏ ਸਨ, ਤਾਂ ਉਨ੍ਹਾਂ ਨੂੰ ਸਥਾਨਕ ਰੈੱਡ ਇੰਡੀਅਨਜ਼ ਨਾਲ ਜੂਝਣਾ ਪਿਆ। ਇਸ ਤੋਂ ਬਾਅਦ, ਅਫਰੀਕੀ ਅਮਰੀਕੀਆਂ ਦੇ ਵੱਡੇ ਪੱਧਰ ’ਤੇ ਆਉਣ ਨਾਲ, ਹਥਿਆਰਾਂ ਦੀ ਜ਼ਰੂਰਤ ਹੋਰ ਵੀ ਵੱਧ ਗਈ।

ਇਸੇ ਕਰਕੇ ਸਾਲ 1791 ਵਿੱਚ ‘ਜੇਮਸ ਮੈਡੀਸਨ’ ਦੁਆਰਾ ਪੇਸ਼ ਕੀਤੀ ਗਈ ਅਮਰੀਕੀ ਸੰਵਿਧਾਨ ਦੀ ਦੂਜੀ ਸੋਧ ਨੇ ਆਮ ਨਾਗਰਿਕਾਂ ਨੂੰ ਹਥਿਆਰ ਰੱਖਣ ਦਾ ਪੂਰਾ ਅਧਿਕਾਰ ਦਿੱਤਾ। ਇਹ ਅਧਿਕਾਰ ਅੱਜ ਵੀ ਬਰਕਰਾਰ ਹੈ। ਅਮਰੀਕੀ ਸੈਨੇਟ, ਜਾਂ ਰਾਜ ਸਭਾ, ਜੋ ਕਿ ਲੋਕ ਸਭਾ, ਜਾਂ ਪ੍ਰਤੀਨਿਧੀ ਸਭਾ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੈ, ਕਦੇ ਵੀ ਇਸ ਸੰਵਿਧਾਨਕ ਕਾਨੂੰਨ ਨੂੰ ਖਤਮ ਨਹੀਂ ਹੋਣ ਦਿੰਦੀ।

ਇੱਕ ਰਿਪੋਰਟ ਦੇ ਅਨੁਸਾਰ, 2024 ਵਿੱਚ ਅਮਰੀਕਾ ਵਿੱਚ ਲਗਭਗ 16.17 ਮਿਲੀਅਨ ਬੰਦੂਕਾਂ ਵੇਚੀਆਂ ਗਈਆਂ। ਸਾਲ 2020 ਵਿੱਚ, ਕੋਵਿਡ-19 ਮਹਾਂਮਾਰੀ, ਸਮਾਜਿਕ ਅਸ਼ਾਂਤੀ ਅਤੇ ਰਾਸ਼ਟਰਪਤੀ ਚੋਣਾਂ ਕਾਰਨ ਬੰਦੂਕਾਂ ਦੀ ਵਿਕਰੀ ਰਿਕਾਰਡ ਉੱਚ ਪੱਧਰ ’ਤੇ ਪਹੁੰਚ ਗਈ ਸੀ। ਉਸ ਸਾਲ ਅੰਦਾਜ਼ਨ 21.8 ਮਿਲੀਅਨ ਬੰਦੂਕਾਂ ਵੇਚੀਆਂ ਗਈਆਂ ਸਨ। ਜਦੋਂ ਵੀ ਚੋਣਾਂ ਹੁੰਦੀਆਂ ਹਨ ਜਾਂ ਬੰਦੂਕ ਕੰਟਰੋਲ ਕਾਨੂੰਨ ’ਤੇ ਚਰਚਾ ਹੁੰਦੀ ਹੈ, ਤਾਂ ਬੰਦੂਕ ਖਰੀਦਦਾਰ ਅਕਸਰ ਭਵਿੱਖ ਦੀਆਂ ਪਾਬੰਦੀਆਂ ਤੋਂ ਡਰਦੇ ਹੋਏ ਵਧੇਰੇ ਬੰਦੂਕਾਂ ਖਰੀਦਦੇ ਹਨ।

ਅਮਰੀਕੀ ਨਾਗਰਿਕਾਂ ਕੋਲ ਦੁਨੀਆ ਵਿੱਚ ਸਭ ਤੋਂ ਵੱਧ ਬੰਦੂਕਾਂ ਹਨ। 2023 ਦੇ ਇੱਕ ਅੰਦਾਜ਼ੇ ਅਨੁਸਾਰ, ਅਮਰੀਕੀ ਨਾਗਰਿਕਾਂ ਕੋਲ 393 ਮਿਲੀਅਨ ਤੋਂ ਵੱਧ ਬੰਦੂਕਾਂ ਹਨ। ਇਹ ਗਿਣਤੀ ਅਮਰੀਕਾ ਦੀ ਕੁੱਲ ਆਬਾਦੀ ਤੋਂ ਵੱਧ ਹੈ, ਭਾਵ ਪ੍ਰਤੀ 100 ਅਮਰੀਕੀਆਂ ਵਿੱਚ ਲਗਭਗ 120.5 ਬੰਦੂਕਾਂ ਹਨ। ਇਹ ਵੀ ਦੇਖਿਆ ਗਿਆ ਹੈ ਕਿ ਲਗਭਗ 40-44 ਪ੍ਰਤੀਸ਼ਤ ਅਮਰੀਕੀ ਨਿਵਾਸੀ ਬੰਦੂਕਾਂ ਵਾਲੇ ਘਰਾਂ ਵਿੱਚ ਰਹਿੰਦੇ ਹਨ, ਜਦੋਂ ਕਿ ਲਗਭਗ 32 ਪ੍ਰਤੀਸ਼ਤ ਅਮਰੀਕੀ ਵਿਅਕਤੀਗਤ ਬੰਦੂਕਾਂ ਦੇ ਮਾਲਕ ਹਨ। ਇਸਦਾ ਮਤਲਬ ਹੈ ਕਿ ਜਿਨ੍ਹਾਂ ਕੋਲ ਬੰਦੂਕਾਂ ਹਨ ਉਨ੍ਹਾਂ ਵਿੱਚੋਂ ਬਹੁਤਿਆਂ ਕੋਲ ਇੱਕ ਤੋਂ ਵੱਧ ਬੰਦੂਕਾਂ ਹਨ।

### ਬੰਦੂਕਾਂ ਨਹੀਂ ਮਾਰਦੀਆਂ, ਲੋਕ ਇੱਕ ਦੂਜੇ ਨੂੰ ਮਾਰਦੇ ਹਨ : ਐਨ.ਆਰ.ਏ.



ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਬੰਦੂਕ ਕਾਨੂੰਨਾਂ ਨੂੰ ਸਖ਼ਤ ਕਰਨ ਦਾ ਇੱਕ ਜ਼ੋਰਦਾਰ ਸਮਰਥਕ ਮੰਨਿਆ ਜਾਂਦਾ ਸੀ, ਪਰ ਉਹ ਵੀ ਅਸਫਲ ਰਹੇ। ਨਿਯਮਾਂ ਨੂੰ ਬਦਲਣ ਵਿੱਚ ਸਭ ਤੋਂ ਵੱਡੀ ਰੁਕਾਵਟ ਸ਼ਕਤੀਸ਼ਾਲੀ ਬੰਦੂਕ ਲਾਬੀ, ਨੈਸ਼ਨਲ ਰਾਈਫਲ ਐਸੋਸੀਏਸ਼ਨ (ਐਨ.ਆਰ.ਏ.) ਹੈ। ਇਸਦਾ ਨਾਅਰਾ ਹੈ, ‘ਬੰਦੂਕਾਂ ਨਹੀਂ ਮਾਰਦੀਆਂ, ਲੋਕ ਇੱਕ ਦੂਜੇ ਨੂੰ ਮਾਰਦੇ ਹਨ’। ਅਮਰੀਕਾ ਵਿੱਚ, ਲਗਭਗ ਹਰ ਘਰ ਅਤੇ ਹਰ ਵਿਅਕਤੀ ਕੋਲ ਹਥਿਆਰਾਂ ਦਾ ਭੰਡਾਰ ਹੈ।

ਅਮਰੀਕੀ ਗੰਨ ਕਲਚਰ ਦੀਆਂ ਤੰਦਾਂ 18ਵੀਂ ਸਦੀ ਦੀ ਅਮਰੀਕੀ ਕ੍ਰਾਂਤੀ (1775-1783) ਨਾਲ ਜੁੜੀਆਂ ਹੋਈਆਂ ਹਨ, ਜਦੋਂ ਨਾਗਰਿਕ ਮਿਲੀਸ਼ੀਆਵਾਂ ਨੇ ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਲੜਾਈ ਲੜੀ ਸੀ। 1788 ਵਿੱਚ ਜੇਮਜ਼ ਮੈਡੀਸਨ ਨੇ ਸੰਵਿਧਾਨ ਦੀ ਦੂਜੀ ਸੋਧ ਦੀ ਵਕਾਲਤ ਕੀਤੀ, ਜਿਸ ਵਿੱਚ ਲਿਖਿਆ ਗਿਆ: “ਇੱਕ ਸੁਚਾਰੂ ਮਿਲੀਸ਼ੀਆ, ਜੋ ਇੱਕ ਸੁਤੰਤਰ ਰਾਜ ਦੀ ਸੁਰੱਖਿਆ ਲਈ ਜ਼ਰੂਰੀ ਹੈ, ਨਾਗਰਿਕਾਂ ਦੇ ਹਥਿਆਰ ਰੱਖਣ ਅਤੇ ਚੁੱਕਣ ਦੇ ਅਧਿਕਾਰ ਦੀ ਉਲੰਘਣਾ ਨਹੀਂ ਕੀਤੀ ਜਾਵੇਗੀ।” ਇਸ ਨੇ ਹਥਿਆਰਾਂ ਨੂੰ ਨਾ ਸਿਰਫ ਸਵੈ-ਰੱਖਿਆ, ਸਗੋਂ ਰਾਜ ਦੇ ਵਿਰੁੱਧ ਸੰਭਾਵੀ ਅੱਤਿਆਚਾਰ ਦੇ ਵਿਰੋਧ ਵਜੋਂ ਵੀ ਜਾਇਜ਼ ਠਹਿਰਾਇਆ। ਇਸ ਤੋਂ ਬਾਅਦ ਤਾਂ ਅਮਰੀਕਾ ਵਿੱਚ ਗੰਨ ਕਲਚਰ ਦਾ ਰੁਝਾਨ ਆਮ ਹੋ ਗਿਆ। ਇਸ ਸਮੇਂ ਹਥਿਆਰਾਂ ਦਾ ਜਾਦੂ ਅਮਰੀਕੀਆਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ।

ਅਮਰੀਕਾ ਵਿੱਚ ਜਿਵੇਂ- ਜਿਵੇਂ ਹਥਿਆਰਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਗਿਆ, ਉਸੇ ਤਰੀਕੇ ਨਾਲ ਹਥਿਆਰਾਂ ਨਾਲ ਹਿੰਸਾ ਵਿੱਚ ਵੀ ਵਾਧਾ ਹੁੰਦਾ ਗਿਅਆ। ਸਾਲ 2023 ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ 46,728 ਵਿਅਕਤੀਆਂ ਦੀ ਮੌਤ ਹਥਿਆਰਾਂ ਨਾਲ ਹੋਈ, ਜਿਨ੍ਹਾਂ ਵਿੱਚ 27,300 ਖੁਦਕੁਸ਼ੀਆਂ ਅਤੇ 17,927 ਕਤਲ ਸ਼ਾਮਲ ਸਨ। ਸਮਾਲ ਆਰਮਜ਼ ਸਰਵੇ 2023 ਦੀ ਰਿਪੋਰਟ ਅਨੁਸਾਰ ਅਮਰੀਕਾ ਵਿੱਚ 393 ਮਿਲੀਅਨ ਹਥਿਆਰ ਹਨ, ਜੋ ਵਿਸ਼ਵ ਦੇ 46% ਨਾਗਰਿਕ ਹਥਿਆਰਾਂ ਦਾ ਹਿੱਸਾ ਹੈ। ਅਮਰੀਕਾ ਦੀ ਆਬਾਦੀ 330 ਮਿਲੀਅਨ ਹੈ, ਭਾਵ ਪ੍ਰਤੀ ਵਿਅਕਤੀ 1.2 ਹਥਿਆਰ ਹਨ।

ਪਿਊ ਰਿਸਰਚ ਸੈਂਟਰ ਅਨੁਸਾਰ, 32% ਅਮਰੀਕੀਆਂ ਕੋਲ ਹਥਿਆਰ ਹਨ ਅਤੇ 42% ਘਰਾਂ ਵਿੱਚ ਘੱਟੋ-ਘੱਟ ਇੱਕ ਹਥਿਆਰ ਮੌਜੂਦ ਹੈ। 2024 ਵਿੱਚ ਅਮਰੀਕਾ ਵਿੱਚ 488 ਮਾਸ ਸ਼ੂਟਿੰਗਜ਼ (ਚਾਰ ਜਾਂ ਵੱਧ ਪੀੜਤਾਂ ਵਾਲੀਆਂ ਘਟਨਾਵਾਂ) ਵਾਪਰੀਆਂ, ਜੋ 2023 ਦੀਆਂ 656 ਘਟਨਾਵਾਂ ਨਾਲੋਂ ਘੱਟ ਸਨ, ਪਰ ਫਿਰ ਵੀ ਇਹ ਅੰਕੜਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਸਮੇਂ ਅਮਰੀਕਾ ਦੀ ਹਾਲਤ ਇਹ ਹੋ ਚੁੱਕੀ ਹੈ ਕਿ ਆਮ ਲੋਕਾਂ ਦੇ ਜੀਵਨ ਵਿੱਚ ਹਰ ਵੇਲੇ ਕਿਸੇ ਨਾ ਕਿਸੇ ਪਾਗਲ ਵਿਅਕਤੀ ਦੇ ਮਨਸੂਬਿਆਂ ਕਾਰਨ ਕਿਸੇ ਨਾ ਕਿਸੇ ਵੱਡੀ ਤਬਾਹੀ ਦਾ ਡਰ ਬਣਿਆ ਰਹਿੰਦਾ ਹੈ। ਉਥੋਂ ਦੇ ਵਿਸ਼ਵਾਸ ਅਤੇ ਵਫ਼ਾਦਾਰੀ ਇਸ ਕਦਰ ਜ਼ਖਮੀ ਹੋ ਚੁੱਕੀ ਹੈ ਕਿ ਮਨੁੱਖਾਂ ਵਿੱਚ ਵਿਸ਼ਵਾਸ ਵਰਗੀ ਕੋਈ ਸੁਰੱਖਿਆ ਢਾਲ ਨਹੀਂ ਰਹੀ। ਸਾਫ ਸੁਥਰੇ ਚਿਹਰਿਆਂ ਦੇ ਅੰਦਰ ਕਿਹੜੇ ਭੈੜੇ ਅਤੇ ਪਾਗਲ ਮਨ ਛੁਪੇ ਹੋਏ ਹਨ, ਇਹ ਕਹਿਣਾ ਮੁਸ਼ਕਿਲ ਹੈ। ਅਮਰੀਕਾ ਦੀ ਹਥਿਆਰਾਂ ਦੀ ਦੌੜ ਅਤੇ ਟੈਕਨੌਲੋਜੀ ਦੀ ਦੌੜ ਸਮੁੱਚੀ ਮਨੁੱਖ ਜਾਤੀ ਨੂੰ ਅਜਿਹੇ ਖੂੰਜੇ ਵੱਲ ਧੱਕ ਰਹੀ ਹੈ ਜਿੱਥੋਂ ਮੁੜਨਾ ਮੁਸ਼ਕਿਲ ਹੋ ਗਿਆ ਹੈ। ਹੁਣ ਦੁਨੀਆ ਦੇ ਨਾਲ-ਨਾਲ ਅਮਰੀਕਾ ਵੀ ਇਨ੍ਹਾਂ ਹਥਿਆਰਾਂ ਅਤੇ ਹਿੰਸਕ ਮਾਨਸਿਕਤਾ ਦਾ ਸ਼ਿਕਾਰ ਹੈ। ਅਸਲ ਵਿੱਚ ਅਮਰੀਕਾ ਨ਼ਫਰਤ, ਮਾਨਸਿਕ ਅਸੰਤੁਲਨ, ਵਿਦਰੋਹ ਅਤੇ ਅਸੰਤੋਸ਼ ਨੂੰ ਰੋਕਣ ਦੀ ਆਪਣੀ ਮੁਹਿੰਮ ਵਿੱਚ ਨਾਕਾਮ ਹੋ ਰਿਹਾ ਹੈ। ਐਫ.ਬੀ.ਆਈ. ਦੀ ਸਾਲਾਨਾ ਅਪਰਾਧ ਰਿਪੋਰਟ ਇਹ ਉਜਾਗਰ ਕਰਦੀ ਹੈ ਕਿ ਬੰਦੂਕ ਸੱਭਿਆਚਾਰ ਅਤੇ ਇਸ ਨਾਲ ਜੁੜੀ ਹਿੰਸਾ ਵਿਆਪਕ ਹੋ ਗਈ ਹੈ। ਪਿਛਲੇ ਸਾਲ ਅਮਰੀਕਾ ਵਿੱਚ ਕਰੀਬ ਪੰਜ ਲੱਖ ਹਿੰਸਕ ਅਪਰਾਧਾਂ ਵਿੱਚ ਬੰਦੂਕਾਂ ਦੀ ਵਰਤੋਂ ਕੀਤੀ ਗਈ ਸੀ। ਗੰਨ ਕਲਚਰ 2020 ਵਿੱਚ ਅਮਰੀਕੀ ਬੱਚਿਆਂ ਦੀ ਮੌਤ ਦਾ ਮੁੱਖ ਕਾਰਨ ਬਣਿਆ ਅਤੇ 2022 ਵਿੱਚ ਸਥਿਤੀ ਹੋਰ ਵੀ ਬਦਤਰ ਹੋ ਗਈ। ਇਸ ਤੋਂ ਬਾਅਦ ਹੁਣ ਸਾਲ 2025 ਤੱਕ ਅਮਰੀਕਾ ਦਾ ਗੰਨ ਕਲਚਰ ਵੱਡੀ ਸਮੱਸਿਆ ਬਣ ਚੁੱਕਿਆ ਹੈ। ਅਮਰੀਕਾ ’ਚ ਗੰਨ ਕਲਚਰ ਕਾਰਨ ਜਾਨ ਗੁਆਉਣ ਵਾਲੇ ਬੱਚਿਆਂ ਦੀ ਗਿਣਤੀ 12 ਫੀਸਦੀ ਵਧੀ ਹੈ। ਅਜਿਹੇ ਹਾਲਾਤ ਵਿੱਚ ਅਮਰੀਕਾ ਦੁਨੀਆ ਲਈ ਰੋਲ ਮਾਡਲ ਕਿਵੇਂ ਬਣ ਸਕਦਾ ਹੈ ? ਜਿੱਥੇ ਦੁਨੀਆ ਅਮਰੀਕੀ ਸੱਭਿਆਚਾਰ ਦੀ ਪਾਲਣਾ ਕਰਦੀ ਹੈ, ਉੱਥੇ ਅਮਰੀਕਾ ਕਈ ਦੇਸ਼ਾਂ ਦੀਆਂ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀਆਂ ਰਿਪੋਰਟਾਂ ਜਾਰੀ ਕਰਦਾ ਹੈ। ਜੇਕਰ ਅਮਰੀਕਾ ਆਪਣੀ ਕਹਿਣੀ ਅਤੇ ਕਰਨੀ ਵਿਚਲਾ ਫਰਕ ਖਤਮ ਕਰਨ ਵੱਲ ਵਧਦਾ ਹੈ ਤਾਂ ਦੁਨੀਆ ਨੂੰ ਇਸ ਦੇ ਨਾਲ-ਨਾਲ ਹੋਰ ਫਾਇਦਾ ਹੋਵੇਗਾ।

ਅਮਰੀਕਾ ਦੀ ਹਥਿਆਰ ਮਾਰਕੀਟ ਨੂੰ ਵਿਸ਼ਵ ਦੀ ਸਭ ਤੋਂ ਵੱਡੀ ਮਾਰਕੀਟ ਮੰਨਿਆ ਜਾਂਦਾ ਹੈ। 2016 ਦੌਰਾਨ ਅਮਰੀਕਾ ’ਚ 10.6 ਮਿਲੀਅਨ ਹਥਿਆਰ ਬਣਾਏ ਗਏ, ਜਿਨ੍ਹਾਂ ਵਿੱਚ ਪਿਸਤੌਲ (44%) ਅਤੇ ਰਾਈਫਲਾਂ (37%) ਦਾ ਦਬਦਬਾ ਸੀ। ਸਮਿਥ ਐਂਡ ਵੈਸਨ, ਰਗਰ ਅਤੇ ਸਿਗ ਸੌਰ ਵਰਗੀਆਂ ਕੰਪਨੀਆਂ ਨੇ ਸਵੈ-ਰੱਖਿਆ ਅਤੇ ਸੁਰੱਖਿਆ ’ਤੇ ਜ਼ੋਰ ਦਿੱਤਾ, ਜਿਸ ਨੇ ਵਿਕਰੀ ਨੂੰ ਹੁਲਾਰਾ ਦਿੱਤਾ। ਅਮਰੀਕੀ ਹਥਿਆਰ ਮਾਰਕੀਟ ਦੀ ਕੀਮਤ 2023 ਵਿੱਚ 28 ਅਰਬ ਡਾਲਰ ਸੀ, ਅਤੇ 2028 ਤੱਕ ਇਸ ਦੇ 37 ਅਰਬ ਡਾਲਰ ਤੱਕ ਪਹੁੰਚਣ ਦੀ ਸੰਭਾਵਨਾ ਹੈ। ਸੈਮੀ-ਆਟੋਮੈਟਿਕ ਰਾਈਫਲਾਂ, ਜਿਵੇਂ ਕਿ ਏ.ਆਰ.-15 ਸਭ ਤੋਂ ਪ੍ਰਸਿੱਧ ਹਨ, ਜੋ ਅਕਸਰ ਮਾਸ ਸ਼ੂਟਿੰਗਜ਼ ਵਿੱਚ ਵਰਤੀਆਂ ਜਾਂਦੀਆਂ ਹਨ। ਇਯ ਤੋਂ ਇਲਾਵਾ ਹੋਰ ਵੀ ਕਈ ਕਿਸਮ ਦੇ ਹਥਿਆਰ ਅਮਰੀਕਾ ’ਚ ਬਣਾਏ ਜਾਂਦੇ ਹਨ, ਜਿਹਨਾਂ ਦੀ ਪੂਰੀ ਦੁਨੀਆਂ ’ਚ ਭਾਰੀ ਮੰਗ ਹੈ। 2020 ਵਿੱਚ ਅਮਰੀਕਾ ਵਿੱਚ 11 ਮਿਲੀਅਨ ਤੋਂ ਵੱਧ ਬੰਦੂਕਾਂ ਦਾ ਨਿਰਮਾਣ ਕੀਤਾ ਗਿਆ ਸੀ, ਜੋ ਕਿ 2000 ਦੀ ਗਿਣਤੀ ਨਾਲੋਂ ਲਗਭਗ ਤਿੰਨ ਗੁਣਾ ਸੀ। ਹਾਲਾਂਕਿ, 2021 ਤੋਂ ਬਾਅਦ ਉਤਪਾਦਨ ਵਿੱਚ ਗਿਰਾਵਟ ਆਈ ਹੈ। 2023 ਵਿੱਚ, ਅਮਰੀਕੀ ਬੰਦੂਕਾਂ ਦਾ ਉਤਪਾਦਨ ਲਗਭਗ 14.96 ਮਿਲੀਅਨ (14.9 ਮਿਲੀਅਨ) ਸੀ। ਅਮਰੀਕਾ ਵਿੱਚ ਸਾਲਾਨਾ ਵਿਕਣ ਵਾਲੀਆਂ ਬੰਦੂਕਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ, ਜੋ ਕਿ ਹਰ ਸਾਲ ਅਕਸਰ 15 ਤੋਂ 20 ਮਿਲੀਅਨ ਦੇ ਵਿਚਕਾਰ ਹੁੰਦੀ ਹੈ। ਇਹ ਦੁਨੀਆ ਦੇ ਕਿਸੇ ਵੀ ਹੋਰ ਦੇਸ਼ ਨਾਲੋਂ ਬਹੁਤ ਜ਼ਿਆਦਾ ਹੈ। ਸਿਆਸੀ ਆਬਜ਼ਰਵਰਾਂ ਅਨੁਸਾਰ ਅਮਰੀਕਾ ਵਿੱਚ ‘ਬੰਦੂਕ ਕਲਚਰ’ ਨੂੰ ਵਧਾਉਣ ਵਿੱਚ ਨਾਂਹ-ਪੱਖੀ ਰਾਜਨੀਤੀ ਵੱਡੀ ਭੂਮਿਕਾ ਨਿਭਾਉਂਦੀ ਹੈ। (ਬਾਕੀ ਸਫ਼ਾ 26 ’ਤੇ)

**ਅਮਰੀਕਾ ’ਚ ਬਹੁਤ ਸਾਰੇ ਹਥਿਆਰਾਂ ਦੇ ਕਾਰਖ਼ਾਨੇ ਹੋਣ ਕਾਰਨ ‘ਗੰਨ ਕਲਚਰ’ ਉਥੋਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਿਆ ਹੈ ਪਰ ਇਸ ‘ਗੰਨ ਕਲਚਰ’ ਦੇ ਬੜੇ ਭਿਆਨਕ ਸਿੱਟੇ ਨਿਕਲ ਰਹੇ ਹਨ। ਪੂਰੀ ਦੁਨੀਆ ’ਚ ਹਿੰਸਾ ਦੀ ਧਰਤੀ ਨੂੰ ਖਾਦ ਅਤੇ ਪਾਣੀ ਮੁਹੱਈਆ ਕਰਵਾਉਣ ਵਾਲਾ ਅਤੇ ਦੁਨੀਆ ਵਿੱਚ ਹਥਿਆਰਾਂ ਦਾ ਤੂਫ਼ਾਨ ਲਿਆਉਣ ਵਾਲਾ ਅਮਰੀਕਾ ਹੁਣ ਖ਼ੁਦ ਹਿੰਸਾ ਦਾ ਸ਼ਿਕਾਰ ਹੋ ਰਿਹਾ ਹੈ। ਅਮਰੀਕੀ ਸਮਾਜ ‘ਗੰਨ ਕਲਚਰ’ ਦਾ ਖ਼ਮਿਆਜ਼ਾ ਪੂਰੀ ਤਰ੍ਹਾਂ ਭੁਗਤ ਰਿਹਾ ਹੈ, ਜਿਸ ਕਾਰਨ ਹੁਣ ਅਮਰੀਕਾ ਦੇ ਸੂਝਵਾਨ ਲੋਕ ‘ਗੰਨ ਕਲਚਰ’ ਵਿਰੁੱਧ ਆਵਾਜ਼ ਉਠਾਉਣ ਲੱਗ ਪਏ ਹਨ।**



# ਅਮਰੀਕਾ ਨੇ ਪ੍ਰਮਾਣੂ ਟੈਸਟਿੰਗ ਸ਼ੁਰੂ ਕਰਨ ਦਾ ਐਲਾਨ ਕਰਕੇ ਰੂਸ-ਚੀਨ ਨੂੰ ਦਿੱਤੀ ਚੁਣੌਤੀ

## ਪੁਤਿਨ ਨੇ ਅਟੱਲ ਹਥਿਆਰਾਂ ਨਾਲ ਟਰੰਪ ਨੂੰ ਦਿੱਤਾ ਜਵਾਬ

## ਚੀਨ ਨੇ ਟਰੰਪ ਨੂੰ ਲਲਕਾਰਿਆ: 'ਧਮਕੀਆਂ ਬੰਦ ਕਰੋ, ਨਹੀਂ ਤਾਂ ਅਸੀਂ ਵੀ ਤਿਆਰ ਹਾਂ'

## ਪ੍ਰਮਾਣੂ ਦੌੜ ਦਾ ਨਵਾਂ ਖ਼ਤਰਾ: ਅੰਤਰਰਾਸ਼ਟਰੀ ਅਖ਼ਬਾਰਾਂ ਚਿਤਾਵਨੀ ਦੇ ਰਹੀਆਂ - ਵਿਸ਼ਵ 'ਯੁੱਧ' ਵੱਲ ਵਧ ਰਿਹਾ

ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ਉੱਤੇ ਇੱਕ ਪੋਸਟ ਕਰਕੇ ਦਾਅਵਾ ਕੀਤਾ ਸੀ ਕਿ ਅਮਰੀਕਾ ਕੋਲ ਦੁਨੀਆਂ ਵਿੱਚ ਸਭ ਤੋਂ ਵੱਧ ਪ੍ਰਮਾਣੂ ਹਥਿਆਰ ਹਨ ਅਤੇ ਹੁਣ ਉਹ ਰੱਖਿਆ ਵਿਭਾਗ ਨੂੰ ਇਨ੍ਹਾਂ ਹਥਿਆਰਾਂ ਦੇ ਟੈਸਟਿੰਗ ਨੂੰ ਤੁਰੰਤ ਸ਼ੁਰੂ ਕਰਨ ਦਾ ਹੁਕਮ ਦੇ ਦਿਤੇ ਹਨ। ਇਹ ਐਲਾਨ ਉਸ ਸਮੇਂ ਆਇਆ ਜਦੋਂ ਰੂਸ ਨੇ ਆਪਣੇ ਦੋ ਨਵੇਂ ਪ੍ਰਮਾਣੂ-ਸੰਚਾਲਿਤ ਹਥਿਆਰਾਂ - 9ਐੱਮ730 'ਬੁਰੇਵੇਸਟਨਿਕ' ਕਰੂਜ਼ ਮਿਸਾਈਲ ਅਤੇ 'ਪੋਸਾਈਡਨ' ਅੰਡਰਵਾਟਰ ਡਰੋਨ ਦੇ ਟੈਸਟਿੰਗ ਨੂੰ ਸਫਲ ਐਲਾਨਿਆ ਕੀਤਾ ਸੀ।



ਇਥੇ ਜ਼ਿਕਰਯੋਗ ਹੈ ਕਿ ਰੂਸ ਨੇ ਅਕਤੂਬਰ 2025 ਵਿੱਚ ਆਪਣੀ ਰਣਨੀਤਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਦੋ ਵੱਡੇ ਪ੍ਰਮਾਣੂ-ਸੰਚਾਲਿਤ ਹਥਿਆਰਾਂ ਦੇ ਟੈਸਟਿੰਗ ਨੂੰ ਬੀਤੇ ਦਿਨੀਂ ਅੰਜਾਮ ਦਿੱਤਾ ਸੀ। ਪਹਿਲਾਂ 21 ਅਕਤੂਬਰ ਨੂੰ 9ਐੱਮ730 'ਬੁਰੇਵੇਸਟਨਿਕ' ਕਰੂਜ਼ ਮਿਸਾਈਲ ਦਾ ਟੈਸਟ ਕੀਤਾ ਗਿਆ ਸੀ, ਜੋ ਕਿ ਇੱਕ ਨਿਊਕਲੀਅਰ ਪਾਵਰਡ ਮਿਸਾਈਲ ਹੈ ਅਤੇ ਇਸ ਦੀ ਰੇਂਜ 8000 ਮੀਲ ਤੋਂ ਵੱਧ ਹੈ। ਇਹ ਮਿਸਾਈਲ ਅਮਰੀਕੀ ਮਿਸਾਈਲ ਡਿਫੈਂਸ ਸਿਸਟਮ ਨੂੰ ਚੁਣੌਤੀ ਦੇ ਸਕਦੀ ਹੈ।

ਇਸ ਤੋਂ ਬਾਅਦ, 29 ਅਕਤੂਬਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 'ਪੋਸਾਈਡਨ' ਅੰਡਰਵਾਟਰ ਡਰੋਨ ਦੇ ਟੈਸਟਿੰਗ ਨੂੰ ਸਫਲ ਐਲਾਨਿਆ ਸੀ। ਇਹ ਡਰੋਨ ਇੱਕ ਨਿਊਕਲੀਅਰ ਪਾਵਰ ਵਾਲਾ ਸੁਪਰ ਹਥਿਆਰ ਹੈ। ਪੁਤਿਨ ਨੇ ਕਿਹਾ ਕਿ ਇਹ ਰੂਸ ਦੀ ਸੁਰੱਖਿਆ ਰਣਨੀਤੀ ਵਿੱਚ ਅਹਿਮ ਭੂਮਿਕਾ ਨਿਭਾਵੇਗਾ। ਪੁਤਿਨ ਅਨੁਸਾਰ ਪੋਸਾਈਡਨ ਦੀ ਰੇਂਜ 10,000 ਕਿਲੋਮੀਟਰ ਤੱਕ ਹੈ ਅਤੇ ਇਹ 185 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦਾ ਹੈ।

ਰੂਸ ਨੇ ਇਨ੍ਹਾਂ ਟੈਸਟਾਂ ਨੂੰ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਧਮਕੀਆਂ ਦੇ ਜਵਾਬ ਵਿੱਚ ਆਯੋਜਿਤ ਕੀਤਾ ਹੈ।

ਟਰੰਪ ਨੇ ਰੂਸ ਦੇ ਇਨ੍ਹਾਂ ਟੈਸਟਾਂ ਤੇ ਸਖਤ ਪ੍ਰਤੀਕਰਮ ਪ੍ਰਗਟਾਇਆ ਸੀ। ਉਨ੍ਹਾਂ ਨੇ ਕਿਹਾ, 'ਪੁਤਿਨ ਨੂੰ ਮਿਸਾਈਲਾਂ ਦੇ ਟੈਸਟਿੰਗ ਵੱਲ ਨਹੀਂ, ਬਲਕਿ ਯੂਕਰੇਨ ਯੁੱਧ ਨੂੰ ਖਤਮ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਯੁੱਧ ਜੋ ਇੱਕ ਹਫ਼ਤੇ ਵਿੱਚ ਖਤਮ ਹੋ ਜਾਣਾ ਚਾਹੀਦਾ ਸੀ, ਹੁਣ ਚੌਥੇ ਸਾਲ ਵਿੱਚ ਪਹੁੰਚ ਗਿਆ ਹੈ।' ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਕੋਲ ਰੂਸੀ ਕੰਢੇ ਤੇ ਇੱਕ ਸਭ ਤੋਂ ਸ਼ਕਤੀਸ਼ਾਲੀ ਨਿਊਕਲੀਅਰ ਸਬਮੈਰੀਨ ਹੈ, ਜੋ ਕਿ ਹਰ ਵੇਲੇ ਤਿਆਰ ਹੈ। ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, 'ਅਮਰੀਕਾ ਕੋਲ ਕਿਸੇ ਵੀ ਦੇਸ਼ ਤੋਂ ਵੱਧ ਪ੍ਰਮਾਣੂ ਹਥਿਆਰ ਹਨ। ਇਹ ਕੰਮ ਮੇਰੇ ਪਹਿਲੇ ਟਰਮ ਵਿੱਚ ਹੋਇਆ, ਜਦੋਂ ਕਿ ਪੁਰਾਣੇ ਹਥਿਆਰਾਂ ਨੂੰ ਆਧੁਨਿਕ ਬਣਾ ਦਿੱਤਾ ਗਿਆ ਹੈ।' ਉਨ੍ਹਾਂ ਨੇ ਰੂਸ ਨੂੰ ਦੂਜੇ ਅਤੇ ਚੀਨ ਨੂੰ ਤੀਜੇ ਨੰਬਰ ਤੇ ਰੱਖਦੇ ਹੋਏ ਕਿਹਾ ਸੀ ਕਿ ਚੀਨ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਅਤੇ ਰੂਸ ਦੇ ਨੇੜੇ ਪਹੁੰਚ ਜਾਵੇਗਾ। ਟਰੰਪ ਨੇ ਇਹ ਵੀ ਕਿਹਾ ਕਿ ਹੋਰ ਦੇਸ਼ਾਂ ਦੇ ਟੈਸਟਿੰਗ ਪ੍ਰੋਗਰਾਮਾਂ ਕਾਰਨ ਅਮਰੀਕਾ ਵੀ ਬਰਾਬਰੀ ਵਾਲੇ ਪੱਧਰ ਤੇ ਟੈਸਟਿੰਗ ਸ਼ੁਰੂ ਕਰੇਗਾ।

ਟਰੰਪ ਦਾ ਇਹ ਐਲਾਨ ਬੁਸਾਨ, ਦੱਖਣੀ ਕੋਰੀਆ ਵਿੱਚ ਚੀਨੀ ਰਾਸ਼ਟਰਪਤੀ ਐੱਕਸੀ ਜਿਨਪਿੰਗ ਨਾਲ ਮੀਟਿੰਗ ਤੋਂ ਥੋੜ੍ਹੀ ਦੇਰ ਪਹਿਲਾਂ ਕੀਤਾ ਗਿਆ ਸੀ, ਜਿੱਥੇ ਵਪਾਰਕ ਯੁੱਧ ਨੂੰ ਖਤਮ ਕਰਨ ਬਾਰੇ ਗੱਲਬਾਤ ਹੋਣੀ ਸੀ। ਟਰੰਪ ਦੇ ਇਸ ਬਿਆਨ ਨੇ ਨਾ ਸਿਰਫ਼ ਚੀਨ ਨੂੰ ਪਰੇਸ਼ਾਨ ਕੀਤਾ ਬਲਕਿ ਵਿਸ਼ਵ ਨੂੰ ਇੱਕ ਨਵੇਂ ਠੰਢੀ ਜੰਗ ਵਾਲੇ ਯੁੱਗ ਵੱਲ ਲੈ ਜਾਣ ਵਾਲੀ ਚਿਤਾਵਨੀ ਵੀ ਦੇ ਦਿੱਤੀ। ਅੰਤਰਰਾਸ਼ਟਰੀ ਏਟਮਿਕ ਐਨਰਜੀ ਏਜੰਸੀ (ਆਈ.ਏ.ਈ.ਏ.) ਨੇ ਵੀ ਇਸ ਨੂੰ 'ਚਿੰਤਾਜਨਕ' ਕਰਾਰ ਦਿੱਤਾ ਹੈ, ਕਿਉਂਕਿ ਅਮਰੀਕਾ ਨੇ 1992 ਤੋਂ ਪੂਰੀ ਤਰ੍ਹਾਂ ਨਾਲ ਪ੍ਰਮਾਣੂ ਟੈਸਟਿੰਗ 'ਤੇ ਪਾਬੰਦੀ ਲਗਾਈ ਹੋਈ ਸੀ।

ਇਸ ਘਟਨਾ ਨੇ ਨਾ ਸਿਰਫ਼ ਰਾਜਨੀਤਿਕ ਹਲਚਲ ਮਚਾਈ ਬਲਕਿ ਅੰਤਰਰਾਸ਼ਟਰੀ ਮੀਡੀਆ ਵਿੱਚ ਵੀ ਵੱਡੀ ਚਰਚਾ ਪੈਦਾ ਕੀਤੀ। ਬੀ.ਬੀ.ਸੀ. ਨੇ ਇਸ ਨੂੰ 'ਪ੍ਰਮਾਣੂ ਧਮਕੀ ਦਾ ਨਵਾਂ ਅਧਿਆਏ' ਕਿਹਾ ਹੈ, ਜਦਕਿ ਰਾਇਟਰਜ਼ ਨੇ ਚਿਤਾਵਨੀ ਦਿੱਤੀ ਕਿ ਇਹ ਕਦਮ ਗਲੋਬਲ ਨਾਨ-ਪ੍ਰੋਲੀਫਰੇਸ਼ਨ ਟ੍ਰੀਟੀ ਨੂੰ ਤੋੜ ਸਕਦਾ ਹੈ। ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਟਰੰਪ ਦਾ ਇਹ ਐਲਾਨ ਚੀਨ ਨਾਲ ਮੀਟਿੰਗ ਤੋਂ ਠੀਕ ਪਹਿਲਾਂ ਕੀਤਾ ਗਿਆ, ਜੋ ਕਿ ਇੱਕ ਰਣਨੀਤਕ ਚਾਲ ਹੈ ਪਰ ਖ਼ਤਰਨਾਕ ਵੀ। ਗਾਰਡੀਅਨ ਨੇ ਇਸ ਨੂੰ 'ਵਿਸ਼ਵ ਸ਼ਾਂਤੀ ਲਈ ਖ਼ਤਰਾ' ਕਰਾਰ ਦਿੱਤਾ, ਜਦਕਿ ਅਲ ਜਜ਼ੀਰਾ ਨੇ ਉਭਾਰਿਆ ਕਿ ਇਹ ਕਦਮ ਏਸ਼ੀਆ ਵਿੱਚ ਤਣਾਅ ਨੂੰ ਵਧਾਏਗਾ।

ਅੰਤਰਰਾਸ਼ਟਰੀ ਪੱਧਰ 'ਤੇ ਇਸ ਐਲਾਨ ਨੇ ਬਹੁਤ ਸਾਰੇ ਦੇਸ਼ਾਂ ਨੂੰ ਚਿੰਤਿਤ ਕੀਤਾ ਹੈ। ਕੈਨੇਡਾ ਨੇ ਇਸ ਨੂੰ 'ਗੈਰ ਜਰੂਰੀ ਅਤੇ ਖ਼ਤਰਨਾਕ' ਕਿਹਾ ਹੈ, ਜਦਕਿ ਯੂਰਪੀਅਨ ਯੂਨੀਅਨ ਨੇ ਅਪੀਲ ਕੀਤੀ ਹੈ ਕਿ ਪ੍ਰਮਾਣੂ ਟੈਸਟਿੰਗ ਨੂੰ ਰੋਕਿਆ ਜਾਵੇ। ਇਸ ਤਰ੍ਹਾਂ, ਟਰੰਪ ਦਾ ਇਹ ਫ਼ੈਸਲਾ ਨਾ ਸਿਰਫ਼ ਰੂਸ ਅਤੇ ਚੀਨ ਨਾਲ ਸਬੰਧਾਂ ਨੂੰ ਪ੍ਰਭਾਵਿਤ ਕਰੇਗਾ ਬਲਕਿ ਵਿਸ਼ਵ ਸ਼ਾਂਤੀ ਲਈ ਵੀ ਇੱਕ ਵੱਡੀ ਚੁਣੌਤੀ ਬਣ ਜਾਵੇਗਾ।

### ਪੁਤਿਨ ਦਾ ਜਵਾਬ ਅਤੇ ਚੀਨ ਦੀ ਪ੍ਰਤੀਕਿਰਿਆ: ਅੰਤਰਰਾਸ਼ਟਰੀ ਅਖ਼ਬਾਰਾਂ ਵਿੱਚ ਵਿਸ਼ਵ ਵਿਆਪੀ ਚਰਚਾ

ਟਰੰਪ ਦੇ ਐਲਾਨ ਤੋਂ ਬਾਅਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਤੁਰੰਤ ਜਵਾਬ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪੋਸਾਈਡਨ ਡਰੋਨ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਇਹ ਰੂਸ ਦੀ ਸੁਰੱਖਿਆ ਰਣਨੀਤੀ ਵਿੱਚ ਅਹਿਮ ਹੈ। ਪੁਤਿਨ ਨੇ ਟਰੰਪ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਅਮਰੀਕਾ ਨੂੰ ਆਪਣੇ ਹਥਿਆਰਾਂ ਨੂੰ ਆਪਣੇ ਘਰ ਵਿੱਚ ਰੱਖਣਾ ਚਾਹੀਦਾ ਹੈ ਅਤੇ ਯੂਕ੍ਰੇਨ ਵਰਗੇ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਰੂਸ ਆਪਣੀ ਸੁਰੱਖਿਆ ਲਈ ਹਰ ਕਦਮ ਚੁੱਕੇਗਾ। ਪੁਤਿਨ ਨੇ ਇਹ ਵੀ ਕਿਹਾ ਕਿ ਬੁਰੇਵੇਸਟਨਿਕ ਮਿਸਾਈਲ ਅਮਰੀਕੀ ਡੋਮ ਵਰਗੀਆਂ ਡਿਫੈਂਸ ਸਿਸਟਮਾਂ ਨੂੰ ਨਾਕਾਮ ਕਰ ਸਕਦੀ ਹੈ।

ਚੀਨ ਨੇ ਵੀ ਟਰੰਪ ਦੇ ਐਲਾਨ 'ਤੇ ਸਖ਼ਤ ਪ੍ਰਤੀਕਰਮ ਦਿੱਤਾ। ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਨੂੰ ਪ੍ਰਮਾਣੂ ਟੈਸਟਿੰਗ ਨਾਲ ਵਿਸ਼ਵ ਸ਼ਾਂਤੀ ਨੂੰ ਖ਼ਤਰੇ ਵਿੱਚ ਨਹੀਂ ਪਾਉਣਾ ਚਾਹੀਦਾ। ਚੀਨ ਨੇ ਆਪਣੇ ਪ੍ਰਮਾਣੂ ਹਥਿਆਰਾਂ ਨੂੰ 'ਮਿਨੀਮਮ ਡਿਟਰੈਂਸ' ਨਾਲ ਜੋੜਿਆ ਹੈ ਅਤੇ ਕਿਹਾ ਕਿ ਉਹ ਸਿਰਫ਼ ਰੱਖਿਆ ਲਈ ਵਰਤਦੇ ਹਨ। ਪਰ ਰਿਪੋਰਟਾਂ ਅਨੁਸਾਰ, ਚੀਨ ਨੇ 2020 ਵਿੱਚ 300 ਤੋਂ ਵਧਾ ਕੇ 2025 ਵਿੱਚ 600 ਪ੍ਰਮਾਣੂ ਹਥਿਆਰ ਬਣਾ ਲਏ ਹਨ ਅਤੇ 2030 ਤੱਕ 1000 ਤੋਂ ਵੱਧ ਹੋ ਜਾਣਗੇ। ਚੀਨ ਨੇ ਟਰੰਪ ਨਾਲ ਵਪਾਰਕ ਗੱਲਬਾਤ ਵਿੱਚ ਵੀ ਇਸ ਮਸਲੇ ਨੂੰ ਚੁੱਕਿਆ ਸੀ ਅਤੇ ਕਿਹਾ ਸੀ ਕਿ ਅਮਰੀਕਾ ਨੂੰ ਧਮਕੀਆਂ ਨਹੀਂ ਦੇਣੀਆਂ ਚਾਹੀਦੀਆਂ।

ਵਿਸ਼ਵ ਮਾਹਿਰਾਂ ਅਨੁਸਾਰ ਟਰੰਪ ਦੇ ਇਸ ਐਲਾਨ ਅਤੇ ਰੂਸ-ਚੀਨ ਦੀਆਂ ਪ੍ਰਤੀਕਿਰਿਆਵਾਂ ਨਾਲ ਵਿਸ਼ਵ ਨੂੰ ਇੱਕ ਨਵੇਂ ਪ੍ਰਮਾਣੂ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਅਨੁਸਾਰ, ਅਮਰੀਕਾ ਵੱਲੋਂ ਟੈਸਟਿੰਗ ਮੁੜ ਸ਼ੁਰੂ ਕਰਨ ਨਾਲ ਹੋਰ ਦੇਸ਼ ਵੀ ਇਸ ਵਿੱਚ ਸ਼ਾਮਲ ਹੋ ਜਾਣਗੇ, ਜੋ ਕਿ ਇੱਕ ਗਲੋਬਲ ਆਰਮਜ਼ ਰੇਸ ਨੂੰ ਜਨਮ ਦੇਵੇਗਾ।

ਫੈਡਰੇਸ਼ਨ ਆਫ ਅਮਰੀਕਨ ਸਾਇੰਟਿਸਟਸ ਅਨੁਸਾਰ, ਰੂਸ ਕੋਲ 5459, ਅਮਰੀਕਾ ਕੋਲ 5177 ਅਤੇ ਚੀਨ ਕੋਲ 600 ਹਥਿਆਰ ਹਨ। ਇਹ ਅੰਕੜੇ ਵਧਣ ਨਾਲ ਵਿਸ਼ਵ ਵਿੱਚ ਨਿਊਕਲੀਅਰ ਵਾਰ ਦਾ ਖ਼ਤਰਾ ਵਧੇਗਾ। ਜੇਕਰ ਇਹ ਰੁਝਾਨ ਚਲਦਾ ਰਿਹਾ ਤਾਂ ਵਿਸ਼ਵ ਨੂੰ ਇੱਕ ਨਵੇਂ ਪ੍ਰਮਾਣੂ ਯੁੱਗ ਵਿੱਚ ਐਂਟਰ ਕਰਨਾ ਪਵੇਗਾ, ਜਿੱਥੇ ਪ੍ਰਮਾਣੂ ਹਥਿਆਰਾਂ ਦੀ ਦੌੜ ਨਾਲ ਸ਼ਾਂਤੀ ਨੂੰ ਖ਼ਤਰਾ ਹੋਵੇਗਾ। ਅੰਤ ਵਿੱਚ, ਇਹ ਸੰਕਟ ਗੱਲਬਾਤ ਨਾਲ ਹੀ ਹੱਲ ਹੋ ਸਕਦਾ ਹੈ, ਨਾ ਕਿ ਧਮਕੀਆਂ ਨਾਲ।

### ਦੁਨੀਆ ਦੇ 9 ਦੇਸ਼ਾਂ ਕੋਲ ਹਨ 12241 ਪ੍ਰਮਾਣੂ ਹਥਿਆਰ, ਪਾਕਿਸਤਾਨ ਭਾਰਤ ਤੋਂ ਪਛੜਿਆ

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੇ ਅਨੁਸਾਰ, ਜਨਵਰੀ 2025 ਤੱਕ, ਦੁਨੀਆ ਦੇ ਨੌਂ ਦੇਸ਼ਾਂ ਕੋਲ ਕੁੱਲ 12,241 ਪ੍ਰਮਾਣੂ ਹਥਿਆਰ ਹਨ। ਇਸ ਸੂਚੀ ਵਿੱਚ ਭਾਰਤ ਦਾ ਨਾਮ ਵੀ ਸ਼ਾਮਲ ਹੈ। ਸਿਪਰੀ ਨੇ ਆਪਣੀ ਯੀਅਰਬੁੱਕ 2025 ਜਾਰੀ ਕੀਤੀ ਹੈ, ਜੋ ਚਿੰਤਾਜਨਕ ਅੰਕੜੇ ਪ੍ਰਗਟ ਕਰਦੀ ਹੈ। ਸਿਪਰੀ ਰਿਪੋਰਟ ਦੇ ਅਨੁਸਾਰ, ਨੌਂ ਦੇਸ਼ਾਂ ਦੀ ਸੂਚੀ ਵਿੱਚ ਸੰਯੁਕਤ ਰਾਜ, ਰੂਸ, ਯੂਨਾਈਟਿਡ ਕਿੰਗਡਮ, ਫਰਾਂਸ, ਚੀਨ, ਪਾਕਿਸਤਾਨ, ਇਜ਼ਰਾਈਲ ਅਤੇ ਉੱਤਰੀ ਕੋਰੀਆ ਸ਼ਾਮਲ ਹਨ।

### ਵੱਖ-ਵੱਖ ਦੇਸ਼ਾਂ ਕੋਲ ਪ੍ਰਮਾਣੂ ਹਥਿਆਰਾਂ ਦੀ ਗਿਣਤੀ

ਅਮਰੀਕਾ ਕੋਲ 5,177, ਰੂਸ ਕੋਲ 5,459, ਚੀਨ ਕੋਲ 600 ,ਫਰਾਂਸ ਕੋਲ 290, ਯੂਕੇ ਕੋਲ 225, ਭਾਰਤ 180 ਪਾਕਿਸਤਾਨ ਕੋਲ 170, ਇਜ਼ਰਾਈਲ ਕੋਲ 90, ਉੱਤਰੀ ਕੋਰੀਆ ਕੋਲ 50 ਹਥਿਆਰ ਹਨ।

(ਬਾਕੀ ਸਫ਼ਾ 26 'ਤੇ)

# .ਗੈਰ ਕਾਨੂੰਨੀ ਤੌਰ 'ਤੇ ਵਿਦੇਸ਼ਾਂ ਵਿੱਚ ਗਏ ਭਾਰਤੀਆਂ ਦਾ ਭਵਿੱਖ ਅਸੁਰੱਖਿਅਤ

## ਚੰਗੇ ਰੁਜ਼ਗਾਰ ਦੀ ਭਾਲ 'ਚ ਵਿਦੇਸ਼ ਗਏ ਹਜ਼ਾਰਾਂ ਭਾਰਤੀਆਂ ਦੇ ਟੁੱਟ ਗਏ ਸੁਪਨੇ

ਕੈਲੀਫ਼ੋਰਨੀਆ/ਏ.ਟੀ. ਨਿਊਜ਼: ਸੁਨਹਿਰੇ ਭਵਿੱਖ ਦੀ ਭਾਲ ਵਿੱਚ ਵਿਦੇਸ਼ ਗਏ ਹਜ਼ਾਰਾਂ ਭਾਰਤੀਆਂ ਲਈ ਹੁਣ ਮੁਸੀਬਤ ਖੜ੍ਹੀ ਹੋ ਗਈ ਹੈ। ਅਮਰੀਕਾ ਅਤੇ ਕੈਨੇਡਾ ਵਿੱਚ ਅਣਅਧਿਕਾਰਤ ਤੌਰ 'ਤੇ ਰਹਿ ਰਹੇ ਭਾਰਤੀ ਕਾਮੇ ਹੁਣ ਪ੍ਰਸ਼ਾਸਨ ਦੀ ਰਡਾਰ 'ਤੇ ਹਨ।

ਕੈਨੇਡਾ ਦੀ ਗੱਲ ਕਰੀਏ ਤਾਂ ਇਮੀਗ੍ਰੇਸ਼ਨ ਅਥਾਰਟੀ ਨੇ ਪਿਛਲੇ ਸਾਲਾਂ ਦੇ ਮੁਕਾਬਲੇ ਗ਼ੈਰਕਾਨੂੰਨੀ ਕਾਮਿਆਂ 'ਤੇ ਛਾਪੇ ਤੇਜ਼ ਕੀਤੇ ਹੋਏ ਹਨ। ਉਸਾਰੀ ਵਾਲੀਆਂ ਥਾਵਾਂ, ਰੈਸਟੋਰੈਂਟ, ਫ਼ਾਰਮ ਅਤੇ ਗੋਦਾਮਾਂ ਵਿੱਚੋਂ ਵੀਜ਼ਾ ਮਿਆਦ ਪੁਗਾ ਚੁੱਕੇ ਜ਼ਿਆਦਾਤਰ ਸਾਬਕਾ ਵਿਦਿਆਰਥੀ ਜਾਂ ਅਸਥਾਈ ਕਾਮਿਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਜਾਂ ਡਿਪੋਰਟੇਸ਼ਨ (ਦੇਸ਼ ਨਿਕਾਲੇ) ਦੇ ਨੋਟਿਸ ਜਾਰੀ ਕੀਤੇ ਗਏ ਹਨ।

15 ਅਕਤੂਬਰ ਨੂੰ ਕੈਲਗਰੀ ਵਿੱਚ ਇੱਕ ਉਸਾਰੀ ਵਾਲੀ ਥਾਂ 'ਤੇ ਮਾਰੇ ਛਾਪੇ ਵਿੱਚ ਚਾਰ ਅਣਅਧਿਕਾਰਤ ਕਾਮਿਆਂ ਨੂੰ ਹਿਰਾਸਤ ਵਿੱਚ ਲਿਆ ਗਿਆ, ਜਿਨ੍ਹਾਂ ਵਿੱਚੋਂ ਤਿੰਨ ਭਾਰਤੀ ਹੁਣ ਦੇਸ਼ ਨਿਕਾਲੇ ਦੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ। ਸਤੰਬਰ ਵਿੱਚ ਟੋਰਾਂਟੋ ਦੇ ਪੀਲ ਖੇਤਰ 'ਚ ਅਜਿਹੀਆਂ ਕਾਰਵਾਈਆਂ ਦੌਰਾਨ 50 ਤੋਂ ਵੱਧ ਭਾਰਤੀ ਕਾਮੇ ਫ਼ੜੇ ਗਏ, ਜਿਨ੍ਹਾਂ ਵਿੱਚ ਬਹੁਤ ਸਾਰੇ ਕਾਮੇ ਪੰਜਾਬ ਤੋਂ ਸਨ। ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ ਕੰਮ ਵਾਲੀਆਂ ਥਾਵਾਂ ਦੀ ਅਚਾਨਕ ਜਾਂਚ 2024 ਦੇ ਮੁਕਾਬਲੇ ਲਗਪਗ 25 ਫ਼ੀਸਦੀ ਵਧੀ ਹੈ।



ਇਸ ਸਖ਼ਤੀ ਦੌਰਾਨ ਭਾਰਤੀ ਨਾਗਰਿਕ ਫ਼ੜੇ ਜਾਣ ਵਾਲੇ ਸਭ ਤੋਂ ਵੱਡੇ ਸਮੂਹਾਂ ਵਿੱਚੋਂ ਹਨ। ਅਧਿਕਾਰਤ ਅੰਕੜੇ ਦੱਸਦੇ ਹਨ ਕਿ ਕੈਨੇਡਾ ਤੋਂ ਬਰਖਾਸਤ ਕੀਤੇ ਜਾਣ ਦੇ ਮਾਮਲੇ ਵਿੱਚ ਭਾਰਤ ਮੈਕਸੀਕੋ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਅਪ੍ਰੈਲ 2024 ਤੋਂ ਅਗਸਤ 2025 ਦੇ ਵਿਚਕਾਰ 2200 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ।

ਸੀ.ਬੀ.ਐਸ.ਏ. ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਤਾਲਮੇਲ ਨਾਲ, ਚਾਰਟਰਡ ਉਡਾਣਾਂ ਰਾਹੀਂ ਦੇਸ਼ ਵਾਪਸੀਆਂ ਨੂੰ ਤੇਜ਼ ਕਰ ਰਹੀ ਹੈ। ਫ਼ਰਵਰੀ ਵਿੱਚ, ਇੱਕ ਅਜਿਹੇ ਸਾਂਝੇ ਆਪਰੇਸ਼ਨ ਵਿੱਚ 106 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਗਿਆ ਸੀ।

ਕੈਨੇਡਾ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਤਾਜ਼ਾ ਕਾਰਵਾਈਆਂ ਨੇ 50 ਹਜ਼ਾਰ ਤੋਂ 1 ਲੱਖ ਅਣਅਧਿਕਾਰਤ ਭਾਰਤੀਆਂ ਲਈ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਹਾਲ ਹੀ ਵਿੱਚ ਆਈ ਇੱਕ ਰਿਪੋਰਟ ਅਨੁਸਾਰ ਕੈਨੇਡਾ ਵਿੱਚ ਗ਼ੈਰਕਨੂੰਨੀ ਤੌਰ 'ਤੇ ਮੌਜੂਦ 32 ਹਜ਼ਾਰ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ। ਇਸ ਡਿਪੋਰਟੇਸ਼ਨ ਲਿਸਟ ਵਿੱਚ ਸਭ ਤੋਂ ਵੱਧ ਗਿਣਤੀ ਭਾਰਤੀ ਨਾਗਰਿਕਾਂ ਦੀ ਹੈ ਅਤੇ 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਦਿੱਲੀ ਦਾ ਜਹਾਜ਼ ਚੜ੍ਹਾਉਣ ਦੇ ਯਤਨ ਕੀਤੇ ਜਾ ਰਹੇ ਹਨ। ਲੋਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਨੇ ਦਾਅਵਾ ਕੀਤਾ ਹੈ ਕਿ 2024-25 ਦੌਰਾਨ 18 ਹਜ਼ਾਰ ਵਿਦੇਸ਼ੀ ਨਾਗਰਿਕ ਡਿਪੋਰਟ ਕੀਤੇ ਗਏ।

ਸਿਰਫ਼ ਕੈਨੇਡਾ ਹੀ ਨਹੀਂ। ਬੀਤੇ ਦਿਨੀਂ ਹਰਿਆਣਾ ਦੇ 54 ਨੌਜਵਾਨਾਂ ਨੂੰ ਅਮਰੀਕਾ ਦੀ ਇਮੀਗ੍ਰੇਸ਼ਨ ਏਜੰਸੀ ਨੇ ਡਿਪੋਰਟ ਕੀਤਾ ਹੈ। ਇਹ ਸਾਰੇ ਨੌਜਵਾਨ ਗ਼ੈਰਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖ਼ਲ ਹੋਏ ਸਨ। ਇਨ੍ਹਾਂ ਨੌਜਵਾਨਾਂ ਨੇ ਵਤਨ ਵਾਪਸੀ 'ਤੇ ਦੱਸਿਆ ਕਿ ਅਮਰੀਕਾ ਵਿੱਚ ਉਨ੍ਹਾਂ ਉੱਤੇ ਤਸ਼ੱਦਦ ਢਾਹਿਆ ਗਿਆ। ਗਰਮੀ ਸਮੇਂ ਹੀਟਰ ਤੇ ਸਰਦੀ ਵਿੱਚ ਏ.ਸੀ. ਵਿੱਚ ਰੱਖਿਆ ਗਿਆ।

ਇੱਕ ਪਾਸੇ ਵਿਦੇਸ਼ਾਂ ਵਿੱਚ ਭਾਰਤੀਆਂ ਦਾ ਭਵਿੱਖ ਅਸੁਰੱਖਿਅਤ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ... ਪਰ ਦੂਜੇ ਪਾਸੇ ਵਾਪਸੀ ਦਾ ਰਾਹ ਵੀ ਸੌਖਾ ਨਹੀਂ। ਵਿਦੇਸ਼ ਜਾਣ ਲਈ ਚੁੱਕਿਆ ਕਰਜ਼ਾ ਤੇ ਅੱਖਾਂ 'ਚ ਸਜਾਏ ਸੁਫ਼ਨਿਆਂ ਦੇ ਟੁੱਟ ਜਾਣ ਦੀ ਟੀਸ ਮੁੜਨ ਨਹੀਂ ਦਿੰਦੀ। ਪਤਾ ਨਹੀਂ ਬੇਬਸੀ ਦਾ ਇਹ ਆਲਮ ਕਦੋਂ ਖਤਮ ਹੋਵੇਗਾ।

**ਦਰਪਣ ਝੂਠ ਨਹੀਂ ਬੋਲਦਾ**

# ਭਾਰਤੀਆਂ ਦੀ ਵਿਦੇਸ਼ਾਂ ਵੱਲ ਹਿਜਰਤ: ਓ.ਈ.ਸੀ.ਡੀ. ਰਿਪੋਰਟ ਨੇ ਖੋਲ੍ਹਿਆ ਰਾਜ਼ !

## ਕਿਉਂ ਛੱਡ ਰਹੇ ਨੇ ਅਮੀਰ ਭਾਰਤੀ ਤੇ ਪੜ੍ਹੇ ਲਿਖੇ ਦੇਸ਼ ?

## ਕੈਨੇਡਾ-ਅਮਰੀਕਾ 'ਚ ਭਾਰਤੀ ਵਿਰੋਧੀ ਨਸਲਵਾਦ: ਫਿਰ ਵੀ ਪੱਛਮੀ ਦੇਸਾਂ ਵੱਲ ਹੋੜ ਜਾਰੀ

ਭਾਰਤ ਵਿੱਚ ਵਿਕਾਸ ਦੇ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ, ਭਾਰਤੀਆਂ ਵਿੱਚ ਵਿਦੇਸ਼ਾਂ ਵੱਲ ਜਾਣ ਦਾ ਜ਼ਬਰਦਸਤ ਰੁਝਾਨ ਵਧਦਾ ਜਾ ਰਿਹਾ ਹੈ। ਆਜ਼ਾਦ ਕਾਰਜਕਾਰੀ ਅਤੇ ਵਿਕਾਸ ਸੰਸਥਾ ਓ.ਈ.ਸੀ.ਡੀ. ਨੇ ਆਪਣੀ ਨਵੀਂ ਰਿਪੋਰਟ 'ਇੰਟਰਨੈਸ਼ਨਲ ਮਾਈਗ੍ਰੇਸ਼ਨ ਆਊਟਲੁੱਕ 2025' ਵਿੱਚ ਖੁਲਾਸਾ ਕੀਤਾ ਹੈ ਕਿ ਕਿਸੇ ਵੀ ਹੋਰ ਦੇਸ਼ ਨਾਲੋਂ ਜ਼ਿਆਦਾ ਭਾਰਤੀਆਂ ਨੇ ਅਮਰੀਕਾ, ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ ਵਰਗੇ 38 ਵਿਕਸਤ ਦੇਸ਼ਾਂ ਦੀ ਨਾਗਰਿਕਤਾ ਲਈ ਹੈ। ਇਸ ਸਾਲ ਭਾਰਤੀਆਂ ਵਿੱਚੋਂ 2.25 ਲੱਖ ਲੋਕਾਂ ਨੇ ਇਹ ਨਾਗਰਿਕਤਾ ਹਾਸਲ ਕੀਤੀ ਸੀ, ਜੋ ਪਿਛਲੇ ਸਾਲਾਂ ਨਾਲੋਂ 70 ਫੀਸਦੀ ਵਧ ਚੁਕੀ ਹੈ। ਓ.ਈ.ਸੀ.ਡੀ. ਇਹ ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡੈਵਲਪਮੈਂਟ ਦਾ ਛੋਟਾ ਰੂਪ ਹੈ, ਜੋ 1961 ਵਿੱਚ ਬਣੀ ਇੱਕ ਅੰਤਰਰਾਸ਼ਟਰੀ ਸੰਸਥਾ ਹੈ। ਇਸ ਵਿੱਚ 38 ਵਿਕਸਤ ਅਤੇ ਉਭਰਦੇ ਅਰਥਚਾਰੇ ਵਾਲੇ ਦੇਸ਼ ਸ਼ਾਮਲ ਹਨ, ਜਿਵੇਂ ਅਮਰੀਕਾ, ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ, ਜਰਮਨੀ ਅਤੇ ਫਰਾਂਸ। ਇਹ ਸੰਸਥਾ ਅਰਥ-ਵਿਵਸਥਾ, ਵਪਾਰ ਅਤੇ ਸਮਾਜਿਕ ਨੀਤੀਆਂ ਬਾਰੇ ਨੀਤੀਆਂ ਬਣਾਉਣ ਵਿੱਚ ਮਦਦ ਕਰਦੀ ਹੈ ਅਤੇ ਆਪਣੇ ਮੈਂਬਰਾਂ ਨੂੰ ਬਿਹਤਰ ਜੀਵਨ ਲਈ ਰਾਹ ਦਿਖਾਉਂਦੀ ਹੈ। ਇਸ ਰਿਪੋਰਟ ਵਿੱਚ ਭਾਰਤ ਨੂੰ ਓ.ਈ.ਸੀ.ਡੀ. ਵਿੱਚ ਨਵੇਂ ਪ੍ਰਵਾਸੀਆਂ ਦੇ ਸਭ ਤੋਂ ਵੱਡੇ ਸਰੋਤ ਵਜੋਂ ਦਰਜ ਕੀਤਾ ਗਿਆ ਹੈ, ਜਿੱਥੇ 6 ਲੱਖ ਭਾਰਤੀਆਂ ਨੇ ਪੇਸ਼ੇਵਰ ਕੰਮਾਂ ਕਰਕੇ ਵੀਜ਼ੇ ਤੇ ਜਾਣ ਲਈ ਅਪਲਾਈ ਕੀਤਾ ਸੀ, ਜੋ 2022 ਨਾਲੋਂ 8 ਫੀਸਦੀ ਵਧ ਹੈ।ਇਹ ਟਰੈਂਡ ਨਵਾਂ ਨਹੀਂ, ਪਰ 2014 ਤੋਂ ਬਾਅਦ ਇਹ ਬਹੁਤ ਤੇਜ਼ ਹੋ ਗਿਆ ਸੀ। ਉਸ ਵੇਲੇ



ਸਿਰਫ਼ 15,388 ਭਾਰਤੀਆਂ ਨੇ ਓ.ਈ.ਸੀ.ਡੀ. ਨਾਗਰਿਕਤਾ ਲਈ ਅਪਲਾਈ ਕੀਤਾ ਸੀ, ਪਰ ਹੁਣ ਇਹ ਗਿਣਤੀ ਡਬਲ ਹੋ ਗਈ ਹੈ। ਬ੍ਰਿਟੇਨ ਵਿੱਚ ਵਿਦੇਸ਼ੀ ਡਾਕਟਰਾਂ ਵਿੱਚ 23 ਫੀਸਦੀ ਭਾਰਤੀ ਹਨ ਅਤੇ ਅਮਰੀਕਾ ਵਿੱਚ 8 ਫੀਸਦੀ। ਇਹ ਲੋਕ ਵਿਦੇਸ਼ਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰ ਰਹੇ ਹਨ।

ਓ.ਈ.ਸੀ.ਡੀ. ਰਿਪੋਰਟ ਅਨੁਸਾਰ, ਦੂਜੇ ਨੰਬਰ 'ਤੇ ਫਿਲੀਪੀਨਸ ਹੈ, ਜਿਸ ਨੇ 1.32 ਲੱਖ ਲੋਕਾਂ ਨੂੰ ਓ.ਈ.ਸੀ.ਡੀ. ਨਾਗਰਿਕਤਾ ਦਿੱਤੀ ਸੀ। ਤੀਜੇ 'ਤੇ ਚੀਨ ਹੈ, ਜਿੱਥੋਂ 92,400 ਲੋਕ ਗਏ ਸਨ। ਚੌਥੇ 'ਤੇ ਮੈਕਸੀਕੋ ਹੈ, ਜਿੱਥੋਂ ਮਨੁੱਖੀ ਅਧਿਕਾਰਾਂ ਦੇ ਸੰਕਟ ਕਾਰਨ ਕਰਕੇ ਲੋਕ ਜਾ ਰਹੇ ਹਨ। ਫਿਲੀਪੀਨਸ ਤੋਂ ਨਰਸਾਂ ਦਾ ਵੱਡਾ ਪ੍ਰਵਾਸ ਹੈ। ਚੀਨ ਤੋਂ 3.7 ਲੱਖ ਨਵੇਂ ਪ੍ਰਵਾਸੀ 2023 ਵਿੱਚ ਗਏ, ਜੋ 13 ਫੀਸਦੀ ਵਧ ਹੈ - ਇਹ ਵੀ ਹਾਈ-ਸਕਿਲ ਵਾਲੇ ਲੋਕ ਹਨ, ਜੋ ਤਕਨੀਕ ਅਤੇ ਵਪਾਰ ਵਿੱਚ ਨਿਪੁੰਨ ਹਨ। ਮੈਕਸੀਕੋ ਤੋਂ ਪ੍ਰਵਾਸ ਮੁੱਖ ਤੌਰ 'ਤੇ ਅਮਰੀਕਾ ਵੱਲ ਹੈ, ਜਿੱਥੇ ਆਰਥਿਕ ਅਸਥਿਰਤਾ ਅਤੇ ਨੌਕਰੀਆਂ ਦੀ ਉਪਲਬਧਤਾ ਕਾਰਨ ਲੋਕ ਜਾ ਰਹੇ ਹਨ। ਭਾਰਤੀ ਜ਼ਿਆਦਾ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਬ੍ਰਿਟੇਨ ਵਿੱਚ ਜਾ ਰਹੇ ਹਨ। ਇਹਨਾਂ ਦੇਸਾਂ ਵਿੱਚ ਭਾਰਤੀ ਵਿਰੋਧੀ ਭਾਵਨਾਵਾਂ 2024-2025 ਵਿੱਚ ਤੇਜ਼ ਹੋ ਗਈਆਂ ਸਨ। ਕੈਨੇਡਾ ਵਿੱਚ, ਭਾਰਤੀ ਵਿਦਿਆਰਥੀਆਂ ਵਿਰੁੱਧ ਨਫ਼ਰਤ ਵਧੀ ਹੈ - 2023-2025 ਵਿੱਚ ਐਕਸ (ਪਹਿਲਾਂ ਟਵਿੱਟਰ) ਤੇ 26,600 ਪੋਸਟਾਂ ਵਿੱਚ ਸਾਊਥ ਏਸ਼ੀਆਈ ਭਾਈਚਾਰੇ ਵਿਰੁੱਧ ਨਫਰਤੀ ਭਾਸ਼ਾ ਵਰਤੀ ਗਈ ਹੈ। ਸਾਊਥ ਏਸ਼ੀਅਨ ਵਿਰੁੱਧ ਹੇਟ ਕ੍ਰਾਈਮ 143 ਫੀਸਦੀ ਵਧ ਗਏ ਹਨ।

ਅਮਰੀਕਾ ਵਿੱਚ ਵੀ ਭਾਰਤੀਆਂ ਵਿਰੁੱਧ ਨਸਲਵਾਦ ਵਧ ਰਿਹਾ ਹੈ। 2025 ਵਿੱਚ ਫਲੋਰੀਡਾ ਵਿੱਚ ਇੱਕ ਸਿੱਖ ਡਰਾਈਵਰ ਦੇ ਐਕਸੀਡੈਂਟ ਨੇ ਨਸਲੀ ਨਫ਼ਰਤ ਨੂੰ ਹਵਾ ਦਿੱਤੀ ਹੈ। ਟਰੰਪ ਸਰਕਾਰ ਨੇ ਐਚ-1ਬੀ ਵੀਜ਼ੇ 'ਤੇ ਰੋਕ ਲਗਾਈ ਸੀ। ਆਸਟ੍ਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ਵਿਰੁੱਧ ਵੀ ਨਫ਼ਰਤ ਵਧੀ ਹੈ। ਬ੍ਰਿਟੇਨ ਵਿੱਚ ਵੀ ਭਾਰਤੀਆਂ ਨੂੰ 'ਨਸਲਵਾਦੀ ਨਫਰਤ' ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹਨਾਂ ਸਾਰੇ ਦੇਸ਼ਾਂ ਨੇ ਨਾਗਰਿਕਤਾ ਦੇ ਨਿਯਮ ਸਖ਼ਤ ਕਰ ਦਿੱਤੇ ਹਨ, ਪਰ ਫਿਰ ਵੀ ਭਾਰਤੀ ਜਾ ਰਹੇ ਹਨ।

# ਖ਼ਾਲਸਾ ਪੰਥ ਦੇ ਨਾਇਕ ਭਾਈ ਜੀਵਨ ਸਿੰਘ ਨੂੰ ਦਲਿਤ ਬਣਾਉਣ ਉੱਪਰ ਕਿਉਂ ਤੁਲੇ ਹਨ ਗੜ੍ਹੀ ?

## ਐੱਸ. ਸੀ. ਕਮਿਸ਼ਨ ਨੇ ਬਾਜਵਾ ਨੂੰ ਨੋਟਿਸ ਕਿਉਂ ਜਾਰੀ ਕੀਤਾ, ਕਾਂਗਰਸ 'ਤੇ ਗੰਭੀਰ ਆਰੋਪ ਕਿਉਂ ਲੱਗੇ ?

## ਆਪ ਪਾਰਟੀ ਖੇਡ ਰਹੀ ਹੈ ਸਿਆਸਤ

ਬੀਤੇ ਦਿਨੀਂ ਪੰਜਾਬ ਸਕਿਊਲਡ ਕਾਸਟਸ (ਐੱਸ.ਸੀ.) ਨੇ ਸੂਓ ਮੋਟੂ ਨੋਟਿਸ ਜਾਰੀ ਕਰਕੇ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਤਾਰਨ ਤਾਰਨ ਵਿੱਚ ਹੋਈ ਇੱਕ ਰੈਲੀ ਦੌਰਾਨ ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਅਤੇ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਪਵਿੱਤਰ ਤਸਵੀਰਾਂ ਦੇ ਕਥਿਤ ਦੁਰਉਪਯੋਗ ਬਾਰੇ ਵਿਆਖਿਆ ਮੰਗੀ ਹੈ। ਇਸ ਵਿਵਾਦ ਨੇ ਨਾ ਸਿਰਫ਼ ਸਿਆਸੀ ਵਿਵਾਦ ਨੂੰ ਵਧਾਇਆ ਹੈ, ਸਗੋਂ ਇਹ ਵੀ ਸਵਾਲ ਉਠਾਇਆ ਹੈ ਕਿ ਕੀ ਖਾਲਸਾ ਪੰਥ ਦੇ ਨਾਇਕ ਰੰਘਰੇਟਾ ਗੁਰੂ ਕੇ ਬੇਟੇ ਭਾਈ ਜੀਵਨ ਸਿੰਘ ਜੀ ਵਰਗੇ ਸਿੱਖ ਇਤਿਹਾਸ ਦੇ ਮਹਾਨ ਸ਼ਹੀਦ ਸਮੂਹ ਪੰਥ ਨਾਲ ਜੁੜੇ ਹਨ ਨਾ ਕਿ ਭਾਰਤੀ ਸੰਵਿਧਾਨ ਅਨੁਸਾਰ ਸਿਰਫ਼ ਅਨੁਸੂਚਿਤ ਜਾਤੀ (ਐੱਸਸੀ) ਨਾਲ ? ਇਸ ਦੇ ਨਾਲ ਕਾਂਗਰਸ ਵੱਲੋਂ ਪਿਛਲੇ ਸਮੇਂ ਵਿੱਚ ਆਪਣੇ ਨੇਤਾਵਾਂ ਦੀਆਂ ਤਸਵੀਰਾਂ ਨੂੰ ਭਾਈ ਜੀਵਨ ਸਿੰਘ ਤੇ ਗੁਰੂ ਸਾਹਿਬਾਨ ਨਾਲ ਜੋੜਨ ਵਾਲੀਆਂ ਗਤੀਵਿਧੀਆਂ ਵੀ ਫਿਰ ਤੋਂ ਚਰਚਾ ਵਿੱਚ ਆ ਗਈਆਂ ਹਨ। ਚੋਣ ਕਮਿਸ਼ਨ ਦੀ ਚੁੱਪ ਵੀ ਇਸ ਵਿਵਾਦ ਨੂੰ ਹੋਰ ਡੂੰਘਾ ਬਣਾ ਰਹੀ ਹੈ।

ਇਸ ਮਾਮਲੇ ਦੀ ਸ਼ੁਰੂਆਤ ਤਾਰਨ ਤਾਰਨ ਵਿੱਚ ਹੋਈ ਵਿਧਾਨ ਸਭਾ ਬਾਈ-ਇਲੈਕਸ਼ਨ ਨਾਲ ਜੁੜੀ ਇੱਕ ਰੈਲੀ ਨਾਲ ਹੋਈ ਸੀ। ਐੱਨਆਈ (ਏਸ਼ੀਅਨ ਨਿਊਜ਼ ਇੰਟਰਨੈਸ਼ਨਲ) ਦੀ ਰਿਪੋਰਟ ਅਨੁਸਾਰ, ਇਸ ਰੈਲੀ ਵਿੱਚ ਬਾਜਵਾ ਨੇ ਚੋਣ ਪ੍ਰਚਾਰ ਦੌਰਾਨ ਭਾਈ ਜੀਵਨ ਸਿੰਘ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਤਸਵੀਰਾਂ ਨੂੰ ਵਰਤੋਂ ਨਾਲ ਕਥਿਤ ਤੌਰ 'ਤੇ ਵਿਵਾਦ ਪੈਦਾ ਕੀਤਾ। ਇਹ ਤਸਵੀਰਾਂ ਬਾਜਵਾ ਦੇ ਅਧਿਕਾਰਕ ਫੇਸਬੁੱਕ ਪੇਜ਼ 'ਤੇ ਵਾਇਰਲ ਹੋਈਆਂ ਅਤੇ ਇੱਕ ਮੀਡੀਆ ਰਿਪੋਰਟ ਵਿੱਚ ਵੀ ਇਸ ਨੂੰ 'ਸਿਆਸੀ ਲਾਹੇ ਲਈ ਗੁਰੂ ਸਾਹਿਬ ਦੀ ਤਸਵੀਰ ਵਰਤੋਂ' ਕੀਤੀ ਗਈ। ਕਮਿਸ਼ਨ ਨੇ ਪੰਜਾਬ ਸਟੇਟ ਸਕਿਊਲਡ ਕਾਸਟਸ ਕਮਿਸ਼ਨ ਐਕਟ, 2004 ਦੀ ਕਲਾਜ਼ 10(2)(I) ਅਧੀਨ ਇਹ ਕਾਰਵਾਈ ਕੀਤੀ ਹੈ, ਜੋ ਅਨੁਸੂਚਿਤ ਜਾਤੀਆਂ ਨਾਲ ਜੁੜੀਆਂ ਭੇਦਭਾਵੀ ਗਤੀਵਿਧੀਆਂ ਨੂੰ ਰੋਕਣ ਲਈ ਹੈ। ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਇਸ ਨੂੰ ਗੰਭੀਰ ਮਾਮਲਾ ਕਹਿੰਦਿਆਂ ਬਾਜਵਾ ਨੂੰ ਨੋਟਿਸ ਜਾਰੀ ਕੀਤਾ ਹੈ।

ਕਾਂਗਰਸ ਪਾਰਟੀ ਵੱਲੋਂ ਇਸ ਨੋਟਿਸ ਨੂੰ ਰਾਜਨੀਤਿਕ ਛੜਯੰਤਰ ਦੱਸਿਆ ਜਾ ਰਿਹਾ ਹੈ। ਬਾਜਵਾ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਇਹ ਰੈਲੀ ਵਿੱਚ ਗੁਰੂ ਸਾਹਿਬਾਨ ਦੇ ਚਰਨਾਂ ਨੂੰ ਯਾਦ ਕਰਨ ਲਈ ਕੀਤੀ ਗਈ ਸੀ ਅਤੇ ਇਸ ਵਿੱਚ ਕੋਈ ਅਪਮਾਨ ਨਹੀਂ ਹੈ। ਪਰ ਵਿਰੋਧੀ ਧਿਰਾਂ ਅਤੇ ਸਿੱਖ ਸੰਗਠਨਾਂ ਵੱਲੋਂ ਇਸ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਖਾਸ ਕਰਕੇ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਇਸ ਨੂੰ ਕਾਂਗਰਸ ਦੀ 'ਧਾਰਮਿਕ ਅਪਮਾਨ ਦੀ ਪੁਰਾਣੀ ਆਦਤ' ਕਿਹਾ ਹੈ।

ਪੰਜਾਬ ਸਕਿਊਲਡ ਕਾਸਟਸ ਕਮਿਸ਼ਨ (ਐੱਸ.ਸੀ.) ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦੀ ਭੂਮਿਕਾ ਵੀ ਚਰਚਾ ਵਿੱਚ ਹੈ। ਗੜ੍ਹੀ, ਜੋ ਬਸਪਾ ਨਾਲ ਜੁੜੇ ਰਹੇ ਹਨ। ਕਾਂਗਰਸ ਵੱਲੋਂ 'ਨਵੇਂ ਵਿਵਾਦ ਛੇੜਨ ਵਾਲੇ' ਕਿਹਾ ਜਾ ਰਿਹਾ ਹੈ। ਬਾਜਵਾ ਨੇ ਆਪਣੇ ਟਵੀਟ ਵਿੱਚ ਪੁੱਛਿਆ ਹੈ ਕਿ 'ਗੜ੍ਹੀ ਜੀ, ਤੁਸੀਂ ਆਪ ਪਾਰਟੀ ਦੇ ਹੋਣ ਕਰਕੇ ਇਹ ਨੋਟਿਸ ਜਾਰੀ ਕੀਤਾ ਹੈ ਜਾਂ ਅਸਲ ਵਿੱਚ ਐੱਸ.ਸੀ. ਹੱਕਾਂ ਲਈ ਲੜ ਰਹੇ ਹੋ ?' ਪਰ ਗੜ੍ਹੀ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ 'ਇਹ ਕੋਈ ਸਿਆਸੀ ਫੈਸਲਾ ਨਹੀਂ, ਸਗੋਂ ਕਾਨੂੰਨੀ ਅਧਿਕਾਰਾਂ ਦੀ ਰਾਖੀ ਹੈ। ਅਨੁਸੂਚਿਤ ਜਾਤੀਆਂ ਨਾਲ ਜੁੜੇ ਵਿਅਕਤੀਆਂ ਦੀਆਂ ਭਾਵਨਾਵਾਂ ਨੂੰ ਸਿਆਸੀ ਖੇਡ ਬਣਾਉਣਾ ਬਰਦਾਸ਼ਤ ਨਹੀਂ।'

ਇਸ ਮਾਮਲੇ ਵਿੱਚ ਚੋਣ ਕਮਿਸ਼ਨ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਸਿੱਖ ਸੰਗਠਨਾਂ ਨੇ ਕਾਗਰਸੀ ਆਗੂ ਬਾਜਵਾ ਉੱਪਰ ਐੱਫ.ਆਈ.ਆਰ. ਦੀ ਮੰਗ ਕੀਤੀ ਹੈ।

**ਯੂਰਪ ਵਿੱਚ ਐਟਮੀ ਤਬਾਹੀ ਦਾ ਖ਼ਤਰਾ !**

# ਰੂਸ ਨੇ ਯੂਕ੍ਰੇਨ 'ਤੇ ਕੀਤਾ ਸਭ ਤੋਂ ਵੱਡਾ ਮਿਜ਼ਾਈਲ ਹਮਲਾ, ਹੁਣ ਤੀਜੇ ਵਿਸ਼ਵ ਯੁੱਧ ਦੀ ਚਿੰਤਾ ਵਧੀ

ਰੂਸ ਅਤੇ ਯੂਕ੍ਰੇਨ ਵਿਚਕਾਰ ਚੱਲ ਰਹੇ ਤਿੰਨ ਸਾਲ ਪੁਰਾਣੇ ਯੁੱਧ ਨੇ ਹੁਣ ਇੱਕ ਨਵਾਂ ਅਤੇ ਬਹੁਤ ਖਤਰਨਾਕ ਮੋੜ ਲੈ ਲਿਆ ਹੈ। ਰੂਸ ਨੇ 7 ਨਵੰਬਰ 2025 ਤੋਂ 8 ਨਵੰਬਰ 2025 ਤੱਕ ਯੂਕ੍ਰੇਨ ਉੱਤੇ ਡਰੋਨਾਂ ਅਤੇ ਮਿਸਾਈਲਾਂ ਨਾਲ ਸਭ ਤੋਂ ਵੱਡਾ ਹਮਲਾ ਕੀਤਾ ਸੀ। ਇਸ ਹਮਲੇ ਵਿੱਚ ਨਾ ਸਿਰਫ਼ ਰਿਹਾਇਸ਼ੀ ਇਮਾਰਤਾਂ ਤਬਾਹ ਹੋਈਆਂ ਹਨ ਅਤੇ ਘੱਟੋ-ਘੱਟ ਸੱਤ ਲੋਕਾਂ ਦੀ ਮੌਤ ਹੋ ਗਈ ਸੀ, ਸਗੋਂ ਦੋ ਪ੍ਰਮਾਣੂ ਪਾਵਰ ਪਲਾਂਟਾਂ (ਖਮੇਲਨਿਤਸਕੀ ਅਤੇ ਰਿਵਨੇ) ਨੂੰ ਬਿਜਲੀ ਪਹੁੰਚਾਉਣ ਵਾਲੇ ਸਬ-ਸਟੇਸ਼ਨਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਯੂਕ੍ਰੇਨ ਨੇ ਇਸ ਨੂੰ ਜਾਣਬੁਝ ਕੇ ਯੂਰਪ ਦੀ ਪ੍ਰਮਾਣੂ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੀ ਕਾਰਵਾਈ ਕਿਹਾ ਹੈ। ਲੱਖਾਂ ਘਰਾਂ ਵਿੱਚ ਬਿਜਲੀ ਅਤੇ ਪਾਣੀ ਦੀ ਸਪਲਾਈ ਰੁਕ ਗਈ ਹੈ, ਜਿਸ ਨਾਲ ਸਥਿਤੀ ਬਹੁਤ ਗੰਭੀਰ ਹੋ ਗਈ ਹੈ। ਇਹ ਹਮਲਾ ਨਾ ਸਿਰਫ਼ ਯੂਕਰੇਨ ਨੂੰ ਬਲਕਿ ਪੂਰੇ ਯੂਰਪ ਨੂੰ ਡਰਾ ਰਿਹਾ ਹੈ, ਕਿਉਂਕਿ ਇਸ ਨਾਲ ਐਟਮੀ ਤਬਾਹੀ ਦਾ ਖਤਰਾ ਵਧ ਗਿਆ ਹੈ। ਕੀ ਇਹ ਤੀਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੈ ? ਇਹ ਸਵਾਲ ਹੁਣ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ।



ਯੂਕਰੇਨ ਵਿੱਚ 'ਬਲੈਕਆਊਟ' ਦਾ ਵੱਡਾ ਸੰਕਟ ਪੈਦਾ ਹੋ ਗਿਆ ਹੈ। ਰੂਸ ਦੇ ਖਤਰਨਾਕ ਹਮਲਿਆਂ ਨੇ ਯੂਕ੍ਰੇਨ ਦੀ ਊਰਜਾ ਵਿਵਸਥਾ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਪ੍ਰਧਾਨ ਮੰਤਰੀ ਯੂਲੀਆ ਸਵਿਰੀਡੈਂਕੋ ਨੇ ਦੱਸਿਆ ਕਿ ਕੀਵ, ਪੋਲਟਾਵਾ ਅਤੇ ਖਾਰਕੀਵ ਖੇਤਰਾਂ ਵਿੱਚ ਬਿਜਲੀ ਪਲਾਂਟ ਅਤੇ ਗ੍ਰਿਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਹਜ਼ਾਰਾਂ ਘਰਾਂ ਵਿੱਚ ਬਿਜਲੀ ਅਤੇ ਪਾਣੀ ਦੀ ਸਪਲਾਈ ਠਪ ਹੋ ਗਈ ਹੈ, ਜਿਸ ਨਾਲ ਲੱਖਾਂ ਲੋਕ ਹਨੇਰੇ ਅਤੇ ਪਾਣੀ ਦੀ ਕਿੱਲਤ ਨਾਲ ਜੂਝ ਰਹੇ ਹਨ। ਸਰਕਾਰੀ ਊਰਜਾ ਕੰਪਨੀ ਤਸੇਂਟਰੇਨਰਗੋ ਨੇ ਇਸ ਨੂੰ ਫਰਵਰੀ 2022 ਵਿੱਚ ਯੁੱਧ ਸ਼ੁਰੂ ਹੋਣ ਤੋਂ ਬਾਅਦ ਦਾ ਸਭ ਤੋਂ ਵੱਡਾ ਹਮਲਾ ਕਿਹਾ ਹੈ, ਜਿਸ ਵਿੱਚ ਉਹਨਾਂ ਦੀਆਂ ਸਾਰੀਆਂ ਉਤਪਾਦਨ ਸਮਰੱਥਾਵਾਂ ਤਬਾਹ ਹੋ ਗਈਆਂ ਸਨ ਅਤੇ ਬਿਜਲੀ ਉਤਪਾਦਨ 'ਜ਼ੀਰੋ' ਹੋ ਗਿਆ ਸੀ। ਇਹ ਹਮਲਾ ਯੂਕ੍ਰੇਨ ਦੀ ਕੁੱਲ ਬਿਜਲੀ ਦਾ ਲਗਭਗ 8 ਫੀਸਦੀ ਉਤਪਾਦਨ ਕਰਨ ਵਾਲੀ ਕੰਪਨੀ ਉੱਤੇ ਹੋਇਆ ਹੈ, ਜਿਸ ਨਾਲ ਰਾਸ਼ਟਰੀ ਪਾਵਰ ਗ੍ਰਿਡ ਉੱਤੇ ਡੂੰਘਾ ਅਸਰ ਪਿਆ ਹੈ। ਯੂਕਰੇਨੀ ਵਾਇਰ ਫੋਰਸ ਨੇ ਦਾਅਵਾ ਕੀਤਾ ਹੈ ਕਿ ਰੂਸ ਨੇ ਇੱਕ ਰਾਤ ਵਿੱਚ 450 ਡਰੋਨ ਅਤੇ 45 ਮਿਸਾਈਲਾਂ ਚਲਾਈਆਂ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਰੋਕ ਲਿਆ ਗਿਆ, ਪਰ 25 ਥਾਵਾਂ ਉੱਤੇ ਹੋਏ ਹਮਲਿਆਂ ਨਾਲ ਇਹ ਸਾਫ਼ ਹੈ ਕਿ ਯੁੱਧ ਇੱਕ ਨਵੇਂ ਅਤੇ ਖਤਰਨਾਕ ਪੜਾਅ ਵਿੱਚ ਦਾਖਲ ਹੋ ਗਿਆ ਹੈ। ਕੀਵ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਡਰੋਨਾਂ ਦੇ ਹਮਲਿਆਂ ਨਾਲ ਘੱਟੋ-ਘੱਟ ਚਾਰ ਲੋਕ ਮਾਰੇ ਗਏ ਅਤੇ ਦਰਜਨ ਜ਼ਖ਼ਮੀ ਹੋਏ ਸਨ। ਖਾਰਕੀਵ ਵਿੱਚ ਇੱਕ ਥਰਮਲ ਪਾਵਰ ਪਲਾਂਟ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਨਾਲ ਪੂਰਾ ਸ਼ਹਿਰ ਹਨੇਰੇ ਵਿੱਚ ਡੁੱਬ ਗਿਆ। ਪੋਲਟਾਵਾ ਓਬਲਾਸਟ ਵਿੱਚ ਰੂਸੀ ਹਮਲੇ ਨਾਲ ਬਿਜਲੀ ਅਤੇ ਪਾਣੀ ਦੀ ਸਪਲਾਈ ਰੁਕ ਗਈ, ਜਿਸ ਨਾਲ ਹਜ਼ਾਰਾਂ ਪਰਿਵਾਰ ਠੰਢ ਅਤੇ ਹਨੇਰੇ ਵਿੱਚ ਰਹਿਣ ਨੂੰ ਮਜਬੂਰ ਹੋ ਗਏ ਹਨ। ਯੂਕ੍ਰੇਨ ਦੇ ਊਰਜਾ ਮੰਤਰਾਲੇ ਅਨੁਸਾਰ, ਇਸ ਹਮਲੇ ਨਾਲ ਦੇਸ਼ ਦੇ 30 ਫੀਸਦੀ ਤੋਂ ਵੱਧ ਊਰਜਾ ਵਿਵਸਥਾ ਨੂੰ ਨੁਕਸਾਨ (ਬਾਕੀ ਸਫ਼ਾ 26 'ਤੇ)

# ਸੁਪਰੀਮ ਕੋਰਟ ਬਨਾਮ ਸਰਕਾਰ



## ਸੁਪਰੀਮ ਕੋਰਟ ਦੇ ਹੁਕਮਾਂ ਦੀ ਕਿੰਨੀ ਕੁ ਕੀਤੀ ਜਾਂਦੀ ਹੈ ਪਰਵਾਹ ?

## ਅਹਿਮ ਮੁੱਦਿਆਂ ਸਬੰਧੀ ਜਾਰੀ ਕੀਤੇ ਹੋਏ ਹਨ ਸੁਪਰੀਮ ਕੋਰਟ ਨੇ ਹੁਕਮ

**ਭਾਰਤ ਦੀ ਸੁਪਰੀਮ ਕੋਰਟ ਨੇ ਨਵੇਂ ਹੁਕਮ ਜਾਰੀ ਕਰਕੇ ਲੋਕਾਂ ਦੇ ਹੱਥਾਂ ਨੂੰ ਕੜੀਆਂ ਲਾਉਣ ਵਾਲੀ ਪੁਲਿਸ ਦੇ ਹੱਥ ਬੰਨ ਦਿੱਤੇ ਹਨ। ਸਰਕਾਰ ਅਤੇ ਸਿਆਸਤਦਾਨ ਪੁਲਿਸ ਨੂੰ ਅਕਸਰ ਹਥਿਆਰ ਵਜੋਂ ਵਰਤਦੇ ਹਨ ਅਤੇ ਪੁਲਿਸ ਸਰਕਾਰਾਂ ਅਤੇ ਸਿਆਸਤਦਾਨਾਂ ਦਾ ਹੱਥ ਠੋਕਾ ਬਣ ਕੇ ਰਹਿ ਜਾਂਦੀ ਹੈ। ਸੁਪਰੀਮ ਕੋਰਟ ਦੇ ਹੁਕਮਾਂ ਨਾਲ ਹੁਣ ਇਸ ਰੁਝਾਨ ਨੂੰ ਠੱਲ੍ਹ ਪੈਣ ਦੇ ਆਸਾਰ ਹਨ।**

### ਗ੍ਰਿਫ਼ਤਾਰੀ, ਪਰਾਲੀ, ਕੁੱਤੇ, ਪਸ਼ੂ ਅਤੇ ਸ਼ਰਾਬ ਦੇ ਠੇਕਿਆਂ ਸਬੰਧੀ ਵੀ ਸਰਵਉੱਚ ਅਦਾਲਤ ਦੇ ਚੁੱਕੀ ਹੈ ਵਿਸ਼ੇਸ਼ ਨਿਰਦੇਸ਼







**ਜਗਮੋਹਨ ਸਿੰਘ 'ਲੱਕੀ'**

ਭਾਰਤ ਦੀ ਨਿਆਂ ਪ੍ਰਣਾਲੀ ਇੱਕ ਸਪੱਸ਼ਟ ਦਰਜਾਬੰਦੀ 'ਤੇ ਅਧਾਰਿਤ ਹੈ, ਜਿਸ ਵਿੱਚ ਸੁਪਰੀਮ ਕੋਰਟ ਸਭ ਤੋਂ ਉੱਪਰ ਹੈ। ਭਾਰਤੀ ਸੰਵਿਧਾਨ ਦਾ ਅਨੁਛੇਦ 124 ਭਾਰਤ ਦੀ ਸੁਪਰੀਮ ਕੋਰਟ ਦੇ ਗਠਨ ਅਤੇ ਬਣਤਰ ਨਾਲ ਸੰਬੰਧਿਤ ਹੈ। ਸੰਵਿਧਾਨ ਦੀ ਧਾਰਾ 124 ਦੇ ਤਹਿਤ, ਭਾਰਤ ਦੀ ਸੁਪਰੀਮ ਕੋਰਟ ਦੀ ਸਥਾਪਨਾ ਕੀਤੀ ਗਈ ਹੈ। ਸੰਵਿਧਾਨ ਦੀ ਧਾਰਾ 141 ਇਹ ਸਪੱਸ਼ਟ ਕਰਦੀ ਹੈ ਕਿ ਸੁਪਰੀਮ ਕੋਰਟ ਵੱਲੋਂ ਐਲਾਨਿਆਂ/ਲਾਗੂ ਕੀਤਾ ਕਾਨੂੰਨ ਦੇਸ਼ ਭਰ ਦੀਆਂ ਅਦਾਲਤਾਂ ਲਈ ਪਾਬੰਦ ਹੈ। ਇਸੇ ਤਰ੍ਹਾਂ ਧਾਰਾ 144 ਸਾਰੇ ਸਿਵਲ ਅਤੇ ਨਿਆਂਇਕ ਅਧਿਕਾਰੀਆਂ ਨੂੰ ਸੁਪਰੀਮ ਕੋਰਟ ਦੀ ਸਹਾਇਤਾ ਕਰਨ ਦਾ ਆਦੇਸ਼ ਦਿੰਦੀ ਹੈ। ਸੁਪਰੀਮ ਕੋਰਟ ਨੇ ਕਈ ਵਾਰ ਦੁਹਰਾਇਆ ਹੈ ਕਿ ਕਿਸੇ ਵੀ ਅਧੀਨ ਮੰਚ (ਹੇਠਲੀਆਂ ਅਦਾਲਤਾਂ, ਸਰਕਾਰ, ਪ੍ਰਸ਼ਾਸਨ ਅਤੇ ਸੰਸਥਾਵਾਂ) ਲਈ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਨਜ਼ਰਅੰਦਾਜ਼ ਕਰਨਾ ਸਵੀਕਾਰਯੋਗ ਨਹੀਂ ਹੈ। ਭਾਰਤ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਵੱਲੋਂ ਵੱਖ- ਵੱਖ ਸਮੇਂ ਵੱਖ -ਵੱਖ ਮੁੱਦਿਆਂ ਅਤੇ ਅਹਿਮ ਮਸਲਿਆਂ ਸਬੰਧੀ ਆਪਣੇ ਹੁਕਮ ਜਾਰੀ ਕੀਤੇ ਹੋਏ ਹਨ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਇਹਨਾਂ ਹੁਕਮਾਂ ਨੂੰ ਖੁਦ ਸਰਕਾਰਾਂ ਵੱਲੋਂ ਹੀ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ ਅਤੇ ਹਰ ਕਾਨੂੰਨ ਅਤੇ ਹਰ ਹੁਕਮ ਦੀਆਂ ਚੋਰ ਮੋਰੀਆਂ ਲੱਭ ਲਈਆਂ ਜਾਂਦੀਆਂ ਹਨ।




ਲੰਘੇ ਦਿਨੀਂ ਸੁਪਰੀਮ ਕੋਰਟ ਨੇ ਪੁਲਿਸ ਵੱਲੋਂ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਸਬੰਧੀ ਹੁਕਮ ਜਾਰੀ ਕੀਤਾ ਹੈ ਕਿ ਜਿਸ ਵਿਅਕਤੀ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਜਾਵੇਗਾ, ਉਸ ਦੀ ਗ੍ਰਿਫ਼ਤਾਰੀ ਦੇ ਕਾਰਨਾਂ ਦਾ ਉਸ ਵਿਅਕਤੀ ਨੂੰ ਲਿਖਤੀ ਰੂਪ ਵਿੱਚ ਅਤੇ ਆਸਾਨੀ ਨਾਲ ਸਮਝ ਆਉਣ ਵਾਲੀ ਭਾਸ਼ਾ ਵਿੱਚ ਦੱਸਿਆ ਜਾਵੇਗਾ। ਨਿੱਜੀ ਆਜ਼ਾਦੀ ਲਈ ਸੰਵਿਧਾਨਕ ਸੁਰੱਖਿਆ ਨੂੰ ਮਜ਼ਬੂਤ ਕਰਨ ਵਾਲੇ ਫ਼ੈਸਲੇ ਵਿੱਚ ਸਰਵਉੱਚ ਅਦਾਲਤ ਨੇ ਕਿਹਾ ਕਿ ਗ੍ਰਿਫ਼ਤਾਰੀ ਤੋਂ ਪਹਿਲਾਂ ਜਾਂ ਤੁਰੰਤ ਬਾਅਦ ਗ੍ਰਿਫ਼ਤਾਰੀ ਦੇ ਆਧਾਰਾਂ ਬਾਰੇ ਦੱਸਣ ਨਾਲ ਅਜਿਹੀ ਗ੍ਰਿਫ਼ਤਾਰੀ ਨੂੰ ਫ਼ਰਕ ਨਹੀਂ ਹੋਵੇਗਾ।ਚੀਫ਼ ਜਸਟਿਸ ਬੀ.ਆਰ.ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਜੁਲਾਈ 2024 ਦੀ ਹਾਈ-ਪ੍ਰੋਫਾਈਲ ਮੁੰਬਈ ਬੀ.ਐਮ.ਡਬਲਿਊ. ਹਿੱਟ-ਐਂਡ-ਰਨ ਘਟਨਾ ਰਾਹੀਂ ਸਾਹਮਣੇ ਆਏ ਮਿਹਿਰ ਰਾਜੇਸ਼ ਸ਼ਾਹ ਬਨਾਮ ਮਹਾਰਾਸ਼ਟਰ ਰਾਜ ਮਾਮਲੇ ਵਿੱਚ ਆਪਣਾ ਫ਼ੈਸਲਾ ਸੁਣਾਇਆ। ਜਸਟਿਸ ਮਸੀਹ ਨੇ 52 ਪੰਨਿਆਂ ਦਾ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਸੰਵਿਧਾਨ ਦੇ ਅਨੁਛੇਦ 22(1) ਅਧੀਨ ਸੰਵਿਧਾਨਕ ਆਦੇਸ਼, ਜੋ ਇਹ ਗਾਰੰਟੀ ਦਿੰਦਾ ਹੈ ਕਿ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਗ੍ਰਿਫ਼ਤਾਰੀ ਦੇ ਆਧਾਰਾਂ ਬਾਰੇ ਜਿੰਨੀ ਜਲਦੀ ਹੋ ਸਕੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਇਹ ਇੱਕ ਪ੍ਰਕਿਰਿਆਤਮਕ ਰਸਮ ਨਹੀਂ ਹੈ ਬਲਕਿ ਨਿੱਜੀ ਆਜ਼ਾਦੀ ਦੀ ਇੱਕ ਬੁਨਿਆਦੀ ਸੁਰੱਖਿਆ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਪੁਲਿਸ ਵੱਲੋਂ ਗ੍ਰਿਫ਼ਤਾਰੀ ਦੇ ਆਧਾਰ ਬਾਰੇ ਜਾਣਕਾਰੀ ਹੀ ਮੁਹੱਈਆ ਨਹੀਂ ਕਰਵਾਈ ਜਾਂਦੀ। ਲੰਘੇ ਦਿਨੀਂ ਸੁਪਰੀਮ ਕੋਰਟ ਨੇ ਦੇਸ਼ ਭਰ ਦੀਆਂ ਸੂਬਾ ਸਰਕਾਰਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇੱਕ ਵੱਡਾ ਹੁਕਮ ਜਾਰੀ ਕੀਤਾ ਹੈ। ਅਦਾਲਤ ਨੇ ਕਿਹਾ ਹੈ ਕਿ ਹਾਈਵੇਅ, ਸੜਕਾਂ ਅਤੇ ਐਕਸਪ੍ਰੈਸਵੇਅ ਤੋਂ ਆਵਾਰਾ ਕੁੱਤੇ ਅਤੇ ਮਵੇਸ਼ੀ ਤੁਰੰਤ ਹਟਾਏ ਜਾਣ। ਇਹ ਹੁਕਮ ਸੁਪਰੀਮ ਕੋਰਟ ਦੀ ਤਿੰਨ ਜੱਜਾਂ ਦੀ ਬੈਂਚ 'ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐਨ.ਵੀ. ਅੰਜਾਰੀਆ' ਵੱਲੋਂ ਜਾਰੀ ਕੀਤਾ ਗਿਆ ਹੈ। ਅਦਾਲਤ ਨੇ ਆਪਣੇ ਆਦੇਸ਼ ਵਿੱਚ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਇਸ ਦੀ ਪਾਲਣਾ ਨਾ ਕਰਨ 'ਤੇ ਅਧਿਕਾਰੀਆਂ ਨੂੰ ਨਿੱਜੀ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸੂਬਾ ਸਰਕਾਰਾਂ ਇਹ ਯਕੀਨੀ ਬਣਾਉਣ ਕਿ ਹਸਪਤਾਲ, ਸਕੂਲ, ਯੂਨੀਵਰਸਿਟੀਆਂ, ਜਨਤਕ ਖੇਡ ਮੈਦਾਨ, ਬੱਸ ਅੱਡੇ ਤੇ ਰੇਲਵੇ ਸਟੇਸ਼ਨ ਆਦਿ ਦੀ ਵਾੜਬੰਦੀ ਹੋਵੇ ਤਾਂ ਜੋ ਆਵਾਰਾ ਕੁੱਤੇ ਅੰਦਰ ਨਾ ਆ ਸਕਣ। ਅਦਾਲਤ ਨੇ ਇਹ ਵੀ ਕਿਹਾ ਕਿ ਜੇਕਰ ਕਿਸੇ ਸੰਸਥਾ ਦੇ ਅੰਦਰ ਪਹਿਲਾਂ ਹੀ ਕੁੱਤੇ ਮੌਜੂਦ ਹਨ, ਤਾਂ ਉਨ੍ਹਾਂ ਨੂੰ ਉਥੋਂ ਹਟਾ ਕੇ ਨਸਬੰਦੀ ਕਰਾਈ ਜਾਵੇ ਅਤੇ ਉਨ੍ਹਾਂ ਨੂੰ ਸਰਕਾਰੀ ਡੌਗ ਸ਼ੈਲਟਰਾਂ ਵਿੱਚ ਭੇਜਿਆ ਜਾਵੇ। ਜ਼ਿਕਰਯੋਗ ਹੈ ਕਿ ਅਵਾਰਾ ਕੁੱਤਿਆਂ ਅਤੇ ਅਵਾਰਾ ਪਸ਼ੂਆਂ ਦੀ ਗਿਣਤੀ ਭਾਰਤ ਵਿੱਚ ਬਹੁਤ ਵੱਧ ਗਈ ਹੈ ਅਤੇ ਇਹ ਦੋਵੇਂ ਭਾਰਤ ਵਾਸੀਆਂ ਲਈ ਵੱਡੀ ਸਮੱਸਿਆ ਬਣ ਗਏ ਹਨ। ਇਨ੍ਹਾਂ ਕਾਰਨ ਹਰ ਦਿਨ ਸੜਕ ਹਾਦਸੇ ਵਾਪਰ ਰਹੇ ਹਨ। ਇਸ ਤੋਂ ਇਲਾਵਾ ਅਵਾਰਾ ਕੁੱਤਿਆਂ ਵੱਲੋਂ ਆਮ ਲੋਕਾਂ ਖਾਸ ਕਰਕੇ ਬੱਚਿਆਂ ਨੂੰ ਕੱਟਣ ਦੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ, ਜਿਸ ਕਾਰਨ ਸਥਿਤੀ ਕਾਫ਼ੀ ਗੰਭੀਰ ਹੋ ਰਹੀ ਹੈ। ਇਸੇ ਕਾਰਨ ਸੁਪਰੀਮ ਕੋਰਟ ਨੇ ਗਲੀਆਂ- ਸੜਕਾਂ 'ਤੇ ਘੁੰਮਦੇ ਅਵਾਰਾ ਕੁੱਤਿਆਂ ਅਤੇ ਅਵਾਰਾ ਪਸ਼ੂਆਂ ਨੂੰ ਸ਼ੈਲਟਰ ਹੋਮਾਂ ਵਿੱਚ ਭੇਜਣ ਦੇ ਹੁਕਮ ਜਾਰੀ ਕੀਤੇ ਹਨ। (ਬਾਕੀ ਸਫ਼ਾ 26 'ਤੇ)

# ਸੰਘ ਮੁਖੀ ਭਾਗਵਤ ਦਾ ਫਿਰਕੂ ਬਿਆਨ, ਰਜਿਸਟ੍ਰੇਸ਼ਨ ਵਿਵਾਦ ਤੇ ਗ਼ੈਰ ਵਿਧਾਨਕ ਸੱਤਾ ਬਾਰੇ ਸਵਾਲ ਖੜੇ ਹੋਏ

## ਸੰਘ ਪਰਿਵਾਰ ਦਾ ਧਰਮ ਆਧਾਰਿਤ ਰਾਸ਼ਟਰ ਬਣਾਉਣ ਦਾ ਮਕਸਦ: ਪਾਕਿਸਤਾਨ ਵਰਗੇ ਮਾਡਲ ਦਾ ਡਰ

## ਸਿੱਖ ਪੰਥ ਕਿਉਂ ਕਰ ਰਿਹਾ ਹੈ ਵਿਰੋਧ ਅਤੇ ਕੀ ਕਹਿੰਦੇ ਹਨ ਵਿਸ਼ਲੇਸ਼ਕ

ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਕਾਲਪੁਰਣ ਵਿੱਚ ਇੱਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਨਾ ਤਾਂ ਆਰਐੱਸਐੱਸ ਰਜਿਸਟਰਡ ਹੈ ਅਤੇ ਨਾ ਹੀ ਹਿੰਦੂ ਧਰਮ। ਇਸ ਬਿਆਨ ਨੇ ਦੇਸ਼ ਵਿੱਚ ਤਿੱਖੀ ਚਰਚਾ ਛੇੜ ਦਿੱਤੀ ਹੈ। ਭਾਗਵਤ ਨੇ ਕਿਹਾ, 'ਬਹੁਤ ਕੁਝ ਰਜਿਸਟਰ ਨਹੀਂ ਹੁੰਦਾ। ਹਿੰਦੂ ਧਰਮ ਵੀ ਰਜਿਸਟਰ ਨਹੀਂ ਹੈ।' ਇਹ ਬਿਆਨ ਕਾਂਗਰਸ ਨੇਤਾ ਪ੍ਰਿਅੰਕਾ ਤੇ ਖੜਗੇ ਵੱਲੋਂ ਆਰ.ਐੱਸ.ਐੱਸ. ਦੀ ਰਜਿਸਟ੍ਰੇਸ਼ਨ ਬਾਰੇ ਉਠਾਏ ਸਵਾਲਾਂ ਦੇ ਜਵਾਬ ਵਿੱਚ ਆਇਆ ਹੈ। ਪਰ ਇਸ ਨਾਲ ਨਾ ਸਿਰਫ਼ ਰਾਜਨੀਤਕ ਵਿਵਾਦ ਵਧਿਆ ਹੈ, ਸਗੋਂ ਦੇਸ਼ ਦੇ ਧਰਮ ਨਿਰਪੱਖ ਚਰਚਾ ਵਿੱਚ ਵੀ ਨਵੇਂ ਮਾਮਲੇ ਉੱਭਰੇ ਹਨ। ਖਾਸ ਕਰਕੇ, ਸਿੱਖ ਭਾਈਚਾਰਾ ਇਸ ਬਿਆਨ ਦਾ ਗੰਭੀਰ ਨੋਟਿਸ ਲੈ ਰਿਹਾ ਹੈ, ਜੋ ਆਰ.ਐੱਸ.ਐੱਸ. ਪਰਿਵਾਰ ਨੂੰ ਲੰਮੇ ਸਮੇਂ ਤੋਂ ਵਿਰੋਧ ਕਰਦਾ ਆ ਰਿਹਾ ਹੈ।

ਮੋਹਨ ਭਾਗਵਤ ਦਾ ਇਹ ਬਿਆਨ 9 ਨਵੰਬਰ ਨੂੰ 'ਆਰ.ਐੱਸ.ਐੱਸ. ਐਟ 100 - ਨਿਊ ਹੋਰਾਇਜ਼ਨਜ਼' ਨਾਮਕ ਸੰਮੇਲਨ ਵਿੱਚ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਆਰ.ਐੱਸ.ਐੱਸ. ਸਭਿਆਚਾਰਕ ਸੰਸਥਾ ਹੈ ਅਤੇ ਇਸ ਨੂੰ ਰਜਿਸਟ੍ਰੇਸ਼ਨ ਦੀ ਲੋੜ ਨਹੀਂ। ਭਾਗਵਤ ਨੇ 'ਹਿੰਦੂ ਧਰਮ ਨੂੰ ਸਭ ਧਰਮਾਂ ਦਾ ਮੂਲ ਕਿਹਾ ਕਿ ਭਾਰਤ ਵਿੱਚ ਜੰਮਿਆ ਹਰ ਮਨੁੱਖ ਹਿੰਦੂ ਹੈ। ਪਰ ਬਹੁਜਨ ਭਾਈਚਾਰਾ ਇਸ ਨਾਲ ਸਹਿਮਤ ਨਹੀਂ ਕਿ ਭਾਰਤ ਵਿਚ ਹਿੰਦੂ ਭਾਈਚਾਰੇ ਦੀ ਵੱਡੀ ਗਿਣਤੀ ਹੈ। ਗਾਂਧੀਵਾਦੀ ਅਤੇ ਸੰਵਿਧਾਨਕ ਵਿਚਾਰਧਾਰਾ ਵਾਲੇ ਹਿੰਦੂ ਆਰ.ਐੱਸ.ਐੱਸ. ਨੂੰ ਇੱਕ ਰਾਜਨੀਤਕ ਫਿਰਕੂ ਸੰਸਥਾ ਵਜੋਂ ਵੇਖਦੇ ਹਨ, ਨਾ ਕਿ ਧਾਰਮਿਕ।'

ਭਾਗਵਤ ਵੱਲੋਂ ਖੜੇ ਕੀਤੇ ਇਸ ਵਿਵਾਦ ਨੇ ਇੱਕ ਵੱਡਾ ਸਵਾਲ ਖੜ੍ਹਾ ਕੀਤਾ ਹੈ: ਇੱਕ ਅਜਿਹੀ ਸੰਸਥਾ ਜੋ ਆਪਣੇ ਰਾਜਨੀਤਕ ਵਿੰਗ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਰਾਹੀਂ ਦੇਸ਼ ਦੀ ਸਿਆਸਤ ਤੋਂ ਲੈ ਕੇ ਵਿਦਿਅਕ ਸੰਸਥਾਵਾਂ ਤੱਕ ਪ੍ਰਭਾਵ ਪਾਉਂਦੀ ਹੈ, ਉਸ ਨੂੰ ਰਜਿਸਟਰ ਕਿਉਂ ਨਹੀਂ ਕੀਤਾ ਜਾਵੇ ? ਕਾਨੂੰਨ ਅਨੁਸਾਰ ਇਸ ਨੂੰ ਧਾਰਮਿਕ ਜਾਂ ਰਾਜਨੀਤਕ ਵਜੋਂ ਵਰਗੀਕਰਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਨਿਰਧਾਰਿਤ ਖੇਤਰ ਵਿੱਚ ਕੰਮ ਕਰਨ ਦੀ ਇਜਾਜ਼ਤ ਮਿਲੇ।



ਆਰ.ਐੱਸ.ਐੱਸ. ਦੀ ਰਜਿਸਟ੍ਰੇਸ਼ਨ ਨਾ ਹੋਣ ਦੇ ਬਾਵਜੂਦ ਟੈਕਸ ਛੋਟ ਵਾਲੇ ਮਾਮਲੇ ਨੂੰ ਵੀ ਉਜਾਗਰ ਕੀਤਾ ਹੈ। ਜੇ ਇਹ ਰਜਿਸਟਰ ਨਹੀਂ ਹੈ ਤਾਂ ਉਸ ਦੀ ਆਮਦਨੀ ਨੂੰ ਆਮਦਨ ਟੈਕਸ ਐਕਟ ਅਧੀਨ ਧਾਰਮਿਕ ਸੰਸਥਾ ਵਜੋਂ ਛੋਟ ਕਿਵੇਂ ਮਿਲੀ ਹੋਈ ਹੈ ? ਵਿਸ਼ਲੇਸ਼ਕਾਂ ਅਨੁਸਾਰ, ਆਰ.ਐੱਸ.ਐੱਸ. ਆਪਣੇ 'ਗੁਰੂ ਦਕਸ਼ਿਣਾ' ਨਾਮਕ ਫੰਡ ਰਾਹੀਂ ਲੱਖਾਂ ਕਰੋੜਾਂ ਰੁਪਏ ਇਕੱਠੇ ਕਰਦੀ ਹੈ, ਪਰ ਇਸ ਦੀ ਪਾਰਦਰਸ਼ਤਾ ਨਹੀਂ ਹੈ। ਭਾਗਵਤ ਨੇ ਇਸ ਨੂੰ 'ਸਵੈਮਸੇਵੀ' ਕਹਿ ਕੇ ਬਚਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਵਿਰੋਧੀ ਧਿਰਾਂ ਕਹਿ ਰਹੀਆਂ ਹਨ ਕਿ ਇਹ ਗੈਰ ਵਿਧਾਨਕ ਮਾਮਲਾ ਹੈ।

ਬਹੁਤੇ ਲੋਕਾਂ ਦੀ ਧਾਰਨਾ ਹੈ ਕਿ ਆਰ.ਐੱਸ.ਐੱਸ. ਭਾਰਤ ਨੂੰ ਧਰਮ ਆਧਾਰਿਤ ਰਾਸ਼ਟਰ ਵਿੱਚ ਬਦਲਣਾ ਚਾਹੁੰਦਾ ਹੈ, ਜਿਵੇਂ ਪਾਕਿਸਤਾਨ ਬਣਿਆ ਹੋਇਆ ਹੈ। ਇਸ ਲਈ ਉਹ ਧਾਰਮਿਕ ਧਰੁਵੀਕਰਨ ਨੂੰ ਹਵਾ ਦਿੰਦਾ ਹੈ ਅਤੇ ਹਿੰਦੂ ਬਹੁਗਿਣਤੀ ਨੂੰ ਘੱਟਗਿਣਤੀਆਂ ਵਿਰੁੱਧ ਉਕਸਾਉਂਦਾ ਹੈ। ਭਾਗਵਤ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਆਰ.ਐੱਸ.ਐੱਸ. ਸਭ ਦਾ ਸਵਾਗਤ ਕਰਦਾ ਹੈ, ਪਰ ਇਤਿਹਾਸਕ ਤੱਥ ਇਸ ਨਾਲ ਵਿਰੋਧਾਭਾਸ ਦੱਸਦੇ ਹਨ। ਆਰ.ਐੱਸ.ਐੱਸ. ਦੇ ਸੰਸਥਾਪਕ ਡਾ. ਹੇਡਗੇਵਾਰ ਅਤੇ ਗੋਲਵਲਕਰ ਨੇ ਆਪਣੀਆਂ ਲਿਖਤਾਂ ਵਿੱਚ ਹਿੰਦੂ ਰਾਸ਼ਟਰ ਦੀ ਧਾਰਨਾ ਪੇਸ਼ ਕੀਤੀ ਸੀ, ਜਿਸ ਵਿੱਚ ਘੱਟਗਿਣਤੀਆਂ ਨੂੰ ਦੂਜੇ ਦਰਜੇ ਦਾ ਦੱਸਿਆ ਗਿਆ।ਇਸ ਵਿਚਾਰਧਾਰਾ ਭਾਰਤ ਦੇ ਸੰਵਿਧਾਨ ਨਾਲ ਮੇਲ ਨਹੀਂ ਖਾਂਦੀ, ਜੋ ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਸੰਘੀ ਵਿਵਸਥਾ ਨੂੰ ਅਪਣਾਉਂਦਾ ਹੈ। ਡਾ. ਅੰਬੇਡਕਰ ਵੱਲੋਂ ਬਣਾਏ ਸੰਵਿਧਾਨ ਵਿੱਚ ਧਰਮ ਅਤੇ ਰਾਜ ਨੂੰ ਅਲੱਗ ਰੱਖਿਆ ਗਿਆ ਹੈ। ਪਰ ਆਰ.ਐੱਸ.ਐੱਸ. ਨੇ ਆਪਣੇ ਸੰਗਠਨਾਂ ਰਾਹੀਂ - ਵਿਸ਼ਵ ਹਿੰਦੂ ਪੰਚਾਇਤੀ (ਵੀ.ਐੱਚ.ਪੀ.), ਭਰਤੀਆ ਜਨ ਸੰਘ ਤੋਂ ਬੀਜੇਪੀ ਤੱਕ - ਇਸ ਨੂੰ ਚੁਣੌਤੀ ਦਿੱਤੀ ਹੈ। ਅੱਜ ਦੇਸ਼ ਵਿੱਚ ਘੱਟਗਿਣਤੀਆਂ ਮੁਸਲਮਾਨ, ਈਸਾਈ, ਸਿੱਖ ਅਤੇ ਹੋਰਨਾਂ ਵਿੱਚ ਡਰ ਪੈਦਾ ਹੋ ਰਿਹਾ ਹੈ ਕਿ ਕੀ ਭਾਰਤ ਪਾਕਿਸਤਾਨ ਵਾਂਗ ਧਰਮ ਆਧਾਰਿਤ ਬਣ ਜਾਵੇਗਾ ?

### ਸੰਘ ਪਰਿਵਾਰ ਨੂੰ ਧਰਮ ਆਧਾਰਿਤ ਰਾਸ਼ਟਰ ਵਿੱਚ ਬਦਲਣ ਦਾ ਮਕਸਦ ਕੀ ?

ਆਰਐੱਸਐੱਸ ਪਰਿਵਾਰ ਦਾ ਮੁੱਖ ਮਕਸਦ ਹਿੰਦੂ ਰਾਸ਼ਟਰ ਦੀ ਸਥਾਪਨਾ ਹੈ, ਜਿਸ ਨੂੰ ਉਹ 'ਹਿੰਦੂਤਵ' ਕਹਿੰਦੇ ਹਨ। ਇਹ ਵਿਚਾਰਧਾਰਾ 1925 ਵਿੱਚ ਆਰਐੱਸਐੱਸ ਦੇ ਸੰਸਥਾਪਨ ਤੋਂ ਚੱਲ ਰਹੀ ਹੈ। ਗੋਲਵਲਕਰ ਦੀ ਕਿਤਾਬ 'ਬੰਚ ਆਫ ਥਾਟ' ਵਿੱਚ ਲਿਖਿਆ ਹੈ ਕਿ ਹਿੰਦੂ ਰਾਸ਼ਟਰ ਵਿੱਚ ਘੱਟਗਿਣਤੀਆਂ ਨੂੰ ਹਿੰਦੂਤਵ ਅਪਣਾਉਣਾ ਪਵੇਗਾ।

(ਬਾਕੀ ਸਫ਼ਾ 26 'ਤੇ)

# ਬੰਦੀ ਸਿੰਘਾਂ ਦੀ ਰਿਹਾਈ ਦਾ ਆਪਣਾ 2019 ਦਾ ਫ਼ੈਸਲਾ ਤੁਰੰਤ ਲਾਗੂ ਕਰੇ ਕੇਂਦਰ: ਧਾਮੀ

## ਸ਼ਹੀਦੀ ਸ਼ਤਾਬਦੀ ਸਬੰਧੀ ਸ਼੍ਰੋਮਣੀ ਕਮੇਟੀ ਨੇ ਬਾਬਾ ਬਕਾਲਾ 'ਚ ਸਮਾਗਮ ਕਰਵਾਇਆ



ਅੰਮ੍ਰਿਤਸਰ/ਏ.ਟੀ.ਨਿਊਜ਼: ਗੁਰੂ ਤੇਗ ਬਹਾਦਰ ਦੇ ਸ਼ਹੀਦੀ ਪੁਰਬ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਵਿੱਚ ਗੁਰਮਤਿ ਸਮਾਗਮ ਕਰਵਾਏ ਗਏ। ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਜੋਗਾ ਸਿੰਘ ਸਣੇ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ। ਅਖੰਡ ਪਾਠ ਦੇ ਭੋਗ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸਜੇ ਧਾਰਮਿਕ ਦੀਵਾਨ ਦੌਰਾਨ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਕਮੇਟੀ ਅਤੇ ਆਸਟ੍ਰੇਲੀਆ ਦੀ ਸਹਿਜ ਪਾਠ ਸੇਵਾ ਸੰਸਥਾ ਵੱਲੋਂ ਸੰਗਤ ਦੇ ਸਹਿਯੋਗ ਨਾਲ ਦੁਨੀਆਂ ਭਰ 'ਚ ਕਰਵਾਏ 25 ਹਜ਼ਾਰ ਦੇ ਕਰੀਬ ਸਹਿਜ ਪਾਠਾਂ ਦੇ ਭੋਗ ਪਾਏ ਗਏ। ਸਮਾਗਮ ਦੌਰਾਨ ਰਾਗੀ, ਪ੍ਰਚਾਰਕ, ਢਾਡੀ ਤੇ ਕਵੀਸ਼ਰ ਜਥਿਆਂ ਨੇ ਗੁਰ ਇਤਿਹਾਸ ਦੀ ਸਾਂਝ ਪਾਈ।

ਇਸ ਦੌਰਾਨ ਪੁੱਜੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸਿਰਫ਼ ਸਿੱਖ ਇਤਿਹਾਸ ਦਾ ਹੀ ਨਹੀਂ, ਸਗੋਂ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਮਾਨਵੀ ਕਦਰਾਂ-ਕੀਮਤਾਂ ਦੀ ਰਖਵਾਲੀ ਲਈ ਅਦੁੱਤੀ ਘਟਨਾ ਵਜੋਂ ਦਰਜ ਹੈ। ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ 21 ਤੋਂ 29 ਨਵੰਬਰ ਤੱਕ ਸ੍ਰੀ ਆਨੰਦਪੁਰ ਸਾਹਿਬ ਵਿੱਚ ਵਿਸ਼ੇਸ਼ ਸਮਾਗਮ ਕੀਤੇ ਜਾਣੇ ਹਨ। ਸੰਗਤ ਨੂੰ ਇਸ ਇਤਿਹਾਸਕ ਮੌਕੇ ਨਾਲ ਜੋੜਨ ਵਾਸਤੇ ਘਰ-ਘਰ ਅੰਦਰ ਸਹਿਜ ਪਾਠ ਕਰਨ ਦੀ ਮੁਹਿੰਮ ਵਿੱਢੀ ਗਈ ਸੀ। ਇਸ ਤਹਿਤ ਅੱਜ 25 ਹਜ਼ਾਰ ਸੰਗਤ ਵੱਲੋਂ ਕੀਤੇ ਸਹਿਜ ਪਾਠਾਂ ਦੇ ਸਮੂਹਿਕ ਰੂਪ ਵਿੱਚ ਭੋਗ ਪਾ ਕੇ ਸੰਪੂਰਨਤਾ ਕੀਤੀ ਗਈ ਹੈ। ਇਸ ਦੇ ਦੂਜੇ ਪੜਾਅ ਤਹਿਤ ਸ੍ਰੀ ਆਨੰਦਪੁਰ ਸਾਹਿਬ ਵਿੱਚ 16 ਨਵੰਬਰ ਨੂੰ 35 ਹਜ਼ਾਰ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ। ਉਨ੍ਹਾਂ ਸੰਗਤ ਨੂੰ ਸ੍ਰੀ ਆਨੰਦਪੁਰ ਸਾਹਿਬ ਵਿੱਚ ਹੋ ਰਹੇ ਸ਼ਤਾਬਦੀ ਸਮਾਗਮਾਂ ਸਮੇਂ ਪਰਿਵਾਰਾਂ ਸਣੇ ਹਾਜ਼ਰ ਹੋਣ ਲਈ ਪ੍ਰੇਰਿਆ।

ਉਨ੍ਹਾਂ ਕੇਂਦਰ ਸਰਕਾਰ ਨੂੰ ਆਪਣਾ 2019 ਦਾ ਬੰਦੀ ਸਿੰਘਾਂ ਦੀ ਰਿਹਾਈ ਦਾ ਫ਼ੈਸਲਾ ਤੁਰੰਤ ਲਾਗੂ ਕਰਨ ਲਈ ਆਖਿਆ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ 350 ਸਾਲਾ ਦਿਹਾੜਾ ਅਹਿਮ ਮੌਕਾ ਹੈ। ਇਸ ਨੂੰ ਸਮਰਪਿਤ ਹੁੰਦਿਆਂ ਸਰਕਾਰ ਨੂੰ ਵੱਡਾ ਦਿਲ ਦਿਖਾਉਂਦਿਆਂ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਸਮਾਗਮਾਂ ਸਬੰਧੀ ਸ੍ਰੀ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਸਮਾਗਮਾਂ ਸਮੇਂ ਸਾਰਿਆਂ ਨੂੰ ਖੁੱਲ੍ਹਾ ਸੱਦਾ ਹੈ ਅਤੇ ਸਰਕਾਰ ਨੂੰ ਵੱਖਰੇ ਧਾਰਮਿਕ ਸਮਾਗਮਾਂ ਦੀ ਥਾਂ ਵਿਕਾਸ ਕਾਰਜਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

## ਸ਼੍ਰੋਮਣੀ ਕਮੇਟੀ ਚੋਣਾਂ ਜਲਦੀ ਕਰਵਾਏ ਕੇਂਦਰ ਸਰਕਾਰ : ਪੀਰਮੁਹੰਮਦ



ਚਮਕੌਰ ਸਾਹਿਬ/ਏ.ਟੀ. ਨਿਊਜ਼: ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਬੀਤੇ ਤਕਰੀਬਨ 14 ਸਾਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਹੀਂ ਹੋਈਆਂ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਹੋਣ ਕਰਕੇ ਬਾਦਲ ਅਕਾਲੀ ਦਲ ਦਾ ਇਸ ਦੇ ਉੱਪਰ ਪੂਰੀ ਤਰ੍ਹਾਂ ਕਬਜ਼ਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਕਿਸੇ ਵੀ ਜਗ੍ਹਾ 'ਤੇ ਪੰਥਕ ਪ੍ਰੋਗਰਾਮ ਕਰਵਾਉਣ ਲਈ ਇਜਾਜ਼ਤ ਨਹੀਂ ਮਿਲ ਰਹੀ, ਜਿਸ ਕਾਰਨ ਵਿਰੋਧੀ ਧਿਰਾਂ ਪ੍ਰੇਸ਼ਾਨ ਹੋ ਰਹੀਆਂ ਹਨ। ਕਰਨੈਲ ਸਿੰਘ ਪੀਰਮੁਹੰਮਦ ਨੂੰ ਜਦੋਂ ਪੁੱਛਿਆ ਗਿਆ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪੰਜਵੀਂ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਜਾ ਚੁੱਕੇ ਹਨ ਤਾਂ ਉਨ੍ਹਾਂ ਕਿਹਾ ਕਿ ਵਿਅਕਤੀਗਤ ਤੌਰ 'ਤੇ ਹਰਜਿੰਦਰ ਸਿੰਘ ਧਾਮੀ ਨੇਕ ਇਨਸਾਨ ਹਨ ਅਤੇ ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਆਗੂ ਹਨ ਪ੍ਰੰਤੂ ਜਿੱਥੋਂ ਤੱਕ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਬੰਧ ਹੈ ਤਾਂ ਉਨ੍ਹਾਂ ਨੂੰ ਕਈ ਵਾਰ ਮਜਬੂਰੀ ਵੱਸ ਉਨ੍ਹਾਂ ਦੇ ਕਹਿਣ 'ਤੇ ਫੈਸਲੇ ਲੈਣੇ ਪੈਂਦੇ ਹਨ, ਜਿਹੜੇ ਮਰਿਆਦਾ ਦੇ ਬਿਲਕੁਲ ਉਲਟ ਹੁੰਦੇ ਹਨ। ਇਸੇ ਕਰਕੇ ਉਨ੍ਹਾਂ ਬੀਤੇ ਸਮੇਂ ਦੇ ਦਰਮਿਆਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵਜੋਂ ਅਸਤੀਫਾ ਦੇ ਕੇ ਘਰ ਬੈਠਣਾ ਹੀ ਮੁਨਾਸਬ ਸਮਝਿਆ ਸੀ। ਸ੍ਰੀ ਪੀਰਮੁਹੰਮਦ ਨੇ ਕਿਹਾ ਕਿ ਤਿੰਨ ਨਵੰਬਰ ਦਾ ਦਿਨ ਅੱਜ ਤੋਂ 41 ਸਾਲ ਪਹਿਲਾਂ ਬਹੁਤ ਹੀ ਤਰਾਸਦੀ ਵਾਲਾ ਦਿਨ ਸੀ ਜਦੋਂ ਸਿੱਖ ਕੌਮ ਦੀ ਨਸਲਕੁਸ਼ੀ ਕੀਤੀ ਜਾ ਰਹੀ ਸੀ। ਇਸ ਨਸਲਕੁਸ਼ੀ ਸਬੰਧੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕਹਿ ਦਿੱਤਾ ਹੈ ਕਿ ਸਿੱਖ ਕੌਮ ਦੀ ਨਸਲਕੁਸ਼ੀ ਕਾਂਗਰਸ ਨੇ ਕਰਾਈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਇਸ ਬਿਆਨ ਨੂੰ ਆਧਾਰ ਬਣਾ ਕੇ ਨੈਸ਼ਨਲ ਕਾਂਗਰਸ ਦੇ ਉੱਪਰ ਕੇਸ ਚਲਾਇਆ ਜਾਣਾ ਚਾਹੀਦਾ ਹੈ।

# ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਜਲਦੀ ਖੋਲ੍ਹਿਆ ਜਾਵੇ: ਜਥੇਦਾਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਾਕਿਸਤਾਨ ਦੇ ਗੁਰਦੁਆਰਿਆਂ ਦੇ ਦਰਸ਼ਨ ਲਈ ਜੱਥੇ ਦੇ ਨਾਲ 3 ਨਵੰਬਰ ਨੂੰ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਪਿਛਲੇ ਦਿਨੀਂ ਵਾਪਸ ਭਾਰਤ ਪਰਤ ਆਏ ਹਨ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਵਾਹਗਾ-ਅਟਾਰੀ ਸਰਹੱਦ 'ਤੇ ਰਵਾਨਗੀ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਨਿੱਘੀ ਵਿਦਾਇਗੀ ਦਿੱਤੀ। ਵਾਪਸੀ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਜਥੇਦਾਰ ਨੇ ਗੁਰੂ ਘਰਾਂ ਵਿੱਚ ਦਰਸ਼ਨ ਸਮੇਂ ਦੇ ਅਨੁਭਵ ਅਤੇ ਦੋਨਾਂ ਦੇਸ਼ਾਂ ਦੇ ਰਿਸ਼ਤਿਆਂ 'ਤੇ ਵਿਚਾਰ ਸਾਂਝੇ ਕੀਤੇ। ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਸੀਸ ਨਾਲ ਜਥੇ ਨੇ ਸ਼ਾਂਤੀਪੂਰਨ ਤਰੀਕੇ ਨਾਲ ਪਾਕਿਸਤਾਨ ਦੇ ਗੁਰੂਧਾਮਾਂ ਵਿੱਚ ਦਰਸ਼ਨ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਹੁਤ ਹੀ ਚੰਗੇ ਪ੍ਰਬੰਧ ਕੀਤੇ ਸਨ, ਜਿਸ ਲਈ ਉਨ੍ਹਾਂ ਨੇ ਲਹਿੰਦੇ ਪੰਜਾਬ ਦੀ ਸਰਕਾਰ ਤੇ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਰਿਹਾਇਸ਼, ਲੰਗਰ, ਪੂਰਾ ਪ੍ਰੋਟੋਕਾਲ, ਸੁਰੱਖਿਆ ਤੇ ਮੈਡੀਕਲ ਪ੍ਰਬੰਧ ਬਹੁਤ ਸ਼ਾਨਦਾਰ ਸਨ। ਜਥੇਦਾਰ ਨੇ ਦੱਸਿਆ ਕਿ ਉੱਥੇ ਸਿੱਖ ਸੰਗਤ ਦੇ ਨਾਲ-ਨਾਲ ਸਿੰਧੀ ਸਮਾਜ ਦੇ ਲੱਖਾਂ ਗੁਰੂ ਨਾਨਕ ਨਾਮ ਲੇਵਾ ਭਾਈ-ਭੈਣਾਂ ਨਾਲ ਵੀ ਗੱਲਬਾਤ ਹੋਈ। ਸਭ ਨੂੰ ਗੁਰਬਾਣੀ ਨਾਲ ਜੁੜਨ, ਆਪਸੀ ਪਿਆਰ ਤੇ ਚੜ੍ਹਦੀਕਲਾ ਵਿਚ ਰਹਿਣ ਦਾ ਪੈਗਾਮ ਦਿੱਤਾ ਗਿਆ।

ਉਨ੍ਹਾਂ ਦੋਨਾਂ ਸਰਕਾਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਯਤਨਾਂ ਨਾਲ ਇਹ ਧਾਰਮਿਕ ਯਾਤਰਾ ਸੰਭਵ ਬਣੀ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਬਾਰੇ ਗੱਲ ਕਰਦੇ ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹ ਕਾਰਨ ਨੁਕਸਾਨ ਦੇ ਬਾਵਜੂਦ ਹੁਣ ਉੱਥੇ



ਸਫ਼ਾਈ ਤੇ ਸੰਭਾਲ ਦੇ ਪ੍ਰਬੰਧ ਬੇਹਤਰੀਨ ਹਨ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਚਰਨਾਂ 'ਚ ਅਮਨ ਤੇ ਸਿੱਖ ਕੌਮ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ ਅਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਜਲਦੀ ਖੋਲ੍ਹਿਆ ਜਾਵੇ, ਤਾਂ ਜੋ ਹੋਰ ਵੱਡੀ ਗਿਣਤੀ ਵਿਚ ਸਿੱਖ ਯਾਤਰੀ ਦਰਸ਼ਨ ਲਈ ਜਾ ਸਕਣ।

ਉਨ੍ਹਾਂ ਕਿਹਾ ਕਿ ਹੁਣ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਆ ਰਹੀ ਹੈ, ਤਾਂ ਕਰਤਾਰਪੁਰ ਲਾਂਘਾ ਖੋਲ੍ਹਣਾ ਸੋਨੇ 'ਤੇ ਸੁਹਾਗਾ ਵਰਗੀ ਗੱਲ ਹੋਵੇਗੀ। ਇਹ ਲਾਂਘਾ ਸਿਰਫ਼ ਰਾਹ ਨਹੀਂ, ਸਗੋਂ ਦਿਲਾਂ ਨੂੰ ਜੋੜਨ ਵਾਲਾ ਪੁਲ਼ ਹੈ ਜੋ ਦੋਨਾਂ ਦੇਸ਼ਾਂ ਦੇ ਲੋਕਾਂ ਵਿੱਚ ਪ੍ਰੇਮ ਤੇ ਸਾਂਝ ਵਧਾਉਂਦਾ ਹੈ।

ਗਿਆਨੀ ਗੜਗੱਜ ਨੇ ਕਿਹਾ ਕਿ ਪਾਕਿਸਤਾਨ ਦੇ ਆਮ ਲੋਕਾਂ ਵਿੱਚ ਭਾਰਤੀ ਸਿੱਖਾਂ ਲਈ ਪਿਆਰ ਤੇ ਸਤਿਕਾਰ ਵੇਖਣ ਨੂੰ ਮਿਲਿਆ। ਉਨ੍ਹਾਂ ਦੱਸਿਆ ਕਿ ਲਾਹੌਰ ਦੇ ਬਾਜ਼ਾਰਾਂ ਵਿੱਚ ਲੋਕ ਉਨ੍ਹਾਂ ਨੂੰ ਖੁੱਲ੍ਹੇ ਦਿਲ ਨਾਲ ਮਿਲੇ ਅਤੇ ਕਿਹਾ ਕਿ ਦਸਤਾਰ ਵਾਲੇ ਕਦੋਂ ਆਉਂਣਗੇ ? ਇਹ ਗੱਲ ਦਰਸਾਉਂਦੀ ਹੈ ਕਿ ਦੋਨਾਂ ਪਾਸਿਆਂ ਦੇ ਆਮ ਲੋਕਾਂ ਵਿਚ ਨਫ਼ਰਤ ਨਹੀਂ, ਸਗੋਂ ਭਾਵਨਾਤਮਕ ਸਾਂਝ ਹੈ।

ਉਨ੍ਹਾਂ ਦੋਨਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਜਦੋਂ ਕਿਸੇ ਯਾਤਰੀ ਨੂੰ ਵੀਜ਼ਾ ਮਿਲ ਜਾਵੇ, ਤਾਂ ਉਹਨੂੰ ਗੁਰੂ ਘਰ ਦੇ ਦਰਸ਼ਨ ਕਰਨ ਦੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ। ਨਾਲ ਹੀ ਦੋਨਾਂ ਪਾਸਿਆਂ ਦੇ ਹਿੰਦੂ ਅਤੇ ਸਿੱਖ ਸ਼ਰਧਾਲੂਆਂ ਨੂੰ ਆਪਸੀ ਤੀਰਥ ਸਥਾਨਾਂ ਦੇ ਦਰਸ਼ਨ ਲਈ ਵੀ ਵੀਜ਼ਾ ਸੁਵਿਧਾ ਦਿੱਤੀ ਜਾਵੇ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਪਿਆਰ, ਏਕਤਾ ਅਤੇ ਸਾਂਝ ਦਾ ਪੈਗ਼ਾਮ ਦਿੱਤਾ ਸੀ। ਅਸੀਂ ਦੋਨਾਂ ਦੇਸ਼ਾਂ ਵਿਚਕਾਰ ਸ਼ਾਂਤੀ ਤੇ ਭਰਾਵਾਂ ਵਾਲਾ ਮਾਹੌਲ ਬਣਾਈਏ, ਇਹੀ ਸਾਡੀ ਅਰਦਾਸ ਹੈ।

## ਬਾਬਾ ਸੀਚੇਵਾਲ ਵੱਲੋਂ ਸਵਰਨਜੀਤ ਸਿੰਘ ਖ਼ਾਲਸਾ ਦੇ ਅਮਰੀਕਾ ਵਿੱਚ ਮੇਅਰ ਬਣਨ ਦੀ ਸ਼ਲਾਘਾ

ਬੀਤੇ ਦਿਨੀ ਵਾਤਾਵਰਣ ਮੁਹਿੰਮ ਦੇ ਨਾਇਕ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਨੇ ਪੰਜਾਬ ਦੇ ਜਲੰਧਰ ਨਾਲ ਸਬੰਧਿਤ ਸਵਰਨਜੀਤ ਸਿੰਘ ਖ਼ਾਲਸਾ ਅਮਰੀਕਾ ਵਿੱਚ ਨੌਰਵਿਚ ਦੇ ਮੇਅਰ ਚੁਣੇ ਜਾਣ ਉੱਪਰ ਉਹਨਾਂ ਦੇ ਪਿਤਾ ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੂੰ ਮੁਬਾਰਕਬਾਦ ਦਿੱਤੀ ਤੇ ਸਨਮਾਨਿਤ ਵੀ ਕੀਤਾ। ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ, 'ਇਸ ਦਾ ਸਿਹਰਾ ਸਿਰਫ਼ ਸਾਨੂੰ ਹੀ ਨਹੀਂ, ਸਗੋਂ ਪੂਰੀ ਪੰਜਾਬੀ ਕੌਮ, ਖ਼ਾਸ ਕਰਕੇ ਸਿੱਖ ਭਾਈਚਾਰਾ ਤੇ ਜਲੰਧਰ ਵਾਸੀਆਂ ਨੂੰ ਵੀ ਜਾਂਦਾ ਹੈ। ਇਹ ਮਾਣ ਦੀ ਗੱਲ ਹੈ ਕਿ ਸਵਰਨਜੀਤ ਸਿੰਘ ਪਹਿਲਾ ਅੰਮ੍ਰਿਤਧਾਰੀ ਸਿੱਖ ਹੈ ਜੋ ਅਮਰੀਕਾ ਵਿੱਚ ਮੇਅਰ ਚੁਣਿਆ ਗਿਆ ਹੈ। ਜਿਸ ਕਰਕੇ ਸਮੂਹ ਪੰਜਾਬੀਆਂ ਵਿੱਚ ਵੀ ਖੁਸ਼ੀ ਦੀ ਲਹਿਰ ਹੈ। ਇਹ ਪੰਥ ,ਪੰਜਾਬ ,ਦੇਸ ਦੀ ਜਿੱਤ ਹੈ।'

ਜਥੇਦਾਰ ਪਰਮਿੰਦਰਪਾਲ ਸਿੰਘ ਨੇ ਬਾਬਾ ਜੀ ਨੂੰ ਦੱਸਿਆ ਕਿ ਸਵਰਨਜੀਤ ਸਿੰਘ ਖ਼ਾਲਸਾ ਨੇ ਨਸਲਵਾਦ ਬਾਰੇ ਕਾਫੀ ਜਾਗਰੂਕਤਾ ਫੈਲਾਉਣ ਵਾਲੇ ਕਾਰਜ ਕੀਤੇ। ਉਨ੍ਹਾਂ ਵੱਲੋਂ ਸਿੱਖਾਂ ਦੀ ਪਛਾਣ ਬਾਰੇ ਦੱਸਣ ਦੇ ਲਈ ਕਰੀਬ 200 ਸੈਮੀਨਾਰ ਕਰਵਾਏ। ਇਸ ਕਾਰਨ ਐਫ.ਬੀ.ਆਈ. ਨੇ ਸਨਮਾਨਿਤ ਵੀ ਕੀਤਾ ਸੀ।

## ਪਾਕਿਸਤਾਨ 'ਚ ਕਈ ਇਤਿਹਾਸਕ ਗੁਰਦੁਆਰਿਆਂ ਦੀ ਹਾਲਤ ਖਸਤਾ



ਅੰਮ੍ਰਿਤਸਰ/ਏ.ਟੀ.ਨਿਊਜ਼ : ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਦੇਸ਼ੀ ਸਿੱਖ ਸੰਗਤ ਨੇ ਪਾਕਿਸਤਾਨ ਵਿੱਚ ਸਥਿਤ ਗੁਰਧਾਮਾਂ ਦੇ ਦਰਸ਼ਨ ਕੀਤੇ ਹਨ। ਇਸ ਦੌਰਾਨ ਉਨ੍ਹਾਂ ਨੇ ਇਤਿਹਾਸਕ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਬਹੁਤ ਖਰਾਬ ਹਾਲਤ ਵੇਖ ਕੇ ਗਹਿਰੀ ਚਿੰਤਾ ਪ੍ਰਗਟਾਈ ਹੈ। ਪ੍ਰਵਾਸੀ ਸਿੱਖ ਭਾਈਚਾਰੇ ਨੇ ਕਿਹਾ ਕਿ ਇਹ ਗੁਰਦੁਆਰੇ ਸਿੱਖ ਇਤਿਹਾਸ ਅਤੇ ਵਿਰਾਸਤ ਦਾ ਅਨਮੋਲ ਭੰਡਾਰ ਹਨ, ਪਰ ਅਣਗਹਿਲੀ ਅਤੇ ਘੱਟ ਰੱਖ-ਰਖਾਅ ਕਾਰਨ ਉਹ ਖੰਡਰਾਂ ਵਿੱਚ ਬਦਲ ਰਹੇ ਹਨ। ਉਨ੍ਹਾਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਖੱਤ ਲਿਖ ਕੇ ਤੁਰੰਤ ਕਾਰਵਾਈ ਅਤੇ ਵਿਸ਼ੇਸ਼ ਫੰਡ ਦੇਣ ਦੀ ਅਪੀਲ ਕੀਤੀ ਹੈ। ਭਾਰਤ-ਪਾਕਿ ਸਰਹੱਦ ਨੇੜੇ ਵਾਲੇ ਇਲਾਕਿਆਂ ਵਿੱਚ ਲਗਭਗ 150 ਤੋਂ ਵੱਧ ਗੁਰਦੁਆਰੇ ਤਰਸਯੋਗ ਹਾਲਤ ਵਿੱਚ ਹਨ, ਜੋ ਨਾ ਸਿਰਫ਼ ਸਿੱਖਾਂ ਲਈ ਬਲਕਿ ਪਾਕਿਸਤਾਨ ਦੀ ਸਾਂਝੀ ਸੱਭਿਆਚਾਰਕ ਵਿਰਾਸਤ ਲਈ ਵੀ ਖਤਰਾ ਬਣ ਰਹੇ ਹਨ।ਵਿਦੇਸ਼ੀ ਸਿੱਖਾਂ ਨੇ ਦੱਸਿਆ ਕਿ ਜ਼ਿਲ੍ਹਾ ਗੁੱਜਰਾਂਵਾਲਾ ਦੇ ਵਜ਼ੀਰਾਬਾਦ ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਕੋਠਾ ਸਾਹਿਬ, ਜਿੱਥੇ ਗੁਰੂ ਹਰਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਵਾਪਸੀ ਦੌਰਾਨ ਠਹਿਰੇ ਸਨ, ਦਾ ਵੱਡਾ ਹਿੱਸਾ ਪੂਰੀ ਤਰ੍ਹਾਂ ਢਹਿ ਗਿਆ ਹੈ। ਇਹ ਇਮਾਰਤ ਹੁਣ ਸ਼ਰਨਾਰਥੀਆਂ ਦੇ ਕਬਜ਼ੇ ਵਿੱਚ ਹੈ ਅਤੇ ਕੋਈ ਵੀ ਰੱਖਿਆ ਨਹੀਂ ਹੋ ਰਹੀ। ਇਸੇ ਤਰ੍ਹਾਂ, ਜ਼ਿਲ੍ਹਾ ਕਸੂਰ ਦੇ ਪਿੰਡ ਕੰਗਣਪੁਰ ਵਿੱਚ ਗੁਰਦੁਆਰਾ ਮਾਲ ਜੀ ਸਾਹਿਬ ਦੇ ਵੱਡੇ ਭਾਗ ਨੂੰ ਇੱਕ ਪੁਲਿਸ ਅਧਿਕਾਰੀ ਨੇ ਆਪਣੀ ਨਿੱਜੀ ਰਿਹਾਇਸ਼ ਬਣਾ ਲਿਆ ਹੈ, ਜਦਕਿ ਬਾਕੀ ਹਿੱਸਾ ਬਰਬਾਦ ਹੋਣ ਦੀ ਕਗਾਰ 'ਤੇ ਹੈ। ਕਸੂਰ ਦੇ ਪਿੰਡ ਕਾਦੀਵਿੰਡ ਵਿੱਚ ਗੁਰੂ ਅਮਰਦਾਸ ਜੀ ਨਾਲ ਜੁੜੀ ਯਾਦਗਾਰੀ ਇਮਾਰਤ ਵੀ ਘਟੀਆ

(ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਕ੍ਰਿਕਟ ਦੀ ਕਮਾਈ ਦਾ ਕੁਝ ਹਿੱਸਾ ਹੋਰਨਾਂ ਖੇਡਾਂ ਲਈ ਵਰਤਣ ਦੀ ਲੋੜ

ਭਾਰਤ ਦੀ ਮਹਿਲਾ ਕ੍ਰਿਕਟ ਟੀਮ ਨੇ ਪਿਛਲੇ ਦਿਨੀਂ ਵਿਸ਼ਵ ਕੱਪ ਜਿੱਤ ਕੇ ਜਿਥੇ ਇਤਿਹਾਸ ਸਿਰਜਿਆ ਹੈ, ਉਥੇ ਇਸ ਟੀਮ ਨੂੰ ਕਰੋੜਾਂ ਰੁਪਏ ਦੇ ਇਨਾਮ ਸਨਮਾਨ ਵੀ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਭਾਰਤ ਦੀ ਮਰਦ ਕ੍ਰਿਕਟ ਟੀਮ 'ਤੇ ਵੀ ਅਹਿਮ ਮੁਕਾਬਲੇ ਜਿੱਤਣ ਕਾਰਨ ਪੈਸਿਆਂ ਦੀ ਬਰਸਾਤ ਹੁੰਦੀ ਰਹੀ ਹੈ। ਭਾਰਤ ਦੇ ਕ੍ਰਿਕਟ ਬੋਰਡ ਨੂੰ ਵੀ ਕਾਫ਼ੀ ਅਮੀਰ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਕ੍ਰਿਕਟ ਤੋਂ ਮੋਟੀ ਕਮਾਈ ਹੁੰਦੀ ਹੈ ਪਰ ਇਹ ਸਾਰੀ ਕਮਾਈ ਕ੍ਰਿਕਟ ਲਈ ਹੀ ਵਰਤੀ ਜਾਂਦੀ ਹੈ।

ਵਿਸ਼ਵ ਵਿੱਚ ਕਈ ਦੇਸ਼ ਅਜਿਹੇ ਹਨ, ਜਿਥੇ ਕਿ ਫੁੱਟਬਾਲ ਬਹੁਤ ਪ੍ਰਚਲਿਤ ਹੈ ਅਤੇ ਉਥੇ ਫੁੱਟਬਾਲ ਤੋਂ ਮੋਟੀ ਕਮਾਈ ਹੁੰਦੀ ਹੈ। ਉਥੋਂ ਦੀਆਂ ਸਰਕਾਰਾਂ ਫੁੱਟਬਾਲ ਤੋਂ ਹੁੰਦੀ ਮੋਟੀ ਕਮਾਈ ਦਾ ਕੁਝ ਹਿੱਸਾ ਹੋਰਨਾਂ ਖੇਡਾਂ ਦੀ ਭਲਾਈ ਲਈ ਖਰਚ ਕਰਦੀਆਂ ਹਨ ਤਾਂ ਕਿ ਫੁੱਟਬਾਲ ਤੋਂ ਬਿਨਾਂ ਹੋਰਨਾਂ ਖੇਡਾਂ ਵੀ ਤਰੱਕੀ ਤੇ ਵਿਕਾਸ ਕਰ ਸਕਣ। ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਦੇਸ਼ਾਂ ਵਿੱਚ ਫੁੱਟਬਾਲ ਪ੍ਰਚਲਿਤ ਹੋਣ ਦੇ ਬਾਵਜੂਦ ਹੋਰਨਾਂ ਖੇਡਾਂ ਦੀ ਭਲਾਈ ਅਤੇ ਵਿਕਾਸ ਲਈ ਵੀ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ ਅਤੇ ਹੋਰਨਾਂ ਖੇਡਾਂ ਦੇ ਖਿਡਾਰੀਆਂ ਨੂੰ ਵੀ ਬਿਹਤਰ ਸਹੂਲਤਾਂ ਅਤੇ ਜਿੱਤਣ ਤੋਂ ਬਾਅਦ ਇਨਾਮ ਸਨਮਾਨ ਮੁਹੱਈਆ ਕਰਵਾਉਂਦੀਆਂ ਹਨ। ਇਹੋ ਕਾਰਨ ਹੈ ਕਿ ਇਹਨਾਂ ਦੇਸ਼ਾਂ ਵਿੱਚ ਫੁੱਟਬਾਲ ਬਹੁਤ ਜ਼ਿਆਦਾ ਪ੍ਰਚਲਿਤ ਹੋਣ ਦੇ ਬਾਵਜੂਦ ਉਥੇ ਹੋਰਨਾਂ ਖੇਡਾਂ ਵਿੱਚ ਵੀ ਖਿਡਾਰੀ ਅੱਵਲ ਆਉਂਦੇ ਹਨ ਅਤੇ ਤਗਮੇ ਜਿੱਤਦੇ ਹਨ। ਭਾਰਤ ਵਿੱਚ ਵੀ ਅਜਿਹਾ ਸਿਸਟਮ ਲਾਗੂ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਭਾਰਤ ਵਿੱਚ ਕ੍ਰਿਕਟ ਬਹੁਤ ਜ਼ਿਆਦਾ ਲੋਕਪ੍ਰਿਯ ਹੋਣ ਕਾਰਨ ਇਸ ਤੋਂ ਮੋਟੀ ਕਮਾਈ ਹੁੰਦੀ ਹੈ। ਜੇ ਭਾਰਤ ਵਿੱਚ ਵੀ ਹੋਰਨਾਂ ਦੇਸ਼ਾਂ ਵਰਗਾ ਸਿਸਟਮ ਲਾਗੂ ਕੀਤਾ ਜਾਵੇ ਅਤੇ ਕ੍ਰਿਕਟ ਤੋਂ ਹੁੰਦੀ ਕਮਾਈ ਦਾ ਕੁਝ ਹਿੱਸਾ ਹੋਰਨਾਂ ਖੇਡਾਂ ਦੀ ਭਲਾਈ ਅਤੇ ਵਿਕਾਸ ਲਈ ਵਰਤਿਆ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਸਕਦੀ ਹੈ। ਇਸ ਤਰ੍ਹਾਂ ਕ੍ਰਿਕਟ ਦੀ ਕਮਾਈ ਸਹੀ ਅਰਥਾਂ ਵਿੱਚ ਖਰਚ ਹੋਵੇਗੀ ਅਤੇ ਕ੍ਰਿਕਟ ਜਗਤ ਨੂੰ ਇਸ ਤੋਂ ਕੋਈ ਖਾਸ ਫਰਕ ਵੀ ਨਹੀਂ ਪੈਣਾ ਪਰ ਇਸ ਕਮਾਈ ਨਾਲ ਹੋਰਨਾਂ ਖੇਡਾਂ ਦੀ ਭਲਾਈ ਅਤੇ ਵਿਕਾਸ ਜ਼ਰੂਰ ਹੋ ਸਕਦੇ ਹਨ।

ਭਾਰਤ ਵਿੱਚ ਸਭ ਤੋਂ ਜ਼ਿਆਦਾ ਕ੍ਰਿਕਟ ਦੀ ਖੇਡ ਪ੍ਰਚਲਿਤ ਹੋਣ ਦੇ ਬਾਵਜੂਦ ਭਾਰਤ ਵਿੱਚ ਹਾਕੀ, ਫੁੱਟਬਾਲ, ਬੈਡਮਿੰਟਨ ਅਤੇ ਹੋਰ ਖੇਡਾਂ ਵੀ ਖੇਡੀਆਂ ਜਾਂਦੀਆਂ ਹਨ, ਜਿਨ੍ਹਾਂ ਦੇ ਭਾਰਤੀ ਖਿਡਾਰੀ ਵਿਸ਼ਵ ਕੱਪ ਅਤੇ ਉਲੰਪਿਕ ਖੇਡਾਂ ਵਿੱਚ ਵੀ ਜਾਂਦੇ ਹਨ ਅਤੇ ਕਈ ਵਾਰ ਤਗਮੇ ਵੀ ਜਿੱਤਦੇ ਹਨ ਪਰ ਅਜਿਹੇ ਖਿਡਾਰੀਆਂ ਦਾ ਅਕਸਰ ਸ਼ਿਕਵਾ ਹੁੰਦਾ ਹੈ ਕਿ ਉਹਨਾਂ ਨੂੰ ਕ੍ਰਿਕਟ ਦੇ ਖਿਡਾਰੀਆਂ ਜਿੰਨਾ ਪੈਸਾ ਅਤੇ ਮਾਣ ਸਤਿਕਾਰ ਨਹੀਂ ਮਿਲਦਾ। ਦੂਜੇ ਪਾਸੇ ਭਾਰਤ ਵਿੱਚ ਕਈ ਖੇਡਾਂ ਅਜਿਹੀਆਂ ਵੀ ਹਨ ਜੋ ਕਿ ਪੈਸੇ ਦੀ ਘਾਟ ਕਾਰਨ ਯੋਗ ਤਰੱਕੀ ਅਜੇ ਤੱਕ ਨਹੀਂ ਕਰ ਸਕੀਆਂ। ਅਜਿਹੀਆਂ ਖੇਡਾਂ ਨੂੰ ਹੁਲਾਰਾ ਦੇਣ ਲਈ ਕ੍ਰਿਕਟ ਤੋਂ ਹੁੰਦੀ ਕਮਾਈ ਦਾ ਕੁਝ ਹਿੱਸਾ ਇਹਨਾਂ ਖੇਡਾਂ ਲਈ ਖਰਚ ਕੀਤਾ ਜਾ ਸਕਦਾ ਹੈ।

ਭਾਵੇਂ ਭਾਰਤ ਸਰਕਾਰ ਕ੍ਰਿਕਟ ਦੇ ਨਾਲ ਹੋਰਨਾਂ ਖੇਡਾਂ ਦੇ ਵਿਕਾਸ ਲਈ ਵਿਸ਼ੇਸ਼ ਧਿਆਨ ਦੇ ਰਹੀ ਹੈ ਪਰ ਇਸ ਦੇ ਬਾਵਜੂਦ ਇਹ ਅਸਲੀਅਤ ਹੈ ਕਿ ਇਹਨਾਂ ਖੇਡਾਂ ਦੇ ਖਿਡਾਰੀਆਂ ਨੂੰ ਕ੍ਰਿਕਟ ਦੇ ਖਿਡਾਰੀਆਂ ਵਾਂਗ ਮਾਣ ਸਨਮਾਨ ਅਤੇ ਪੈਸਾ ਨਹੀਂ ਮਿਲਦਾ। ਇਸੇ ਕਾਰਨ ਭਾਰਤ ਵਿੱਚ ਜ਼ਿਆਦਾਤਰ ਖਿਡਾਰੀ ਕ੍ਰਿਕਟ ਖੇਡਣ ਨੂੰ ਤਰਜੀਹ ਦਿੰਦੇ ਹਨ। ਭਾਰਤ ਵਿੱਚ ਟੈਨਿਸ ਦੀ ਖੇਡ ਵੀ ਖੇਡੀ ਜਾਂਦੀ ਹੈ ਪਰ ਟੈਨਿਸ ਦੀ ਖੇਡ ਨੂੰ ਅਮੀਰਾਂ ਦੀ ਖੇਡ ਸਮਝਿਆ ਜਾਂਦਾ ਹੈ। ਟੈਨਿਸ ਦੀ ਖੇਡ ਵਿੱਚ ਵੀ ਬਹੁਤ ਪੈਸਾ ਕਮਾਇਆ ਜਾ ਸਕਦਾ ਹੈ। ਇੱਥੇ ਸਾਨੀਆ ਮਿਰਜ਼ਾ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ, ਜਿਸ ਨੇ ਟੈਨਿਸ ਦੀ ਖੇਡ ਵਿੱਚ ਵੱਡਾ ਨਾਮ ਅਤੇ ਪੈਸਾ ਕਮਾਇਆ ਹੈ। ਸਾਨੀਆ ਮਿਰਜ਼ਾ ਦੀ ਸ਼ੋਹਰਤ ਵੇਖ ਕੇ ਭਾਰਤ ਦੀਆਂ ਹੋਰ ਵੀ ਅਨੇਕਾਂ ਲੜਕੀਆਂ ਵਿੱਚ ਵੀ ਟੈਨਿਸ ਦੀ ਖੇਡ ਖੇਡਣ ਦੀ ਰੁਚੀ ਪੈਦਾ ਹੋਈ ਹੈ।

ਭਾਰਤ ਵਿੱਚ ਚੰਗੇ ਖਿਡਾਰੀਆਂ ਖਾਸ ਕਰਕੇ ਉਭਰਦੇ ਖਿਡਾਰੀਆਂ ਦੀ ਕਮੀ ਨਹੀਂ ਹੈ। ਭਾਰਤ ਦੇ ਵੱਡੀ ਗਿਣਤੀ ਮਾਪੇ ਆਪਣੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕਰਦੇ ਹਨ। ਇਸ ਤੋਂ ਇਲਾਵਾ ਹੁਣ ਮਾਪੇ ਆਪਣੇ ਪੁੱਤਰਾਂ ਵਾਂਗ ਆਪਣੀਆਂ ਧੀਆਂ ਨੂੰ ਵੀ ਖੇਡਾਂ ਵਿੱਚ ਹਿੱਸਾ ਲੈਣ ਦੀ ਖੁੱਲ੍ਹ ਦੇਣ ਲੱਗ ਪਏ ਹਨ, ਜੋ ਕਿ ਬਦਲਦੇ ਜ਼ਮਾਨੇ ਦੀ ਚੰਗੀ ਤਸਵੀਰ ਹੈ। ਹਰ ਉਭਰਦੇ ਖਿਡਾਰੀ ਦੀ ਇੱਛਾ ਹੁੰਦੀ ਹੈ ਕਿ ਉਸ ਨੂੰ ਖੇਡਣ ਲਈ ਢੁਕਵੇਂ ਮੌਕੇ ਅਤੇ ਚੰਗੀਆਂ ਖੇਡ ਸਹੂਲਤਾਂ ਮਿਲਣ। ਸ਼ਹਿਰਾਂ ਵਿੱਚ ਤਾਂ ਬਾਲ ਖਿਡਾਰੀਆਂ ਅਤੇ ਉਭਰਦੇ ਖਿਡਾਰੀਆਂ ਨੂੰ ਚੰਗੀਆਂ ਖੇਡ ਸਹੂਲਤਾਂ ਮਿਲ ਜਾਂਦੀਆਂ ਹਨ ਪਰ ਪਿੰਡਾਂ ਅਤੇ ਕਸਬਿਆਂ ਵਿੱਚ ਕਈ ਵਾਰ ਖੇਡ ਸਹੂਲਤਾਂ ਦੀ ਘਾਟ ਹੁੰਦੀ ਹੈ। ਇਸ ਪਾਸੇ ਵੀ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ ਅਤੇ ਕ੍ਰਿਕਟ ਤੋਂ ਹੁੰਦੀ ਕਮਾਈ ਦਾ ਕੁਝ ਹਿੱਸਾ ਪਿੰਡਾਂ ਵਿੱਚ ਖੇਡ ਸਹੂਲਤਾਂ ਮੁਹੱਈਆ ਕਰਵਾਉਣ ਲਈ ਵੀ ਵਰਤਿਆ ਜਾ ਸਕਦਾ ਹੈ। ਜੇ ਕ੍ਰਿਕਟ ਤੋਂ ਹੁੰਦੀ ਕਮਾਈ ਦਾ ਕੁਝ ਹਿੱਸਾ ਹੋਰਨਾਂ ਖੇਡਾਂ ਦੀ ਭਲਾਈ ਲਈ ਵਰਤਿਆ ਜਾਵੇਗਾ ਤਾਂ ਭਾਰਤ ਵਿੱਚ ਹੋਰਨਾਂ ਖੇਡਾਂ ਵਿੱਚ ਵਿਕਸਿਤ ਹੋਣਗੀਆਂ ਅਤੇ ਕ੍ਰਿਕਟ ਵਾਂਗੂੰ ਇਹਨਾਂ ਖੇਡਾਂ ਦੇ ਖਿਡਾਰੀ ਵੀ 'ਵਿਸ਼ਵ ਜੇਤੂ' ਹੋਣ ਦਾ ਸੁਪਨਾ ਪੂਰਾ ਕਰ ਸਕਣਗੇ।

# ਆਰ.ਟੀ.ਆਈ. ਕਾਨੂੰਨ ਦੀ ਘੱਟ ਰਹੀ ਰੌਸ਼ਨੀ



ਗੁਰਮੀਤ ਸਿੰਘ ਪਲਾਹੀ

ਜਿਵੇਂ ਵੀ ਅਤੇ ਜਿੱਥੇ ਵੀ ਦੇਸ਼ ਦੇ ਹਾਕਮਾਂ ਦਾ ਦਾਅ ਲੱਗਦਾ ਹੈ, ਉੱਥੇ ਹੀ ਲੋਕਾਂ ਦੇ ਹੱਕਾਂ 'ਚ ਬਣੇ ਕਾਨੂੰਨਾਂ, ਸੰਵਿਧਾਨਿਕ ਹੱਕਾਂ ਉੱਤੇ ਕੁਹਾੜੀ ਚਲਾਉਣ ਤੋਂ ਉਹ ਦਰੇਗ ਨਹੀਂ ਕਰਦੇ। ਲੋਕਤੰਤਰਿਕ ਵਿਵਸਥਾ ਨੂੰ ਢਾਹ ਲਗਾਉਣਾ, ਸਿੱਧੇ-ਅਸਿੱਧੇ ਢੰਗ ਨਾਲ ਲੋਕ-ਹਿਤੈਸ਼ੀ ਕਾਨੂੰਨਾਂ ਨੂੰ ਖੋਰਾ ਲਗਾਉਣਾ, ਸੰਘੀ ਢਾਂਚੇ ਦਾ ਸੰਘ ਘੁੱਟਣਾ ਕੇਂਦਰ ਸਰਕਾਰ ਦੀ ਫ਼ਿਤਰਤ ਬਣ ਚੁੱਕੀ ਹੈ ।

ਮੌਕਾ ਮਿਲਦਿਆਂ ਹੀ ਹਰ ਹੀਲਾ-ਵਸੀਲਾ ਵਰਤ ਕੇ ਪਹਿਲਾਂ ਕੇਂਦਰ ਸਰਕਾਰ ਵੱਲੋਂ ਸੀ.ਬੀ.ਆਈ., ਆਈ.ਡੀ. ਦੀ ਵਰਤੋਂ ਤਤਕਾਲੀ ਕਾਂਗਰਸ ਸਰਕਾਰਾਂ ਵਾਂਗਰ ਇਹਨਾਂ ਖ਼ੁਦਮੁਖਤਾਰ ਏਜੰਸੀਆਂ ਨੂੰ ਪਿੰਜਰਾ ਬੰਦ ਕੀਤਾ। ਫਿਰ ਭਾਰਤੀ ਰਿਜ਼ਰਵ ਬੈਂਕ, ਭਾਰਤੀ ਚੋਣ ਕਮਿਸ਼ਨ ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਕੰਮਾਂ-ਕਾਰਾਂ ਨੂੰ ਆਪਣੇ ਹਿੱਤ 'ਚ ਵਰਤਣ ਲਈ ਹੱਥ-ਕੰਢੇ ਵਰਤੇ।

ਸਿੱਟੇ ਵਜੋਂ ਹਾਕਮ ਧਿਰ ਵਿਰੋਧੀ ਪਾਰਟੀਆਂ ਵਾਲੇ ਰਾਜਾਂ ਦੀਆਂ ਸਰਕਾਰਾਂ ਨੂੰ ਖੁੱਡੇ ਲਾ ਕੇ, ਹਰ ਉਸ ਕੰਮ ਲਈ ਆਪਣੀ ਤਾਕਤ ਦੀ ਵਰਤੋਂ ਕਰਨ ਦੇ ਰਾਹ ਹੈ, ਜਿੱਥੇ ਉਸਨੂੰ ਸਿਆਸੀ ਲਾਭ ਮਿਲਦਾ ਹੈ ਅਤੇ ਜਿੱਥੇ ਉਸਦੀ ਆਪਣੀ ਕੁਰਸੀ ਪੱਕੀ ਹੁੰਦੀ ਹੈ।

ਦੇਸ਼ 'ਚ ਸਥਿਤੀ ਇਹ ਹੈ ਕਿ ਖ਼ੁਦਮੁਖਤਾਰ ਸੰਸਥਾਵਾਂ ਦੀ ਭਰੋਸੇਯੋਗਤਾ ਲਗਭਗ ਖ਼ਤਮ ਹੈ ਅਤੇ ਸੰਸਥਾਵਾਂ ਦੀ ਭਰੋਸੇਯੋਗਤਾ ਕਾਇਮ ਰੱਖਣ ਲਈ ਗ਼ਲਤ ਰੁਝਾਨ ਖ਼ਿਲਾਫ਼ ਹੋਕਾ ਦੇਣ ਵਾਲਿਆਂ ਦੀ ਨਿਰੰਤਰ ਕਮੀ ਵੇਖਣ ਨੂੰ ਮਿਲ ਰਹੀ ਹੈ।

ਸਤਰਕ ਨਾਗਰਿਕ ਸੰਗਠਨ (ਐਸ.ਐਨ.ਐਸ., ਸੁਸਾਇਟੀ ਫਾਰ ਸਿਟੀਜ਼ਨ ਵਿਜੀਲੈਂਸ ਇਨੀਸ਼ੀਏਟਿਵਜ਼) ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ 29 ਸੂਚਨਾ ਕਮਿਸ਼ਨਰਾਂ (ਆਰ.ਟੀ.ਆਈ ਕਮਿਸ਼ਨਰ) ਵਿੱਚੋਂ ਕਈ ਕਮਿਸ਼ਨ ਲਗਭਗ ਖ਼ਾਤਮੇ ਦੇ ਕੰਢੇ 'ਤੇ ਹਨ। ਝਾਰਖੰਡ, ਤ੍ਰਿਪੁਰਾ ਅਤੇ ਤੇਲੰਗਾਨਾ ਦੇ ਸੂਚਨਾ ਕਮਿਸ਼ਨ ਬੰਦ ਪਏ ਹਨ। ਕੇਂਦਰੀ ਸੂਚਨਾ ਕਮਿਸ਼ਨ ਵਿੱਚ ਵੀ ਵਧੇਰੇ ਅਸਾਮੀਆਂ 'ਚ ਸੂਚਨਾ ਕਮਿਸ਼ਨ ਵਿੱਚ ਅਪੀਲਾਂ ਅਤੇ ਸ਼ਿਕਾਇਤਾਂ ਪੈਂਡਿੰਗ ਹਨ। ਕਈ ਸੂਬਿਆਂ ਵਿੱਚ ਤਾਂ ਇਹ ਮਾਮਲੇ ਦਾ ਨਿਪਟਾਰਾ ਹੋਣ ਲਈ ਸਾਲਾਂ ਲੱਗ ਜਾਂਦੇ ਹਨ। ਕੀ ਇਹ ਵਿਡੰਬਣਾ ਨਹੀਂ ਹੈ ? ਕੀ ਇਹ ਲੋਕ-ਹਿਤੈਸ਼ੀ ਕਾਨੂੰਨ ਨਾਲ ਖਿਲਵਾੜ ਨਹੀਂ ਹੈ ? ਕੀ ਆਰ.ਟੀ.ਆਈ. ਵਰਗੇ ਕਮਿਸ਼ਨ ਨੂੰ ਵੱਟੇ-ਖਾਤੇ ਪਾ ਦਿੱਤੇ ਗਿਆ ਹੈ।

ਸੂਚਨਾ ਐਕਟ ਸਮਾਂਬੱਧ ਸੂਚਨਾ ਦੇਣ ਦੀ ਗਰੰਟੀ ਦਿੰਦਾ ਹੈ। ਸਾਲ 2023-24 ਵਿੱਚ ਕੇਂਦਰੀ ਸੂਚਨਾ ਕਮਿਸ਼ਨ ਵਿੱਚ ਪਿਛਲੇ 10 ਸਾਲਾਂ ਦੇ ਮੁਕਾਬਲੇ ਦੁਗਣੇ ਤੋਂ ਵੀ ਜ਼ਿਆਦਾ ਆਰਜ਼ੀਆਂ ਦਾਇਰ ਹੋਈਆਂ, ਲੇਕਿਨ ਵੱਡੀ ਸੰਖਿਆ 'ਚ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

20 ਵਰ੍ਹੇ ਪਹਿਲਾਂ ਜਦੋਂ ਆਰ.ਟੀ.ਆਈ. ਕਾਨੂੰਨ ਆਇਆ ਸੀ, ਤਦ ਇਹ ਲੋਕਾਂ ਦੇ ਹੱਥਾਂ 'ਚ ਇੱਕ ਮਿਸ਼ਾਲ ਦੀ ਤਰ੍ਹਾਂ ਸੀ, ਜਿਸਨੇ ਹਨ੍ਹੇਰੇ 'ਚ ਰੌਸ਼ਨੀ ਫੈਲਾਈ। ਪਰ ਅੱਜ ਇਹ ਮਿਸ਼ਾਲ ਦੀ ਜੋ ਹਾਲਤ ਹੈ, ਉਸ ਸੰਬੰਧੀ ਵਿਚਾਰ ਕਰਨਾ ਤਾਂ ਬਣਦਾ ਹੀ ਹੈ।




ਜਿਵੇਂ ਮਗਨਰੇਗਾ ਕਾਨੂੰਨ ਦਾ (ਜਿਸ ਵਿੱਚ ਪੇਂਡੂ ਮਜ਼ਦੂਰਾਂ, ਕਿਸਾਨਾਂ ਲਈ 100 ਦਿਨਾਂ ਦਾ ਗਰੰਟੀ ਕੰਮ ਨਿਰਧਾਰਿਤ ਦਿਹਾੜੀ 'ਤੇ ਦੇਣ ਦਾ ਪ੍ਰਵਾਧਾਨ ਹੈ ), ਮੌਜੂਦਾ ਕੇਂਦਰੀ ਸਰਕਾਰ ਨੇ ਭੱਠਾ ਬਿਠਾ ਦਿੱਤਾ ਹੈ ਅਤੇ ਹਰ ਵਰ੍ਹੇ ਕੇਂਦਰੀ ਬਜ਼ਟ ਵਿੱਚ ਮਗਨਰੇਗਾ ਲਈ ਧਨ ਰਾਸ਼ੀ ਘਟਾਈ ਜਾ ਰਹੀ'ਚ ਕਰਕੇ, ਕੇਂਦਰੀਕਰਨ ਰਾਹੀਂ ਯੂਨੀਵਰਸਿਟੀਆਂ, ਸਿੱਖਿਆ ਸੰਸਥਾਵਾਂ, ਸਿਹਤ ਸੰਸਥਾਵਾਂ 'ਚ ਆਪਣਾ ਖ਼ੂਨੀ ਪੰਜਾ ਕੱਸਿਆ ਹੈ। ਤਾਂ ਕਿ ਭਾਜਪਾ-ਆਰ.ਐੱਸ.ਐੱਸ. ਦੇ ਭਗਵਾਕਰਨ ਦੇ ਅਜੰਡੇ ਨੂੰ ਬਿਨਾਂ ਰੋਕ-ਟੋਕ ਲਾਗੂ ਕੀਤਾ ਜਾ ਸਕੇ ਅਤੇ ਕੋਈ ਵੀ ਸੂਝਵਾਨ ਵਿਅਕਤੀ, ਕੋਈ ਲੋਕ-ਹਿਤੈਸ਼ੀ ਸੂਚਨਾ ਨਾ ਮੰਗੇ, ਨਾ ਹੀ ਉਹਨਾਂ ਦੀ ਡਿਕਟੇਟਰਾਨਾ ਸੋਚ ਉੱਤੇ ਕਿੰਤੂ-ਪਰੰਤੂ ਕਰੇ।

ਦਰਜ਼ਨਾਂ ਨਹੀਂ ਸੈਂਕੜੇ ਉਦਾਹਰਨਾਂ ਹਨ ਕਿ ਵਿਰੋਧੀ ਰਾਜਾਂ ਦੇ ਗਵਰਨਰਾਂ (ਆਪਣੇ ਸੂਬੇਦਾਰਾਂ) ਰਾਹੀਂ ਕੇਂਦਰ ਸਰਕਾਰ ਵੱਲੋਂ ਚੁਣੀਆਂ ਸਰਕਾਰਾਂ ਲਈ ਪਰੇਸ਼ਾਨੀ ਖੜੀ ਕੀਤੀ ਜਾ ਰਹੀ ਹੈ ਅਤੇ ਕੇਂਦਰ ਆਪਣੇ ਹੱਥ ਹਰ ਖੇਤਰ 'ਚ ਮਜ਼ਬੂਤ ਕਰ ਰਿਹਾ ਹੈ ਅਤੇ ਰਾਜ ਸਰਕਾਰਾਂ ਨੂੰ ਪੰਗੂ ਬਣਾ ਕੇ ਸਿਰਫ਼ ਇੱਕ ਮਿਊਂਸੀਪੈਲਟੀ ਬਣਾਉਣ ਦੇ ਰਾਹ ਹੈ।

ਸੂਚਨਾ ਦਾ ਅਧਿਕਾਰ ਕਾਨੂੰਨ ਆਰ.ਟੀ.ਆਈ. ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਦੋ ਦਹਾਕੇ ਪਹਿਲਾਂ ਲਾਗੂ ਕੀਤਾ ਗਿਆ ਸੀ। ਇਹ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਇੱਕ ਉਮੀਦ ਸੀ। ਜਦੋਂ ਇਹ ਕਾਨੂੰਨ ਲਾਗੂ ਹੋਇਆ, ਉਸ ਵੇਲੇ ਆਮ ਜਨਤਾ ਸ਼ਾਸਨ, ਪ੍ਰਸ਼ਾਸਨ ਤੋਂ ਸਵਾਲ ਪੁੱਛਣ ਦੇ ਹੱਕ ਤੋਂ ਵਿਰਵੀ ਸੀ। ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਮਨਮਾਨੀ ਖ਼ਿਲਾਫ਼ ਕੋਈ ਠੋਸ ਸੰਦ(ਔਜ਼ਾਰ) ਆਮ ਨਾਗਰਿਕਾਂ ਕੋਲ ਨਹੀਂ ਸੀ।

ਸਾਲ 2005 ਵਿੱਚ ਇਹ ਕਾਨੂੰਨ ਸੰਸਦ ਵਿੱਚ ਪਾਸ ਹੋਇਆ। ਇਸ ਕਾਨੂੰਨ ਅਧੀਨ ਕੋਈ ਵੀ ਨਾਗਰਿਕ ਸਰਕਾਰੀ ਦਫ਼ਤਰ, ਵਿਭਾਗ ਜਾਂ ਸੰਸਥਾ ਤੋਂ ਪੁੱਛ ਸਕਦਾ ਹੈ ਕਿ ਉਸ ਕੋਲ ਜੋ ਸਰਕਾਰੀ ਧਨ ਹੈ, ਉਹ ਕਿੱਥੇ ਆਇਆ ? ਕਿੱਥੇ ਖ਼ਰਚਿਆ ਗਿਆ ? ਇਹ ਹੱਕ ਸਿਰਫ਼ ਦਸਤਾਵੇਜ ਵੇਖਣ ਤੱਕ ਸੀਮਤ ਨਹੀਂ ਸੀ ਬਲਕਿ ਸਰਕਾਰ ਤੋਂ ਜਵਾਬਦੇਹੀ ਲੈਣ ਦਾ ਇੱਕ ਵੱਡਾ ਔਜ਼ਾਰ ਸੀ।

ਭਾਵੇਂ ਕਿ ਇਸ ਕਾਨੂੰਨ ਨੇ ਸ਼ੁਰੂ 'ਚ ਕਾਫ਼ੀ ਅਸਰ ਵਿਖਾਇਆ। ਅਫ਼ਸਰਸ਼ਾਹੀ ਇਸ ਤੋਂ ਕਾਫ਼ੀ ਭੈ-ਭੀਤ ਹੋਈ। ਇਸ ਕਾਨੂੰਨ ਨਾਲ ਕਈ ਇਤਿਹਾਸਿਕ ਖ਼ੁਲਾਸੇ ਹੋਏ। ਵੱਖੋ-ਵੱਖਰੀਆਂ ਸਕੀਮਾਂ 'ਚ ਖ਼ਰਚਿਆ ਗਿਆ ਪੈਸਾ ਲੋਕਾਂ ਦੇ ਸਾਹਮਣੇ ਆਇਆ, ਜਿਸ ਨਾਲ ਕਈ ਮੁਕੱਦਮੇ ਦਰਜ ਹੋਏ ਅਤੇ ਇਸ ਐਕਟ ਦੇ ਰਾਹੀਂ ਪ੍ਰਾਪਤ ਸੂਚਨਾ ਨੇ ਸਿਆਸਤਦਾਨਾਂ, ਅਫ਼ਸਰਾਂ, ਦਲਾਲਾਂ ਦੀ ਤਿਕੜੀ ਦੇ ਕਈ ਖ਼ੁਲਾਸੇ ਕੀਤੇ। ਮੁੰਬਈ 'ਚ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਦਾ ਖ਼ੁਲਾਸਾ ਇਸੇ ਕਾਨੂੰਨ ਤਹਿਤ ਹੋਇਆ।

ਇਹ ਉਹ ਇਮਾਰਤ ਸੀ ਜੋ ਕਾਰਗਿਲ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਲਈ ਬਣਾਈ ਗਈ, ਪਰ ਉਸ ਵਿੱਚ ਨੌਕਰਸ਼ਾਹਾਂ, ਸਿਆਸਤਦਾਨਾਂ, ਸੈਨਾ ਦੇ ਉੱਚ ਅਧਿਕਾਰੀਆਂ ਨੂੰ ਸਸਤੇ ਭਾਅ ਪਲਾਟ ਦਿੱਤੇ ਗਏ। ਸਿੱਟੇ ਵਜੋਂ ਸੂਬੇ ਦੇ ਤਤਕਾਲੀ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। ਰਾਸ਼ਟਰ ਮੰਡਲ ਖੇਡਾਂ ਦੇ ਆਯੋਜਨ ਸਮੇਂ ਸਰਵਜਨਕ ਘੁਟਾਲਾ, ਮਗਨਰੇਗਾ ਅਤੇ ਅਨਾਜ ਵੰਡ ਘੁਟਾਲੇ ਵੀ ਇਸ ਕਾਨੂੰਨ ਤਹਿਤ ਸੂਚਨਾ ਲੈਕੇ ਖੁੱਲ੍ਹੇ। ਚੋਣ ਬਾਂਡ ਨਾਲ ਜੁੜੀਆਂ ਗੁਪਤ ਸੂਚਨਾਵਾਂ ਵੀ ਇਸੇ ਕਾਨੂੰਨ ਤਹਿਤ ਲੋਕ ਕਚਹਿਰੀ 'ਚ ਖੁੱਲੀਆਂ।

ਅਸਲ 'ਚ ਇਹ ਕਾਨੂੰਨ ਪਿੰਡਾਂ ਦੇ ਲੋਕਾਂ ਲਈ ਰਾਸ਼ਨ, ਪੈਨਸ਼ਨ, ਮਜ਼ਦੂਰੀ 'ਚ ਬਕਾਇਆ ਆਦਿ ਦੇ ਲਈ ਵੱਡਾ ਆਸਰਾ ਬਣਿਆ। ਅਸਲ 'ਚ ਇਸ ਕਾਨੂੰਨ ਨੇ ਲੋਕਤੰਤਰ ਨੂੰ ਕੇਵਲ ਸੰਸਦੀ ਦਾਇਰੇ 'ਚ ਹੀ ਨਹੀਂ ਰੱਖਿਆ, ਸਗੋਂ ਲੋਕਾਂ ਦੀ ਆਮ ਜ਼ਿੰਦਗੀ ਤੱਕ ਵੀ ਇਸਦੀ ਪਹੁੰਚ ਬਣੀ।

ਪਰ ਸਫ਼ਲਤਾ ਦੀ ਪੌੜੀ ਚੜ੍ਹਕੇ ਇਹ ਕਾਨੂੰਨ ਧੜੰਮ ਕਰਕੇ (ਮੌਜੂਦਾ ਸਰਕਾਰ ਦੇ ਸਮੇਂ ਖ਼ਾਸ ਕਰਕੇ) ਡਿਗਿਆ ਹੈ। ਅੱਜ ਪਾਰਦਰਸ਼ਤਾ ਲੁਕਾਈ ਜਾ ਰਹੀ ਹੈ। ਅਫ਼ਸਰਸ਼ਾਹੀ ਨੇ ਇਸ ਕਾਨੂੰਨ ਨੂੰ ਸਿਆਸਤਦਾਨਾਂ ਦੀ ਸ਼ਹਿ 'ਤੇ ਛਿੱਕੇ ਟੰਗ ਦਿੱਤਾ ਹੈ। ਜਿਵੇਂ ਦੇਸ਼ 'ਚ ਲੋਕਤੰਤਰ ਗਾਇਬ ਹੋ ਰਿਹਾ ਹੈ, ਡਿਕਟੇਟਰਾਨਾ ਸੋਚ ਵਾਲੇ ਹਾਕਮ ਫੰਨ ਫੈਲਾਅ ਰਹੇ ਹਨ, ਉਵੇਂ ਹੀ ਲੋਕ-ਹਿੱਤੂ ਕਾਨੂੰਨ ਖ਼ਾਮੋਸ਼ ਕੀਤੇ ਜਾ ਰਹੇ ਹਨ।

ਇਹ ਗਹਿਰੀ ਖਾਮੋਸ਼ੀ ਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਅਧਿਕਾਰੀ ਜਾਣ-ਬੁਝ ਕੇ ਸੂਚਨਾ ਦੇਣ 'ਚ ਦੇਰੀ ਕਰਦੇ ਹਨ, ਉਹਨਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ, ਕਿਉਂਕਿ ਸੂਬਾਈ ਤੇ ਕੇਂਦਰੀ ਕਮਿਸ਼ਨ ਲਗਭਗ ਚੁੱਪੀ ਧਾਰੀ ਬੈਠੇ ਰਹਿੰਦੇ ਹਨ। ਅਸਲ 'ਚ ਜਵਾਬਦੇਹੀ ਦਾ ਦੌਰ ਜਿਵੇਂ-ਜਿਵੇਂ ਸਿਆਸਤ ਵਿੱਚੋਂ ਗਾਇਬ ਹੋ ਰਿਹਾ ਹੈ, ਉਵੇਂ ਹੀ ਕਾਨੂੰਨ ਬਣਾਉਣ, ਉਸ ਨੂੰ ਲਾਗੂ ਕਰਨ ਦੀ ਜਵਾਬਦੇਹੀ ਖ਼ਤਮ ਹੋ ਰਹੀ ਹੈ। ÷ਬੁਲਡੋਜ਼ਰ ਸਿਆਸਤ÷ ਸਮਾਜ ਅਤੇ ਸਿਆਸਤ ਵਿੱਚ ਭਾਰੂ ਹੋ ਰਹੀ ਹੈ, ਜਿੱਥੇ ਕਾਨੂੰਨ ਲੁਪਤ ਹੋ ਰਿਹਾ ਹੈ ਅਤੇ ਸਿਆਸੀ ਹਾਕਮ ਤੇ ਪੁਲਿਸ ਪ੍ਰਸ਼ਾਸਨ ਸਿੱਧਾ ਆਪੇ ਇਨਸਾਫ਼ ਕਰਦੇ ਤੇ ਆਪਣਾ ਜੰਗਲੀ ਕਾਨੂੰਨ ਲਾਗੂ ਕਰਦੇ ਹਨ।

ਸਾਲ 2005 ਤੋਂ ਹੁਣ ਤੱਕ ਆਰ.ਟੀ.ਆਈ. ਦੇ ਕਈ ਕਾਰਕੁਨਾਂ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਹੜੇ ਕਾਰਕੁਨ ਮਹਾਰਾਸ਼ਟਰ, ਕਰਨਾਟਕ, ਉੜੀਸਾ ਅਤੇ ਰਾਜਸਥਾਨ 'ਚ ਸਾਹਮਣੇ ਆਏ ਉਹਨਾਂ 'ਤੇ ਹਮਲੇ ਹੋਏ। ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਆਰ.ਟੀ.ਆਈ. ਕਾਰਕੁਨਾਂ ਨੂੰ ਸਰਕਾਰੀ ਸੁਰੱਖਿਆ ਨਹੀਂ ਹੈ। ਇਸੇ ਕਰਕੇ ਆਰ.ਟੀ.ਆਈ. ਅਧੀਨ ਸੂਚਨਾ ਲੈਣਾ ਔਖਾ ਹੋ ਗਿਆ ਹੈ।

ਭਾਵੇਂ ਕਿ ਸੂਚਨਾ ਅਧਿਕਾਰ ਲਾਗੂ ਹੋਣ ਨਾਲ ਲੋਕਾਂ ਦੇ ਹੌਂਸਲੇ ਵਧੇ। ਇਸ ਕਾਨੂੰਨ ਤਹਿਤ ਕੋਈ ਵੀ ਵਿਅਕਤੀ ਪ੍ਰਧਾਨ ਮੰਤਰੀ ਦਫ਼ਤਰ, ਸਿਆਸੀ ਪਾਰਟੀ ਅਤੇ ਭਾਰਤੀ ਰਿਜ਼ਰਵ ਬੈਂਕ ਤੱਕ ਦੀ ਜਵਾਬਦੇਹੀ ਬਣਾਉਂਦਾ ਹੈ ਪਰ ਵਿਡੰਬਨਾ ਇਹ ਹੈ ਕਿ ਉਹ ਪ੍ਰਸ਼ਾਸਨ ਪਾਰਦਰਸ਼ਤਾ ਨੂੰ ਲੁਕੋ ਲੈਂਦਾ ਹੈ ਅਤੇ ਸੂਚਨਾ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ। ਇਸੇ ਕਰਕੇ ਸੂਚਨਾ ਦਾ ਅਧਿਕਾਰ ਕਾਨੂੰਨ ਕਮਜ਼ੋਰ ਹੋ ਗਿਆ ਹੈ ਤੇ ਹੋ ਰਿਹਾ ਹੈ।

ਹੈਰਾਨੀ ਦੀ ਗੱਲ ਹੈ ਕਿ ਜਦੋਂ ਬੇਰੁਜ਼ਗਾਰਾਂ ਦਾ ਡਾਟਾ ਇਸ ਕਾਨੂੰਨ ਤਹਿਤ ਮੰਗਿਆ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ। ਜਦੋਂ ਕੋਵਿਡ 'ਚ ਹੋਈਆਂ ਮੌਤਾਂ ਦੀ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਜਵਾਬ ਸਿੱਧਾ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ।

ਅਸਲ 'ਚ ਹੁਣ ਅਧਿਕਾਰੀ ਇਸ ਕਾਨੂੰਨ ਤੋਂ ਨਹੀਂ ਡਰਦੇ। ਹੁਣ ਜਦੋਂ ਲੋਕ ਉਮੀਦ ਨਾਲ ਅਰਜ਼ੀ ਦਿੰਦੇ ਹਨ ਤਾਂ ਉਹਨਾਂ ਪੱਲੇ ਨਿਰਾਸ਼ਾ ਪੈਂਦੀ ਹੈ। ਜਿਸ ਢੰਗ ਨਾਲ ਦੇਸ਼ 'ਚ ਗ਼ੈਰ-ਲੋਕਤੰਤਰਿਕ ਸਥਿਤੀ ਪੈਦਾ ਹੋ ਗਈ ਹੈ, ਤਿਕੜੀ -ਰਾਜ ਪੂਰੇ ਦੇਸ਼ 'ਚ ਛਾਇਆ ਹੈ। ਰਾਜਨੀਤੀ ਦਾ ਅਪਰਾਧੀਕਰਨ ਹੋ ਗਿਆ ਹੈ। ਕਾਰਪੋਰੇਟ ਘਰਾਨਿਆਂ ਦੇਸ਼ 'ਤੇ ਜਕੜ ਪੀਡੀ ਕਰ ਲਈ ਹੈ। ਨਿੱਜੀਕਰਨ ਦੇਸ਼ 'ਚ ਵੱਧ ਰਿਹਾ ਹੈ ਅਤੇ ਸਿਆਸੀ ਲੋਕ, ਕਾਰਪੋਰੇਟਾਂ ਨੇ ਆਪਣੇ ਹੱਥਾਂ 'ਚ ਕਰ ਲਏ ਹਨ।


ਸਿਆਸੀ ਲੋਕਾਂ ਵੱਲੋਂ ਲੋਕ ਦਿਖਾਵੇ ਹਿੱਤ ਲੋਕਤੰਤਰ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ, ਪਰ ਲੋਕ-ਹਿਤੈਸ਼ੀ ਸਾਰੇ ਕਾਰਜਾਂ ਨੂੰ ਖ਼ਤਮ ਕਰਨ ਦਾ ਕਾਰਜ ਆਰੰਭਿਆ ਹੋਇਆ ਹੈ। ਇਸ ਤਹਿਤ ਖ਼ੁਦਮੁਖਤਿਆਰ ਸੰਸਥਾਵਾਂ ਨੂੰ ਖ਼ਤਮ ਤਾਂ ਨਹੀਂ ਕੀਤਾ ਜਾ ਰਿਹਾ ਹੈ ਪਰ ਇਹਨਾਂ ਨੂੰ ਅੰਦਰੋਂ ਖੋਰਾ ਲਾਇਆ ਜਾ ਰਿਹਾ ਹੈ।

ਇਸ ਕਾਨੂੰਨ ਨੇ ਲੋਕਤੰਤਰ ਵਿੱਚ ਇੱਕ ਨਵੀਂ ਰੂਹ ਫੂਕੀ ਸੀ। ਜਾਗਰੂਕਤਾ ਦੀ ਇੱਕ ਨਵੀਂ ਮਿਸ਼ਾਲ ਬਲੀ ਸੀ। ਸੂਚਨਾ ਦਾ ਕਾਨੂੰਨ ਅਧਿਕਾਰ ਸਾਨੂੰ ਦਰਸਾਉਂਦਾਹੈ ਕਿ ਲੋਕਤੰਤਰ ਸਿਰਫ਼ ਵੋਟ ਪਾਉਣ ਦਾ ਹੱਕ ਹੀ ਨਹੀਂ, ਸਗੋਂ ਸੱਤਾ ਵਿੱਚ ਜਵਾਬ ਮੰਗਣ ਦਾ ਹੱਕ ਵੀ ਹੈ।

ਕੀ ਅੱਜ ਦੀ ਸਥਿਤੀ ਵਿੱਚ ਇਹ ਸਮਾਂ ਨਹੀਂ ਆ ਰਿਹਾ ਕਿ ਨਾਗਰਿਕ ਸਮਾਜ, ਨਿਆਪਾਲਿਕਾ ਅਤੇ ਇਮਾਨਦਾਰ ਨੌਕਰਸ਼ਾਹੀ ਮਿਲ ਕੇ ਪਾਰਦਰਸ਼ਤਾ ਦੀ ਇਸ ਭਾਵਨਾ ਨੂੰ ਪੁਨਰ ਸੁਰਜੀਤ ਕਰੇ ?

ਯਾਦ ਰੱਖਣਾ ਬਣਦਾ ਹੈ ਕਿ ਲੋਕਤੰਤਰ ਸਿਰਫ਼ ਕਾਨੂੰਨਾਂ ਨਾਲ ਨਹੀਂ ਚੱਲਦਾ। ਇਹ ਨਾਗਰਿਕਾਂ ਦੀ ਜਾਗਰੂਕਤਾ, ਸਤਰਕਤਾ ਅਤੇ ਰਾਜ ਭਾਗ ਦੀ ਜਵਾਬਦੇਹੀ ਨਾਲ ਜਿਉਂਦਾ ਰਹਿੰਦਾ ਹੈ। ਲੋਕ ਸਵਾਲ ਪੁੱਛਣਗੇ, ਲੋਕਤੰਤਰ ਦੀ ਰੌਸ਼ਨੀ ਬਲਦੀ ਰਹੇਗੀ ਅਤੇ ਕਦੇ ਵੀ ਬੁਝ ਨਹੀਂ ਸਕੇਗੀ।

# ਪੰਜਾਬ ਬਹੁਪਰਤੀ ਸੰਕਟ ਦੇ ਦੌਰ ਵਿੱਚ ਕਿਉਂ ਫਸਿਆ ?



ਸੁੱਚਾ ਸਿੰਘ ਗਿੱਲ

ਪੰਜਾਬ ਦਾ ਸਮਾਜਿਕ, ਆਰਥਿਕ ਤੇ ਸਿਆਸੀ ਸੰਕਟ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ, ਇਸ ਨੂੰ ਹੱਲ ਕਰਨ ਦੀ ਬਜਾਏ ਸਰਕਾਰ ’ਤੇ ਕਾਬਜ਼ ਸੱਤਾਧਾਰੀ ਪਾਰਟੀਆਂ ਨੇ ਇਸ ਤੋਂ ਹਮੇਸ਼ਾ ਟਾਲਾ ਹੀ ਵੱਟਿਆ ਹੈ। ਸੱਤਾ ’ਤੇ ਕਾਬਜ਼ ਰਹਿਣ ਲਈ ਪਾਰਟੀਆਂ ਇੱਕ-ਦੂਜੇ ’ਤੇ ਦੂਸ਼ਣਬਾਜ਼ੀ ਕਰਦਿਆਂ ਲੋਕਾਂ ਨੂੰ ਗੁੰਮਰਾਹ ਕਰਨ ਲੱਗੀਆਂ ਹੋਈਆਂ ਹਨ। ਲੋਕਾਂ ਨੇ ਇੱਕ ਤੋਂ ਬਾਅਦ ਦੂਜੀ ਤੇ ਦੂਜੀ ਤੋਂ ਬਾਅਦ ਤੀਜੀ ਪਾਰਟੀ ਨੂੰ ਸੱਤਾ ਵਿੱਚ ਇਸ ਆਸ ਨਾਲ ਲਿਆਂਦਾ ਸੀ ਕਿ ਉਹ ਕੁਝ ਵੱਖਰਾ ਕਰਨਗੇ, ਪਰ ਲੋਕਾਂ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ। ਸੱਤਾ ਤੋਂ ਬਾਹਰ ਸਮਾਜਿਕ ਲਹਿਰ ਪੰਜਾਬ ਵਿੱਚ ਹਮੇਸ਼ਾ ਹੀ ਸਰਗਰਮ ਰਹੀ ਹੈ ਅਤੇ ਸਰਕਾਰ ਨੂੰ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਵਾਸਤੇ ਮਜਬੂਰ ਕਰਦੀ ਰਹੀ ਹੈ। ਪਰ ਇਸ ਮੌਕੇ ਸਮਾਜਿਕ ਲਹਿਰ ਧੜਿਆਂ ਤੇ ਮੁੱਦਿਆਂ ’ਤੇ ਇੰਨੀ ਵੰਡੀ ਹੋਈ ਹੈ ਕਿ ਸਰਕਾਰ ’ਤੇ ਦਬਾਅ ਬਣਾਉਣ ਦੇ ਸਮਰੱਥ ਨਹੀਂ ਹੈ। ਹਾਕਮ ਪਾਰਟੀਆਂ ਦੇ ਬਹੁਤੇ ਲੀਡਰ ਵੱਖ-ਵੱਖ ਮਾਫੀਆ ਨਾਲ ਰਲ ਗਏ ਹਨ, ਇਸ ਗਠਜੋੜ ’ਚ ਉੱਚ ਅਫਸਰ ਤੇ ਪੁਲਿਸ ਅਧਿਕਾਰੀ ਵੀ ਭਾਈਵਾਲ ਬਣ ਗਏ ਹਨ। ਇਹ ਸਾਰੇ ਲੋਕਾਂ ਨੂੰ ਲੁੱਟਣ ਤੋਂ ਇਲਾਵਾ ਗੁੰਮਰਾਹ ਵੀ ਕਰ ਰਹੇ ਹਨ। ਇਸ ਕਾਰਨ ਪੰਜਾਬ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਆਰਥਿਕ ਤੌਰ ’ਤੇ ਪਿਛੜਨ ਨਾਲ ਨਵੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ ਤੇ ਸੂਬਾ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਦਾ ਸ਼ਿਕਾਰ ਹੋ ਗਿਆ ਹੈ।


ਹਰੇ ਇਨਕਲਾਬ ਦੇ ਫਿੱਕਾ ਪੈਣ ’ਤੇ 1980 ਦੇ ਦਹਾਕੇ ਦੌਰਾਨ ਖੇਤੀ ਵਿੱਚ ਖੜੋਤ ਅਤੇ ਵਾਤਾਵਰਨ ਦੇ ਵਿਗਾੜ ਸ਼ੁਰੂ ਹੋ ਗਏ ਸਨ। ਪੇਂਡੂ ਇਲਾਕਿਆਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਵਧਣ ਕਾਰਨ ਨੌਜਵਾਨਾਂ ’ਚ ਬੇਚੈਨੀ ਵਧੀ, ਪਰ ਸਰਕਾਰ ਨੇ ਇਸ ਬੇਚੈਨੀ ਨਾਲ ਨਜਿੱਠਣ ਦੀ ਕੋਸ਼ਿਸ਼ ਕਰਨ ਦੀ ਬਜਾਏ ਬੇਚੈਨੀ ਤੋਂ ਪੈਦਾ ਹੋਈ ਹਿੰਸਾ ਨੂੰ ਸਰਕਾਰੀ ਹਿੰਸਾ ਨਾਲ ਕੁਚਲਣ ਦੀ ਕੋਸ਼ਿਸ਼ ਕਰਕੇ ਸੂਬੇ ਨੂੰ ਘੋਰ ਸਿਆਸੀ ਸੰਕਟ ਵਿੱਚ ਫਸਾ ਦਿੱਤਾ। ਲਗਭਗ 10 ਸਾਲ ਦੇ ਗਵਰਨਰ/ਕੇਂਦਰੀ ਰਾਜ ਨੇ ਸੂਬੇ ਦੇ ਪ੍ਰਸ਼ਾਸਨ ਦੀ ਪਹਿਲ ਨੂੰ ਵਿਕਾਸ ਤੋਂ ਬਦਲ ਕੇ ਅਮਨ ਕਾਨੂੰਨ ਦੀ ਬਹਾਲੀ ਵਿੱਚ ਤਬਦੀਲ ਕਰ ਦਿੱਤਾ ਸੀ। ਉਸ ਸਮੇਂ ਪੁਲਿਸ ਅਧਿਕਾਰੀਆਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾਉਣ ਦੀ ਮਿਲੀ ਖੁੱਲ੍ਹ ਖਾੜਕੂ ਹਿੰਸਾ ਖਤਮ ਹੋਣ ਤੋਂ ਬਾਅਦ ਵੀ ਜਾਰੀ ਰਹਿਣ ਕਰਕੇ ਪੰਜਾਬ ਨੂੰ ਪੁਲਿਸ ਰਾਜ ਬਣਾਈ ਰੱਖਣ ਕਾਰਨ ਕਾਫ਼ੀ ਉਲਝਣਾਂ ਵਧ ਗਈਆਂ ਹਨ। ਇਸ ਨਾਲ ਪੁਲਿਸ ਨੇ ਅਮਨ ਸ਼ਾਂਤੀ ਬਣਾਈ ਰੱਖਣ ਦੀ ਬਜਾਏ ਇਸ ਖੁੱਲ੍ਹ ਨੂੰ ਲੋਕਾਂ ’ਤੇ ਤਸ਼ੱਦਦ ਕਰਕੇ ਅਤੇ ਭ੍ਰਿਸ਼ਟਾਚਾਰ ਕਰਕੇ ਪੈਸੇ ਉਗਰਾਹੁਣ ਦਾ ਜ਼ਰਿਆ ਬਣਾ ਲਿਆ ਹੈ। ਇੱਕ ਪਾਸੇ ਝੂਠੇ ਕੇਸ ਬਣਾਏ ਜਾਂਦੇ ਹਨ ਅਤੇ ਦੂਜੇ ਪਾਸੇ ਅਸਲੀ ਕੇਸਾਂ ਨੂੰ ਖੁਰਦ-ਬੁਰਦ ਕਰਕੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਨਸ਼ਾ ਤਸਕਰਾਂ ਨੂੰ ਸੁਰੱਖਿਆ ਦੇ ਕੇ ਉਨ੍ਹਾਂ ਤੋਂ ਉਗਰਾਹੀ ਕੀਤੀ ਜਾਂਦੀ ਹੈ। ਗੈਂਗਸਟਰ ਸ਼ਰੇਆਮ ਲੋਕਾਂ ਤੋਂ ਫ਼ਿਰੌਤੀਆਂ ਮੰਗਦੇ ਹਨ ਤੇ ਵਪਾਰੀਆਂ ਨੂੰ ਡਰਾ ਰਹੇ ਹਨ। ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਵੱਲ ਧੱਕਣ ਵਿਚ ਪੁਲਿਸਤੰਤਰ ਤੇ ਖਾਸ ਕਰਕੇ ਉੱਚ ਅਫਸਰਾਂ ਦੀ ਭੂਮਿਕਾ ਜੱਗ ਜ਼ਾਹਰ ਹੋ ਚੁੱਕੀ ਹੈ। ਇਸ ਦੀ ਪੁਸ਼ਟੀ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੇ ਘਰ ਤੋਂ ਵੱਡੀ ਮਾਤਰਾ ਵਿੱਚ ਮਿਲੀ ਨਕਦੀ, ਸੋਨੇ ਤੇ ਜਾਇਦਾਦ ਦੇ ਦਸਤਾਵੇਜ਼ਾਂ ਤੋਂ ਹੋ ਗਈ ਹੈ। ਇਸ ਤੋਂ ਪਹਿਲਾਂ ਵੀ ਕੁਝ ਹੋਰ ਪੁਲਿਸ ਅਧਿਕਾਰੀਆਂ ’ਤੇ ਦਰਜ ਕੇਸਾਂ ਤੇ ਸ਼ਿਕਾਇਤਾਂ ਬਾਅਦ ਉਨ੍ਹਾਂ ’ਚੋਂ ਕਈਆਂ ਦੇ ਰੂਪੋਸ਼ ਹੋ ਜਾਣ ਨਾਲ ਪੁਲਿਸ ਦੀ ਸਾਖ ਨੂੰ ਕਾਫ਼ੀ ਧੱਕਾ ਲੱਗਾ ਹੈ। ਇਸ ਤੋਂ ਪਹਿਲਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵੀ ਸਿੱਧੂ ਦੇ ਸਕੈਂਡਲ ਨੇ ਸੂਬੇ ਵਿਚ ਫੈਲੇ ਭ੍ਰਿਸ਼ਟਾਚਾਰ ਦਾ 2002 ਵਿੱਚ ਹੀ ਪਰਦਾਫਾਸ਼ ਕਰ ਦਿੱਤਾ ਸੀ। ਸਿਵਲ ਅਫ਼ਸਰਸ਼ਾਹੀ ਵੀ ਇਸ ਜਿੱਲ੍ਹਣ ਵਿੱਚ ਪੂਰੀ ਤਰ੍ਹਾਂ ਫਸੀ ਹੋਈ ਹੈ, ਕਈ ਪੀ.ਸੀ.ਐੱਸ. ਅਤੇ ਆਈ.ਏ.ਐੱਸ. ਅਫਸਰਾਂ ਦੇ ਨਾਮ ਮੀਡੀਆ ਵਿੱਚ ਲਗਾਤਾਰ ਨਸ਼ਰ ਹੋ ਰਹੇ ਹਨ। ਹਾਕਮ ਪਾਰਟੀਆਂ ਦੇ ਆਗੂਆਂ ਵੱਲੋਂ ਮਾਫੀਆ, ਪੁਲਿਸ ਤੇ ਸਿਵਲ ਅਧਿਕਾਰੀਆਂ ਨੂੰ ਸਰਪ੍ਰਸਤੀ ਪ੍ਰਦਾਨ ਕੀਤੀ ਜਾਂਦੀ ਹੈ। ਇਸੇ ਕਰਕੇ ਆਗੂਆਂ ਤੇ ਅਫਸਰਾਂ ਦੇ ਕਾਰੋਬਾਰਾਂ ਤੇ ਜਾਇਦਾਦਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।



ਇਸ ਲੋਕ ਵਿਰੋਧੀ ਗਠਜੋੜ ਦੇ ਚਲਦਿਆਂ ਟੈਕਸਾਂ ਦੀ ਉਗਰਾਹੀ ਵੀ ਲੋੜੀਂਦੀ ਪੱਧਰ ’ਤੇ ਨਹੀਂ ਕੀਤੀ ਜਾਂਦੀ। ਵਪਾਰੀ ਵਰਗ ਤੋਂ ਟੈਕਸਾਂ ਦੀ ਚੋਰੀ ਅਫ਼ਸਰਾਂ ਤੇ ਹਾਕਮ ਪਾਰਟੀਆਂ ਦੇ ਆਗੂਆਂ ਦੀ ਮਿਲੀਭੁਗਤ ਤੇ ਸਰਪ੍ਰਸਤੀ ਨਾਲ ਕਰਵਾਈ ਜਾਂਦੀ ਹੈ। ਇਸ ਕਰਕੇ ਪੰਜਾਬ ਟੈਕਸ ਤੇ ਆਮਦਨ ਦੇ ਅਨੁਪਾਤ ਨਾਲ ਦੇਸ਼ ’ਚ ਸਭ ਤੋਂ ਪਿੱਛੇ ਚੱਲ ਰਿਹਾ ਹੈ। ਦੂਜੇ ਪਾਸੇ ਖਾਂਦੇ-ਪੀਂਦੇ ਲੋਕਾਂ ਨੂੰ ਮੁਫ਼ਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਪੂਰਾ ਕਰਨ ਲਈ ਸੂਬਾ ਸਰਕਾਰ ਲਗਾਤਾਰ ਬੈਂਕਾਂ ਤੋਂ ਕਰਜ਼ੇ ਚੁੱਕ ਰਹੀ ਹੈ। ਸੂਬੇ ਸਿਰ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ, ਜੋ ਮਾਰਚ 2026 ਤੱਕ 4 ਲੱਖ ਕਰੋੜ ਰੁਪਏ ਤੋਂ ਵਧ ਜਾਵੇਗੀ। ਸੂਬੇ ਦੇ ਬਜਟ ਦਾ ਲਗਭਗ 1/3 ਹਿੱਸਾ ਕਰਜ਼ੇ ਦੇ ਵਿਆਜ ਤੇ ਮੂਲ ਕਿਸ਼ਤ ਨੂੰ ਚੁਕਾਉਣ ’ਤੇ ਚਲਾ ਜਾਂਦਾ ਹੈ। ਸਰਕਾਰ ਕੋਲ ਵਿਕਾਸ ਤੇ ਰੁਜ਼ਗਾਰ ਵਾਸਤੇ ਵਿੱਤੀ ਸਾਧਨਾਂ ਦੀ ਘਾਟ ਕਈ ਦਹਾਕਿਆਂ ਤੋਂ ਚੱਲ ਰਹੀ ਹੈ। ਪੰਜਾਬ 1992-93 ’ਚ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੇ ਸੂਬਿਆਂ ਵਿੱਚ ਪਹਿਲੇ ਸਥਾਨ ਤੋਂ ਖਿਸਕ ਕੇ 2022-23 ਵਿਚ 14ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਵਿੱਤੀ ਸਾਧਨਾਂ ਦੀ ਕਿੱਲਤ ਦੀ ਮਾਰ ਸਿੱਖਿਆ ਤੇ ਸਿਹਤ ਸਹੂਲਤਾਂ ’ਤੇ ਪਈ ਹੈ, 1980ਵਿਆਂ ’ਚ ਸੂਬੇ ਦੇ ਕੁੱਲ ਬਜਟ ਦਾ 23-24 ਫ਼ੀਸਦੀ ਹਿੱਸਾ ਸਿੱਖਿਆ ਦੇ ਖੇਤਰ ’ਤੇ ਖ਼ਰਚ ਹੁੰਦਾ ਸੀ ਜੋ ਘਟਦਾ ਹੋਇਆ 12-13 ਫ਼ੀਸਦੀ ਹੀ ਰਹਿ ਗਿਆ ਹੈ। ਇਸ ਦੇ ਚਲਦਿਆਂ ਵਿਦਿਅਕ ਸੰਸਥਾਵਾਂ, ਸਰਕਾਰੀ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਵਿੱਤੀ ਸੰਕਟ ਦਾ ਸ਼ਿਕਾਰ ਹੋਣ ਕਾਰਨ ਸਹਿਕ ਰਹੇ ਹਨ। 1980ਵਿਆਂ ਵਿੱਚ ਸਰਕਾਰ ਸਿਹਤ ਦੇ ਖੇਤਰ ’ਤੇ ਬਜਟ ਦਾ 12-13 ਫ਼ੀਸਦੀ ਖਰਚ ਕਰਦੀ ਸੀ, ਜੋ 2022-23 ਵਿਚ ਘਟ ਕੇ 5-6 ਫ਼ੀਸਦੀ ਰਹਿ ਗਿਆ ਹੈ। ਸਰਕਾਰੀ ਸਿਹਤ ਸੇਵਾਵਾਂ ਦੇ ਖ਼ੁਦ ਬਿਮਾਰ ਪੈ ਜਾਣ ਕਰਕੇ ਗਰੀਬ ਲੋਕ ਇਲਾਜ ਤੋਂ ਵਾਂਝੇ ਹੋਏ ਹਨ ਤਾਂ ਦੂਜੇ ਪਾਸੇ ਲੋਕ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਦਾ ਵੀ ਸ਼ਿਕਾਰ ਹੋ ਰਹੇ ਹਨ। ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ ਦੇਸ਼ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੋਣ ਕਾਰਨ ਸੂਬੇ ਦੇ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਪਰ ਵਿਕਸਤ ਦੇਸ਼ਾਂ ਅਤੇ ਖਾਸ ਕਰਕੇ ਅਮਰੀਕਾ, ਕੈਨੇਡਾ, ਬਰਤਾਨੀਆ ਵੱਲੋਂ ਪ੍ਰਵਾਸ ’ਤੇ ਰੋਕਾਂ ਲਗਾਈਆਂ ਜਾ ਰਹੀਆਂ ਹਨ।

(ਬਾਕੀ ਸਫ਼ਾ 27 ’ਤੇ)

# ਆਪਣੇ ਵੋਟ ਅਧਿਕਾਰ ਦੀ ਖ਼ੁਦ ਰਾਖੀ ਕਰਨ ਦੀ ਲੋੜ



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਚੋਣ ਕਮਿਸ਼ਨ ਨੇ ਬਿਹਾਰ ਵਿੱਚ ਵੋਟਰ ਲਿਸਟਾਂ ਦੀ ਵਿਸ਼ੇਸ਼ ਗਹਿਰੀ ਸੁਧਾਈ ਕਰਨ ਉਪਰੰਤ ਹੁਣ ਦੇਸ਼ ਦੇ 9 ਰਾਜਾਂ ਅਤੇ 3 ਕੇਂਦਰ ਪ੍ਰਸ਼ਾਸਿਤ ਇਲਾਕਿਆਂ ਵਿੱਚ ਇਸੇ ਅਮਲ ਨੂੰ 4 ਨਵੰਬਰ ਤੋਂ ਅੱਗੇ ਵਧਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਇਸ ਸੰਬੰਧੀ ਚੋਣ ਕਮਿਸ਼ਨ ਨੇ ਬਿਹਾਰ ਦੇ 7.42 ਕਰੋੜ ਵੋਟਰਾਂ ਦੀ ਅੰਤਿਮ ਸੂਚੀ ਜਾਰੀ ਕਰਨ ਦੇ ਨਾਲ ਹੀ ਐਲਾਨ ਵੀ ਕਰ ਦਿੱਤਾ ਸੀ। ਚੋਣ ਕਮਿਸ਼ਨ ਨੇ ਉਸ ਸਮੇਂ ਕਿਹਾ ਸੀ ਕਿ ਵੋਟਰ ਲਿਸਟਾਂ ਦੀ ਗਹਿਰੀ ਸੁਧਾਈ ਬਿਹਾਰ ਵਿੱਚ 2003 ਵਿੱਚ ਅਤੇ ਬਾਕੀ ਰਾਜਾਂ ਵਿੱਚ 2002 ਤੋਂ 2004 ਦਰਮਿਆਨ ਹੋਈ ਸੀ। ਇਸ ਲੰਮੇ ਸਮੇਂ ਦੌਰਾਨ ਬਹੁਤ ਸਾਰੇ ਵੋਟਰਾਂ ਦੀ ਮੌਤ ਹੋ ਗਈ ਹੈ, ਬਹੁਤ ਸਾਰਿਆਂ ਨੇ ਆਪਣੇ ਰਹਿਣ ਦੇ ਸਥਾਨ ਬਦਲ ਲਏ ਹਨ ਅਤੇ ਕੁਝ ਦੂਜੇ ਦੇਸ਼ਾਂ ਤੋਂ ਵਿਦੇਸ਼ੀ ਨਾਗਰਿਕ ਆ ਕੇ ਵੀ ਆਪਣੀਆਂ ਵੋਟਾਂ ਬਣਵਾ ਚੁੱਕੇ ਹਨ। ਇਨ੍ਹਾਂ ਸਾਰੇ ਸਰੋਕਾਰਾਂ ਨੂੰ ਮੁੱਖ ਰੱਖ ਕੇ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਦੀ ਜ਼ਰੂਰਤ ਹੈ।

ਬਿਹਾਰ ਵਿੱਚ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਚੋਣ ਕਮਿਸ਼ਨ ਵੱਲੋਂ 24 ਜੂਨ, 2025 ਨੂੰ ਸ਼ੁਰੂ ਕੀਤੀ ਗਈ ਸੀ। ਪਹਿਲਾਂ ਇਸ ਲਈ 11 ਪ੍ਰਮਾਣ ਪੱਤਰ ਮੰਗੇ ਗਏ ਸਨ। ਉਸ ਤੋਂ ਬਾਅਦ ਜਦੋਂ ਵੋਟਰ ਲਿਸਟਾਂ ਦੀ ਗਹਿਰੀ ਸੁਧਾਈ ਸੰਬੰਧੀ ਸ਼ਿਕਾਇਤਾਂ ਤੇ ਬੇਨਿਯਮੀਆਂ ਸਾਹਮਣੇ ਆਈਆਂ ਅਤੇ ਇਨ੍ਹਾਂ ਨੂੰ ਮੁੱਖ ਰੱਖ ਕੇ ਐਸੋਸੀਏਸ਼ਨ ਫਾਰ ਡੈਮੋਕ੍ਰੇਟ ਰਿਫੋਰਮਜ਼ (ਏ.ਡੀ.ਆਰ.) ਅਤੇ ਹੋਰ ਵਿਰੋਧੀ ਪਾਰਟੀਆਂ ਸੁਪਰੀਮ ਕੋਰਟ ਵਿੱਚ ਚਲੇ ਗਈਆਂ ਤਾਂ ਸੁਪਰੀਮ ਕੋਰਟ ਨੇ ਵੋਟਰ ਲਿਸਟਾਂ ਦੀ ਸੁਧਾਈ ਸੰਬੰਧੀ ਵੱਖ-ਵੱਖ ਮਿਤੀਆਂ ਨੂੰ ਲੰਮੀ ਸੁਣਵਾਈ ਕੀਤੀ। ਇਸ ਦੌਰਾਨ ਸਰਬ ਉੱਚ ਅਦਾਲਤ ਨੇ ਚੋਣ ਕਮਿਸ਼ਨ ਨੂੰ ਆਦੇਸ਼ ਦਿੱਤਾ ਕਿ ਆਧਾਰ ਕਾਰਡ ਨੂੰ ਵੀ ਮੰਗੇ ਗਏ ਪ੍ਰਮਾਣ ਪੱਤਰਾਂ ਵਿੱਚ ਸ਼ਾਮਿਲ ਕੀਤਾ ਜਾਵੇ। ਚੋਣ ਕਮਿਸ਼ਨ ਨੇ ਇਸ ਸੰਬੰਧੀ ਬਾਅਦ ਵਿੱਚ ਇਹ ਵੀ ਸਪੱਸ਼ਟ ਕੀਤਾ ਸੀ ਕਿ ਆਧਾਰ ਕਾਰਡ ਸਮੇਤ ਮੰਗੇ ਗਏ 12 ਪ੍ਰਮਾਣ ਪੱਤਰਾਂ ਵਿਚੋਂ ਕੋਈ ਵੀ ਇੱਕ ਪ੍ਰਮਾਣ ਪੱਤਰ ਲਾ ਕੇ ਵੋਟਰ ਨਿਰਧਾਰਿਤ ਵੋਟਰ ਗਿਣਤੀ ਫਾਰਮ ਭਰ ਕੇ ਬੂਥ ਪੱਧਰ ਦੇ ਅਧਿਕਾਰੀ (ਬੀ.ਐਲ.ਓਜ਼.) ਨੂੰ ਦੇ ਸਕਦੇ ਹਨ। ਬੀ.ਐਲ.ਓਜ਼ ਨੂੰ ਵੀ ਇਹ ਕਿਹਾ ਗਿਆ ਸੀ ਕਿ ਉਹ ਹਰ ਵੋਟਰ ਦੇ ਘਰ ਜਾ ਕੇ ਉਸ ਦੀ ਫਾਰਮ ਭਰਨ ਵਿੱਚ ਸਹਾਇਤਾ ਕਰਨ ਅਤੇ ਉਹ ਕੁੱਲ 2 ਫਾਰਮ ਭਰਨ ਇੱਕ ਜੋ ਵੋਟਰ ਕੋਲ ਰਹੇਗਾ ਅਤੇ ਦੂਜਾ ਜੋ ਸੰਬੰਧਿਤ ਇਲੈਕਸ਼ਨ ਰਜਿਸਟਰਾਰ (ਈ.ਆਰ.ਓ.) ਨੂੰ ਭੇਜਿਆ ਜਾਏਗਾ। ਬਿਹਾਰ ਵਿੱਚ ਵੋਟਰ ਲਿਸਟਾਂ ਦੀ ਗਹਿਰੀ ਸੁਧਾਈ ਲਈ 24 ਜੂਨ ਤੋਂ 24 ਜੁਲਾਈ ਤੱਕ ਸਿਰਫ਼ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਅਤੇ ਇਸ ਤੋਂ ਬਾਅਦ ਅੰਤਰਿਮ ਵੋਟਰ ਸੂਚੀਆਂ ਦਾ ਖਰੜਾ ਪ੍ਰਕਾਸ਼ਿਤ ਕੀਤਾ ਗਿਆ। ਫਿਰ ਇਨ੍ਹਾਂ ਸੰਬੰਧੀ ਇੱਕ ਮਹੀਨੇ ਤੱਕ ਰਹਿ ਗਏ ਵੋਟਰਾਂ ਨੂੰ ਵੋਟਰ ਬਣਨ ਲਈ ਅਤੇ ਗ਼ਲਤ ਬਣੀਆਂ ਵੋਟਾਂ ਸੰਬੰਧੀ ਇਤਰਾਜ਼ ਦਾਖ਼ਲ ਕਰਨ ਲਈ ਸਮਾਂ ਦਿੱਤਾ ਗਿਆ। ਇਸ ਤੋਂ ਬਾਅਦ ਅੰਤਿਮ ਵੋਟਰ ਲਿਸਟਾਂ ਪ੍ਰਕਾਸ਼ਿਤ ਕਰ ਦਿੱਤੀਆਂ ਗਈਆਂ। ਚੋਣ ਕਮਿਸ਼ਨ ਨੇ ਅੰਤਰਿਮ ਵੋਟਰ ਸੂਚੀਆਂ ਪ੍ਰਕਾਸ਼ਿਤ ਕਰਨ ਤੋਂ ਬਾਅਦ ਇਹ ਦਾਅਵਾ ਕੀਤਾ ਸੀ ਕਿ ਇਹ ਵੋਟਰ ਸੂਚੀਆਂ ਹੁਣ ਪੂਰੀ ਤਰ੍ਹਾਂ ਨੁਕਸ ਰਹਿਤ ਹਨ। ਇਨ੍ਹਾਂ ਵੋਟਰ ਸੂਚੀਆਂ ਦੇ ਆਧਾਰ ’ਤੇ ਹੀ ਹੁਣ ਬਿਹਾਰ ਵਿੱਚ ਵਿਧਾਨ ਸਭਾ ਦੀਆਂ ਦੋ ਪੜਾਵਾਂ ਵਿੱਚ ਚੋਣਾਂ ਹੋ ਰਹੀਆਂ ਹਨ। ਪਹਿਲੇ ਪੜਾਅ ਦੌਰਾਨ 6 ਨਵੰਬਰ ਨੂੰ ਵੋਟਾਂ ਪੈਣਗੀਆਂ ਅਤੇ ਦੂਜੇ ਪੜਾਅ ਦੌਰਾਨ 11 ਨਵੰਬਰ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 14 ਨਵੰਬਰ ਨੂੰ ਆਉਣਗੇ। ਵੋਟਰ ਲਿਸਟਾਂ ਦੀ ਬਿਹਾਰ ਵਿੱਚ ਕੀਤੀ ਗਈ ਵਿਸ਼ੇਸ਼ ਗਹਿਰੀ ਸੁਧਾਈ ਦਾ ਇੱਕ ਅਹਿਮ ਪੱਖ ਇਹ ਰਿਹਾ ਹੈ ਕਿ ਪਹਿਲਾਂ ਹਰ ਯੋਗ ਵੋਟਰ ਨੂੰ ਵੋਟਰ ਲਿਸਟ ਵਿੱਚ ਸ਼ਾਮਿਲ ਕਰਨ ਦੀ ਪੂਰੀ ਜ਼ਿੰਮੇਵਾਰੀ ਚੋਣ ਕਮਿਸ਼ਨ ਦੀ ਸੀ, ਪਰ ਬਿਹਾਰ ਵਿੱਚ ਵੋਟਰ ਲਿਸਟਾਂ ਦੀ 24 ਜੂਨ ਤੋਂ ਆਰੰਭ ਕੀਤੀ ਗਈ ਵਿਸ਼ੇਸ਼ ਗਹਿਰੀ ਸੁਧਾਈ ਨਾਲ ਚੋਣ ਕਮਿਸ਼ਨ ਵਾਲੀ ਇਹ ਜ਼ਿੰਮੇਵਾਰੀ ਪੂਰੀ ਤਰ੍ਹਾਂ ਵੋਟਰ ਉੱਪਰ ਪਾ ਦਿੱਤੀ ਗਈ। ਭਾਵੇਂ ਬੂਥ ਪੱਧਰ ਦੇ ਚੋਣ ਅਧਿਕਾਰੀਆਂ ਨੂੰ ਹਰ ਵੋਟਰ ਦੇ ਘਰ ਜਾ ਕੇ ਫਾਰਮ ਭਰਨ ਅਤੇ ਲੋੜੀਂਦੇ ਪ੍ਰਮਾਣ ਪੱਤਰ ਹਾਸਿਲ ਕਰਨ ਲਈ ਕਿਹਾ ਗਿਆ ਸੀ ਪਰ ਫਿਰ ਵੀ ਵੋਟਰ ਬਣਨ ਜਾਂ ਨਾ ਬਣਨ ਦੀ ਜ਼ਿੰਮੇਵਾਰੀ ਹੁਣ ਵੋਟਰ ਦੀ ਹੀ ਮਿੱਥੀ ਗਈ ਹੈ। ਚੋਣ ਕਮਿਸ਼ਨ ਵਲੋਂ ਵੋਟਰ ਲਿਸਟਾਂ ਦੀ ਸੁਧਾਈ ਸੰਬੰਧੀ ਆਪਣੇ ਕੰਮ ਵਿਚ ਕੀਤੀ ਗਈ ਇਸ ਵੱਡੀ ਤਬਦੀਲੀ ਨਾਲ ਵੱਡੀ ਗਿਣਤੀ ਵਿੱਚ ਜੇਕਰ ਯੋਗ ਵੋਟਰ, ਵੋਟਰ ਲਿਸਟਾਂ ਤੋਂ ਬਾਹਰ ਰਹਿ ਜਾਂਦੇ ਹਨ ਤਾਂ ਇਸ ’ਤੇ ਚੋਣ ਕਮਿਸ਼ਨ ’ਤੇ ਕੋਈ ਹਰਫ਼ ਨਹੀਂ ਆਏਗਾ, ਸਗੋਂ ਸੰਬੰਧਿਤ ਵੋਟਰਾਂ ਨੂੰ ਹੀ ਇਸ ਲਈ ਜ਼ਿੰਮੇਵਾਰ ਸਮਝਿਆ ਜਾਵੇਗਾ। ਭਾਰਤ ਵਰਗਾ ਅਜੇ ਵੀ ਗਰੀਬ ਤੇ ਪਿਛੜਿਆ ਦੇਸ਼, ਜਿਥੇ ਵੱਡੀ ਗਿਣਤੀ ਵਿੱਚ ਲੋਕ ਅਨਪੜ੍ਹ ਜਾਂ ਅੱਧਪੜ੍ਹੇ ਹਨ, ਉਥੇ ਅਜਿਹੀ ਜ਼ਿੰਮੇਵਾਰੀ ਵੋਟਰਾਂ ’ਤੇ ਪਾਉਣ ਨੂੰ ਕਿਸੇ ਵੀ ਤਰ੍ਹਾਂ ਸਹੀ ਨਹੀਂ ਕਿਹਾ ਜਾ ਸਕਦਾ। ਇਸੇ ਕਰਕੇ ਵੱਖ-ਵੱਖ ਸਿਆਸੀ ਪਾਰਟੀਆਂ, ਮੀਡੀਆ ਅਤੇ ਹੋਰ ਸਿਆਸੀ ਮਾਹਿਰਾਂ ਵਲੋਂ ਚੋਣ ਕਮਿਸ਼ਨ ਦੀ ਇਸ ਨੀਤੀ ਦੀ ਆਲੋਚਨਾ ਵੀ ਕੀਤੀ ਜਾ ਰਹੀ ਹੈ।



ਸਵਾਲ ਪੈਦਾ ਹੁੰਦਾ ਹੈ ਕਿ ਚੋਣ ਕਮਿਸ਼ਨ ਵੱਲੋਂ ਬਿਹਾਰ ਵਿੱਚ ਜੋ ਵੋਟਰ ਲਿਸਟਾਂ ਦੀ ਗਹਿਰੀ ਸੁਧਾਈ ਕੀਤੀ ਗਈ ਹੈ ਅਤੇ ਇਸ ਤੋਂ ਬਾਅਦ ਦੇਸ਼ ਦੇ 9 ਰਾਜਾਂ ਅਤੇ 3 ਕੇਂਦਰ ਪ੍ਰਸ਼ਾਸਿਤ ਇਲਾਕਿਆਂ ਵਿੱਚ ਦੂਜੇ ਪੜਾਅ ਵਜੋਂ 51 ਕਰੋੜ ਵੋਟਰਾਂ ’ਤੇ ਆਧਾਰਿਤ ਵੋਟਰ ਲਿਸਟਾਂ ਦੀ ਜੋ ਵਿਸ਼ੇਸ਼ ਗਹਿਰੀ ਸੁਧਾਈ ਦਾ ਕਾਰਜ ਹੱਥ ਵਿਚ ਲਿਆ ਜਾ ਰਿਹਾ ਹੈ, ਕੀ ਇਸ ਨਾਲ ਵੋਟਰ ਲਿਸਟਾਂ ਪੂਰੀ ਤਰ੍ਹਾਂ ਨੁਕਸ ਰਹਿਤ ਹੋ ਜਾਣਗੀਆਂ? ਜਾਂ ਕੀ ਬਿਹਾਰ ਵਿੱਚ ਜਿਸ ਢੰਗ ਨਾਲ ਚੋਣ ਕਮਿਸ਼ਨ ਨੇ ਵੋਟਰ ਲਿਸਟਾਂ ਦੀ ਵਿਸ਼ੇਸ਼ ਗਹਿਰੀ ਸੁਧਾਈ ਕੀਤੀ ਹੈ, ਉਸ ਨਾਲ ਬਿਹਾਰ ਦੀ ਵੋਟਰ ਲਿਸਟ ਪੂਰੀ ਤਰ੍ਹਾਂ ਨੁਕਸ ਰਹਿਤ ਹੋ ਗਈ ਹੈ? ਇਨ੍ਹਾਂ ਸੁਆਲਾਂ ਦੇ ਜਵਾਬ ਲੱਭਣ ਲਈ ਪਹਿਲਾਂ ਸਾਨੂੰ ਬਿਹਾਰ ਦੀਆਂ ਵੋਟਰ ਲਿਸਟਾਂ ਵਿਚ ਰਹੇ ਨੁਕਸਾਂ ਬਾਰੇ ਚਰਚਾ ਕਰਨੀ ਪਵੇਗੀ। ਭਾਵੇਂ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਦੇ ਕੰਮ-ਕਾਰ ਦੀ ਨਜ਼ਰਸਾਨੀ ਕਰਦਿਆਂ ਵੋਟਰ ਲਿਸਟਾਂ ਦੀ ਗਹਿਰੀ ਸੁਧਾਈ ਦੇ ਅਮਲ ਨੂੰ ਪਾਰਦਰਸ਼ੀ ਅਤੇ ਦੋਸ਼ ਰਹਿਤ ਬਣਾਉਣ ਲਈ ਪੂਰੀ ਗੰਭੀਰਤਾ ਨਾਲ ਕੰਮ ਕੀਤਾ ਹੈ ਪਰ ਚੋਣ ਕਮਿਸ਼ਨ ਦੀ ਹੇਠਲੇ ਪੱਧਰ ’ਤੇ ਨਾਕਸ ਕਾਰਗੁਜ਼ਾਰੀ ਕਾਰਨ ਅਤੇ ਵਿਰੋਧੀ ਪਾਰਟੀਆਂ ਵਲੋਂ ਵੀ ਇਸ ਅਮਲ ਵਿਚ ਆਪਣੇ ਬੂਥ ਪੱਧਰ ਦੇ ਏਜੰਟਾਂ ਰਾਹੀਂ ਗਹਿਰੀ ਦਿਲਚਸਪੀ ਨਾ ਲਏ ਜਾਣ ਕਾਰਨ ਬਿਹਾਰ ਦੀਆਂ ਵੋਟਰ ਸੂਚੀਆਂ ਅਜੇ ਵੀ ਨੁਕਸ ਰਹਿਤ ਨਹੀਂ ਬਣ ਸਕੀਆਂ। ਚੋਣ ਕਮਿਸ਼ਨ ਵਲੋਂ ਇਹ ਦਾਅਵਾ ਕੀਤਾ ਗਿਆ ਸੀ ਕਿ ਬਿਹਾਰ ਵਿੱਚ ਉਸ ਦੇ ਬੂਥ ਪੱਧਰ ਦੇ ਅਧਿਕਾਰੀ ਘਰ-ਘਰ ਜਾਣਗੇ, ਵੋਟਰਾਂ ਦੇ ਫਾਰਮ ਭਰਨਗੇ ਤੇ ਉਨ੍ਹਾਂ ਨਾਲ ਪ੍ਰਮਾਣ ਪੱਤਰ ਲਾ ਕੇ ਫਾਰਮ ਆਨਲਾਈਨ ਚੋਣ ਕਮਿਸ਼ਨ ਨੂੰ ਭੇਜਣਗੇ। ਇਹ ਵੀ ਕਿਹਾ ਗਿਆ ਸੀ ਕਿ ਇਹ ਫਾਰਮ ਡਬਲ ਭਰੇ ਜਾਣਗੇ ਤੇ ਫਾਰਮਾਂ ਦੀ ਇੱਕ-ਇੱਕ ਕਾਪੀ ਸੰਬੰਧਿਤ ਵੋਟਰ ਨੂੰ ਦਿੱਤੀ ਜਾਵੇਗੀ। ਪਰ ਮੀਡੀਆ ਨੇ ਬਿਹਾਰ ਵਿਚ ਇਸ ਸਾਰੇ ਅਮਲ ਦੀ ਜੋ ਕਵਰੇਜ਼ ਕੀਤੀ ਹੈ ਉਸ ਤੋਂ ਇਹ ਤੱਤ ਸਾਹਮਣੇ ਆਏ ਸਨ ਕਿ ਬੂਥ ਪੱਧਰ ਦੇ ਅਧਿਕਾਰੀ ਵੋਟਰਾਂ ਦੇ ਘਰੋ-ਘਰੀ ਨਹੀਂ ਗਏ, ਸਗੋਂ ਉਨ੍ਹਾਂ ਨੇ ਆਪਣੇ ਤੌਰ ’ਤੇ ਹੀ ਵੋਟਰਾਂ ਦੇ ਪੁਰਾਣੀਆਂ ਸੂਚੀਆਂ ਨੂੰ ਆਧਾਰ ਬਣਾ ਕੇ ਫਾਰਮ ਭਰ ਦਿੱਤੇ। ਭਾਵੇਂ ਚੋਣ ਕਮਿਸ਼ਨ ਨੇ ਨਿਰਧਾਰਿਤ ਪਹਿਲਾਂ 11 ਅਤੇ ਬਾਅਦ ਵਿੱਚ ਆਧਾਰ ਕਾਰਡ ਸਮੇਤ ਕੁੱਲ 12 ਪ੍ਰਮਾਣ ਪੱਤਰਾਂ ਵਿਚੋਂ ਕੋਈ ਇਕ ਵੋਟਰ ਫਾਰਮ ਦੇ ਨਾਲ ਲਾਉਣ ਲਈ ਕਿਹਾ ਸੀ, ਪਰ ਸਮੇਂ ਦੀ ਕਮੀ ਕਾਰਨ ਬੂਥ ਪੱਧਰ ਦੇ ਅਧਿਕਾਰੀਆਂ ਨੇ ਬਿਨਾਂ ਪ੍ਰਮਾਣ ਪੱਤਰਾਂ ਤੋਂ ਹੀ ਵੋਟਰਾਂ ਦੇ ਆਪ ਫਾਰਮ ਭਰ ਕੇ ਕਾਹਲੀ ਵਿਚ ਚੋਣ ਕਮਿਸ਼ਨ ਨੂੰ ਭੇਜ ਦਿੱਤੇ ਅਤੇ ਬਾਅਦ ਵਿਚ ਇਨ੍ਹਾਂ ਫਾਰਮਾਂ ਵਿੱਚ ਦਿੱਤੇ ਗਏ ਤੱਥਾਂ ਦੀ ਠੀਕ ਤਰ੍ਹਾਂ ਨਾਲ ਪੜਤਾਲ ਵੀ ਨਹੀਂ ਕੀਤੀ ਜਾ ਸਕੀ, ਕਿਉਂਕਿ ਚੋਣ ਕਮਿਸ਼ਨ ਨੇ ਵੋਟਰ ਲਿਸਟਾਂ ਦੀ ਵਿਸ਼ੇਸ਼ ਗਹਿਰੀ ਸੁਧਾਈ ਲਈ ਸਮਾਂ ਬਹੁਤ ਘੱਟ ਰੱਖਿਆ ਹੋਇਆ ਸੀ, ਜਦੋਂ ਕਿ 2003 ਵਿੱਚ ਇਸ ਤਰ੍ਹਾਂ ਦੀਆਂ ਵੋਟਰ ਲਿਸਟਾਂ ਦੀ ਸੁਧਾਈ ਦਾ ਅਮਲ 8 ਮਹੀਨਿਆਂ ਵਿੱਚ ਪੂਰਾ ਹੋਇਆ ਸੀ ਅਤੇ ਉਦੋਂ ਚੋਣ ਕਮਿਸ਼ਨ ਨੇ ਵੋਟਰਾਂ ਤੋਂ ਕਿਸੇ ਤਰ੍ਹਾਂ ਦਾ ਕੋਈ ਪ੍ਰਮਾਣ ਪੱਤਰ ਵੀ ਨਹੀਂ ਸੀ ਮੰਗਿਆ। ਇਸ ਸੰਬੰਧੀ ਸਾਰਾ ਕੰਮ ਚੋਣ ਕਮਿਸ਼ਨ ਦੇ ਬੂਥ ਪੱਧਰ ਦੇ ਅਧਿਕਾਰੀਆਂ ਵੱਲੋਂ ਹੀ ਕੀਤਾ ਗਿਆ ਸੀ। ਜੇ ਬਿਹਾਰ ਦੀ ਗੱਲ ਕਰੀਏ ਤਾਂ ਅੰਤਿਮ ਵੋਟਰ ਲਿਸਟ ਵਿੱਚ ਵੀ ਕਾਹਲੀ-ਕਾਹਲੀ ਵਿੱਚ ਲੱਖਾਂ ਹੀ ਗਲਤੀਆਂ ਰਹਿ ਗਈਆਂ ਅਤੇ ਸ਼ੱਕੀ ਐਡਰੈੱਸਾਂ ’ਤੇ ਬਣੇ ਬਹੁਤ ਸਾਰੇ ਵੋਟਰ ਵੀ ਬਣੇ ਹੀ ਰਹਿ ਗਏ ਅਤੇ ਬਹੁਤ ਸਾਰੇ ਮਰ ਚੁੱਕੇ ਲੋਕਾਂ ਦੀਆਂ ਵੋਟਾਂ ਵੀ ਬਣੀਆਂ ਰਹਿ ਗਈਆਂ। ਇਸ ਸੰਬੰਧੀ ‘ਦਾ ਰਿਪੋਰਟਜ਼ ਕੁਲੈਕਟਿਵ’ ਨਾਂਅ ਦੀ ਸੰਸਥਾ ਵੱਲੋਂ ਆਯੂਸ਼ੀ ਅਤੇ ਵਿਸ਼ਨੂੰ ਨਰਾਇਣ ਵੱਲੋਂ ਪੂਰੇ ਬਿਹਾਰ ਦੀਆਂ ਬਣੀਆਂ ਅੰਤਿਮ ਵੋਟਰ ਸੂਚੀਆਂ ਦੀ ਗਹਿਰਾਈ ਨਾਲ ਪੜਤਾਲ ਕਰਨ ਤੋਂ ਬਾਅਦ ਇੱਕ ਰਿਪੋਰਟ ਵਿੱਚ ਇਹ ਤੱਥ ਸਾਹਮਣੇ ਲਿਆਂਦੇ ਗਏ ਹਨ ਕਿ ਬਿਹਾਰ ਦੇ 243 ਵਿਧਾਨ ਸਭਾ ਹਲਕਿਆਂ ਵਿੱਚ 14.30 ਲੱਖ ਵੋਟਰ ਡਬਲ ਪਾਏ ਗਏ ਹਨ।

(ਬਾਕੀ ਸਫ਼ਾ 27 ’ਤੇ)

# ਭਾਰਤ ਭੁੱਖਮਰੀ ’ਚ 122 ਦੇਸ਼ਾਂ ’ਚੋਂ 102ਵੇਂ ਸਥਾਨ ’ਤੇ ਕਿਉਂ ?





ਡਾ. ਅਮਨਪ੍ਰੀਤ ਸਿੰਘ ਬਰਾੜ

ਖ਼ੁਰਾਕ ਜੀਵਨ ਦੀ ਮੁਢਲੀ ਲੋੜ ਹੈ ਪਰ ਆਮ ਤੌਰ ’ਤੇ ਅਸੀਂ ਪਾਣੀ ਦੀ ਹੀ ਗੱਲ ਕਰਦੇ ਹਾਂ ਕਿ ਪਾਣੀ ਜੀਵਨ ਹੈ। ਅਸਲ ਵਿੱਚ ਖ਼ੁਰਾਕ ਪਾਣੀ ਤੋਂ ਪੈਦਾ ਹੁੰਦੀ ਹੈ। ਜਿੱਥੇ ਪਾਣੀ ਹੈ, ਉੱਥੇ ਹੀ ਖ਼ੁਰਾਕ ਪੈਦਾ ਹੋਵੇਗੀ ਤੇ ਜਿੱਥੇ ਖ਼ੁਰਾਕ ਹੈ, ਉੱਥੇ ਸਿਹਤਮੰਦ ਤੇ ਨਰੋਆ ਜੀਵਨ ਹੈ। ਇਨਸਾਨ ਨੇ ਤਰੱਕੀ ਤਾਂ ਬਹੁਤ ਕਰ ਲਈ ਪਰ ਅੱਜ ਵੀ ਵਿਸ਼ਵ ਖ਼ੁਰਾਕੀ ਸੰਕਟ ਤੋਂ ਨਿਸ਼ਚਿੰਤ ਨਹੀਂ ਹੋਇਆ। ਅੱਜ ਵੀ ਕਈ ਦੇਸ਼ਾਂ ’ਚ ਆਬਾਦੀ ਦਾ ਅਤੀ ਗ਼ਰੀਬ ਵਰਗ ਰੋਜ਼ਾਨਾ ਰੋਟੀ ਨਹੀਂ ਖਾ ਸਕਦਾ। ਸਾਡੇ ਆਪਣੇ ਦੇਸ਼ ਵਿਚ 80 ਕਰੋੜ ਤੋਂ ਵੱਧ ਲੋਕਾਂ ਨੂੰ ਪੰਜ ਕਿਲੋ ਅਨਾਜ ਮੁਫ਼ਤ ਮੁਹੱਈਆ ਕਰਵਾਇਆ ਜਾ ਰਿਹਾ ਹੈ। ਫਿਰ ਵੀ ਸਾਡਾ ਦੇਸ਼ ਭੁੱਖਮਰੀ ’ਚ 122 ਦੇਸ਼ਾਂ ’ਚੋਂ 102ਵੇਂ ਸਥਾਨ ’ਤੇ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਸੰਯੁਕਤ ਰਾਸ਼ਟਰ ਨੇ 1945 ਤੋਂ 16 ਅਕਤੂਬਰ ਦਾ ਦਿਨ ਵਿਸ਼ਵ ਖ਼ੁਰਾਕ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ ਸੀ। ਉਸ ਵੇਲੇ ਖ਼ੁਰਾਕ ਪੱਖੋਂ ਭਾਰਤ ਦੀ ਸਥਿਤੀ ਵੀ ਕਾਫ਼ੀ ਨਾਜ਼ੁਕ ਸੀ। ਇੱਥੋਂ ਤੱਕ ਕਿ 1965 ਦੀ ਭਾਰਤ-ਪਾਕਿਸਤਾਨ ਜੰਗ ’ਤੇ ਵੀ ਖ਼ੁਰਾਕ ਪੱਖੋਂ ਆਤਮਨਿਰਭਰ ਨਾ ਹੋਣ ਦਾ ਅਸਰ ਪਿਆ ਸੀ। ਉਸ ਵੇਲੇ ਅਸੀਂ ਅਮਰੀਕਾ ਤੋਂ ਪੀਐੱਲ-480 ਕਾਨੂੰਨ ਹੇਠ ਕਣਕ ਮੰਗਵਾਉਂਦੇਸਾਂ। ਪੀਐੱਲ (ਪਬਲਿਕ ਲਾਅ) ਦਾ ਮਤਲਬ ਸੀ ਕਿ ਕਣਕ ਦੀ ਕੀਮਤ ਦਾ ਪੈਸਾ ਭਾਰਤ ਵਿਚ ਹੀ ਖ਼ਰਚਿਆ ਜਾਵੇਗਾ। ਅਮਰੀਕਾ ਨੇ ਧਮਕੀ ਦਿੱਤੀ ਸੀ ਕਿ ਜੇ ਜੰਗ ਨਹੀਂ ਰੋਕਦੇ ਤਾਂ ਅਸੀਂ ਇਸ ਕਾਨੂੰਨ ਅਧੀਨ ਕਣਕ ਦੇਣੀ ਬੰਦ ਕਰ ਦੇਵਾਂਗੇ। ਉਸ ਸਮੇਂ ਭਾਰਤ ਸਰਕਾਰ ਨੇ ਖ਼ੁਰਾਕੀ ਆਤਮਨਿਰਭਰਤਾ ਵਧਾਉਣ ਲਈ ਜਿੱਥੇ ਖੇਤੀ ’ਚ ਨਵੀਆਂ ਖੋਜਾਂ ਅਤੇ ਤਕਨੀਕਾਂ ਵੱਲ ਕਦਮ ਵਧਾਏ, ਉੱਥੇ ਹੀ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਉਪਜ ਨੂੰ ਮਿੱਥੇ ਭਾਅ ’ਤੇ ਖ਼ਰੀਦਣ ਦਾ ਵਾਅਦਾ ਵੀ ਕੀਤਾ, ਜਿਸ ਨੂੰ ਐਮ.ਐੱਸ.ਪੀ. (ਘੱਟੋ ਘੱਟ ਸਮਰਥਨ ਮੁੱਲ) ਦਾ ਨਾਂਅ ਦਿੱਤਾ ਗਿਆ। ਸੋਚਣ ਵਾਲੀ ਗੱਲ ਇਹ ਹੈ ਕਿ, ਕੀ ਅਸੀਂ ਅਨਾਜ ਸੰਬੰਧੀ ਵਾਕਿਆ ਹੀ ਆਤਮਨਿਰਭਰ ਹਾਂ ? ਸਵਾਲ ਇਹ ਹੈ ਕਿ ਜੇ ਆਤਮਨਿਰਭਰ ਹਾਂ ਤਾਂ ਭੁੱਖਮਰੀ ਸੂਚੀ ਵਿਚ ਪਿੱਛੇ ਕਿਉਂ ਹਾਂ ?

ਸੰਯੁਕਤ ਰਾਸ਼ਟਰ ਦੀ ਖ਼ੁਰਾਕ ਤੇ ਖੇਤੀਬਾੜੀ ਸੰਸਥਾ ਨੇ ਭੋਜਨ ਆਤਮਨਿਰਭਰਤਾ ਨੂੰ ਤਿੰਨ ਹਿੱਸਿਆਂ ’ਚ ਵੰਡਿਆ ਹੈ। ਪਹਿਲਾ ਜੇ ਪੈਦਾਵਾਰ ਲੋੜ ਤੋਂ 80 ਫ਼ੀਸਦੀ ਤੋਂ ਘੱਟ ਹੋਏ ਤਾਂ ਉੱਥੇ ਭੁੱਖਮਰੀ ਹੈ, ਦੂਜਾ ਜੇ ਲੋੜ ਤੋਂ 80 ਤੋਂ 120 ਫ਼ੀਸਦੀ ਹੋਏ ਤਾਂ ਆਤਮਨਿਰਭਰ ਅਤੇ ਤੀਜਾ ਜੇ 120 ਫ਼ੀਸਦੀ ਤੋਂ ਵੱਧ ਹੋਵੇ ਤਾਂ ਸਰਪਲੱਸ ਹੈ। ਸਾਡਾ ਦੇਸ਼ ਇਸ ਵੇਲੇ ਦੂਜੇ ਗਰੁੱਪ ਵਿੱਚ ਚੀਨ, ਬੋਲੀਵੀਆ ਅਤੇ ਤਨਜ਼ਾਨੀਆ ਨਾਲ ਆਤਮਨਿਰਭਰਤਾ ’ਚ ਆਉਂਦਾ ਹੈ।

ਅੱਜ ਅਸੀਂ ਇਸ ਗੱਲ ਦੀ ਘੋਖ ਕਰਦੇ ਹਾਂ ਕਿ ਖਾਣ ਵਾਲੀਆਂ ਵਸਤੂਆਂ ਦੀ ਕੁੱਲ ਪੈਦਾਵਾਰ ਸਾਡੇ ਦੇਸ਼ ਵਿੱਚ ਕਿੰਨੀ ਹੈ ਤੇ ਕੀ ਉਹ ਪ੍ਰਤੀ ਜੀਅ ਨਿਰਧਾਰਤ ਖ਼ੁਰਾਕ ਦੇ ਬਰਾਬਰ ਹੈ। ਆਜ਼ਾਦੀ ਤੋਂ ਬਾਅਦ ਦੇਸ਼ ’ਚ ਪਹਿਲੀ ਵਾਰ 1962 ਵਿੱਚ ਇੱਕ ਸਰਵੇਖਣ ਹੋਇਆ ਸੀ ਕਿ ਕਿੰਨੇ ਲੋਕ ਦੇਸ਼ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਹਨ। ਇਸ ਲਈ ਪਹਿਲੀ ਵਾਰ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੇ ਨਿਰਧਾਰਤ ਕੀਤਾ ਕਿ ਆਮ ਇਨਸਾਨ ਦੀ ਚੰਗੀ ਸਿਹਤ ਲਈ ਰੋਜ਼ਾਨਾ ਪੇਂਡੂ ਖੇਤਰ



’ਚ 2400 ਕਿੱਲੋ ਕੈਲੋਰੀ ਤੇ ਸ਼ਹਿਰੀ ਖੇਤਰ ਲਈ 2100 ਕਿੱਲੋ ਕੈਲੋਰੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜਿਸ ਇਨਸਾਨ ਦੀ ਖ਼ੁਰਾਕ ਦੀ ਲੋੜ ਪੂਰੀ ਨਹੀਂ ਹੁੰਦੀ, ਉਸ ਨੂੰ ਗ਼ਰੀਬੀ ਰੇਖਾ ਤੋਂ ਹੇਠਾਂ ਗਿਣਿਆ ਜਾਵੇ। ਹੁਣ ਗੱਲ ਕਰਦੇ ਹਾਂ ਭਾਰਤ ਦੀ ਆਬਾਦੀ ਦੀ, ਜੋ ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਕ 2024 ’ਚ 145 ਕਰੋੜ ਹੈ। ਭਾਰਤ ਵਿੱਚ ਇਸ ਸਮੇਂ ਪੈਦਾ ਹੁੰਦੀ ਖ਼ੁਰਾਕ ਦੇ ਹਿਸਾਬ ਨਾਲ ਪ੍ਰਤੀ ਜੀਅ, ਪ੍ਰਤੀ ਦਿਨ 210 ਗ੍ਰਾਮ ਚੌਲ, 190 ਗ੍ਰਾਮ ਕਣਕ, 59 ਗ੍ਰਾਮ ਮੋਟਾ ਅਨਾਜ (ਮੱਕੀ, ਬਾਜਰਾ, ਰਾਗੀ ਆਦਿ), 28 ਗ੍ਰਾਮ ਦਾਲਾਂ, 31 ਗ੍ਰਾਮ ਖਾਣ ਵਾਲਾ ਤੇਲ, 200 ਗ੍ਰਾਮ ਫ਼ਲ ਤੇ ਸਬਜ਼ੀਆਂ, 375 ਗ੍ਰਾਮ ਦੁੱਧ, 24 ਗ੍ਰਾਮ ਮੱਛੀ, 15 ਗ੍ਰਾਮ ਮੀਟ ਅਤੇ ਹਰ 5 ਦਿਨ ਬਾਅਦ ਇਕ ਆਂਡਾ ਦਿੱਤਾ ਜਾ ਸਕਦਾ ਹੈ। ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅੰਕੜੇ ਕੁੱਲ ਪੈਦਾਵਾਰ ’ਤੇ ਆਧਾਰਿਤ ਹਨ। ਜੋ ਅੰਨ, ਫਲ, ਸਬਜ਼ੀਆਂ ਖਰਾਬ ਹੋ ਜਾਂਦੇ ਹਨ, ਉਸ ਨਾਲ ਇਹ ਉਪਲਬਧਤਾ ਹੋਰ ਘੱਟ ਜਾਵੇਗੀ। ਇਸ ’ਚੋਂ ਬਾਹਰ ਕਿੰਨਾ ਭੇਜਿਆ ਜਾਂਦਾ ਹੈ, ਜਿਵੇਂ ਚੌਲ, ਕਣਕ, ਮੀਟ ਆਦਿ ਅਤੇ ਇਸੇ ਭੋਜਨ ’ਚੋਂ ਪਾਲਤੂ ਜਾਨਵਰਾਂ ਜਿਵੇਂ ਡੇਅਰੀ ਵਾਲੇ ਪਸ਼ੂ, ਪੋਲਟਰੀ ਵਾਲੀਆਂ ਮੁਰਗੀਆਂ ਅਤੇ ਹੋਰ ਘਰੇਲੂ ਜਾਨਵਰਾਂ ਨੂੰ ਵੀ ਖ਼ੁਰਾਕ ਦਿੱਤੀ ਜਾਂਦੀ ਹੈ। ਜੇ ਮੰਨ ਲਈਏ ਇਹ ਸਾਰੀ ਦੀ ਸਾਰੀ ਪੈਦਾਵਾਰ ਦੇਸ਼ ’ਚ ਹੀ ਖ਼ਪਤ ਹੋਵੇ ਤੇ ਮਨੁੱਖਾਂ ਲਈ ਹੀ ਵਰਤੀ ਜਾਵੇ, ਫਿਰ ਵੀ ਪ੍ਰਤੀ ਜੀਅ 1845 ਕਿਲੋ ਕੈਲਰੀ ਬਣਦੀ ਹੈ, ਮਤਲਬ 2100 ਜਾਂ 2400 ਕਿਲੋਂ ਕੈਲਰੀ ਦੇ ਨੇੜੇ ਵੀ ਨਹੀਂ। ਜੇ ਇਸ ਦੀ ਔਸਤ ਵੀ ਕੱਢੀ ਜਾਵੇ ਭਾਵ 65 ਫ਼ੀਸਦੀ ਪੇਂਡੂ ਆਬਾਦੀ ਤੇ 35 ਫ਼ੀਸਦੀ ਸ਼ਹਿਰੀ ਆਬਾਦੀ ਲਈ ਜਾਵੇ ਤਾਂ ਉਹ 2295 ਕਿਲੋ ਕੈਲਰੀ ਬਣਦੀ ਹੈ, ਮਤਲਬ 450 ਕਿਲੋ ਕੈਲਰੀ ਪ੍ਰਤੀ ਜੀਅ ਪ੍ਰਤੀ ਦਿਨ ਲੋੜ ਨਾਲੋਂ ਘੱਟ ਖ਼ੁਰਾਕ ਹੈ। ਇਸ ਦਾ ਮਤਲਬ ਇਹ ਹੈ ਕਿ ਜੋ ਅਸਲ ਖ਼ੁਰਾਕ ਉਪਲਬਧ ਹੈ, ਉਹ ਲੋੜ ਤੋਂ 24 ਫ਼ੀਸਦੀ ਘੱਟ ਹੈ। ਪੰਜਾਬੀਆਂ ਨੂੰ ਸ਼ਾਇਦ ਮੇਰੀਆਂ ਗੱਲਾਂ ’ਤੇ ਹੈਰਾਨਗੀ ਹੋਵੇਗੀ, ਪਰ ਇਹ ਦੇਸ਼ ਦੀ ਸੱਚਾਈ ਹੈ। ਇਸ ਨਾਲ ਇੱਕ ਸੱਚਾਈ ਹੋਰ ਵੀ ਹੈ ਕਿ ਸਾਰੀ ਆਬਾਦੀ ਨੂੰ ਰੱਜਵੀਂ ਰੋਟੀ ਨਹੀਂ ਮਿਲਦੀ। ਇੱਕ ਪਾਸੇ ਅਨਾਜ ਖਰਾਬ ਹੋ ਰਿਹਾ ਹੈ, ਦੂਜੇ ਪਾਸੇ ਸਾਡੀਆਂ ਸਰਕਾਰਾਂ ਰੋਟੀ ਮੁਹੱਈਆ ਕਰਨ ਤੋਂ ਵੀ ਅਸਮਰੱਥ ਹਨ। ਇਸ ਦਾ ਸਬੂਤ ਹੈ ਪ੍ਰਤੀ ਜੀਅ 5 ਕਿਲੋ ਦਾਣੇ ਤੇ ਪ੍ਰਤੀ ਪਰਿਵਾਰ ਮਗਰ ਦੋ ਕਿਲੋ ਦਾਲ, ਮਤਲਬ ਰੋਜ਼ਾਨਾ 167 ਗ੍ਰਾਮ ਕਣਕ ਜਾਂ ਚੌਲ ਤੇ 13 ਗ੍ਰਾਮ ਦਾਲ ਨਾਲ 24 ਘੰਟੇ ਗੁਜ਼ਾਰਾ ਕਰਨਾ, ਜੋ ਅਸੰਭਵ ਹੈ। ਅਸਲੀਅਤ ਹੈ ਕਿ ਲੋਕਾਂ ਕੋਲ ਕੰਮ ਨਹੀਂ, ਕੰਮ ਨਹੀਂ ਤਾਂ ਪੈਸੇ ਨਹੀਂ, ਪੈਸੇ ਨਹੀਂ ਤਾਂ ਅੰਨ ਖ਼ਰੀਦਣ ਦੀ ਸਮਰੱਥਾ ਨਹੀਂ ਤੇ ਆਬਾਦੀ ਦਾ ਪਛੜਿਆ ਹਿੱਸਾ ਰੱਜ ਕੇ ਰੋਟੀ ਖਾਣ ਤੋਂ ਅਸਮਰੱਥ ਹੈ। ਸਰਕਾਰਾਂ ਆਪਣੀ ਪਿੱਠ ਥਾਪੜ ਰਹੀਆਂ ਹਨ ਕਿ ਸਾਡੇ ਅੰਨ ਭੰਡਾਰ ਭਰੇ ਹੋਏ ਹਨ।

ਅਸਲ ਵੀ ਵਿਚ ਖ਼ੁਰਾਕ ਵਾਧੂ ਨਹੀਂ, ਲੋਕਾਂ ਕੋਲ ਭੋਜਨ ਖਰੀਦਣ ਦੇ ਸਾਧਨ ਹੀ ਘੱਟ ਹਨ। ਇਸ ਲਈ ਸਰਕਾਰ ਨੂੰ ਖੇਤੀ ਪੈਦਾਵਾਰ ਵਧਾਉਣ ਦੀ ਲੋੜ ਹੈ, ਜਿਸ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਕਿਸਾਨਾਂ ਨੂੰ ਖੇਤੀ ’ਚ ਵਰਤੋਂ ਵਾਲੀਆਂ ਵਸਤੂਆਂ ਜਿਵੇਂ ਸੋਧੇ ਹੋਏ ਬੀਜ, ਰਸਾਇਣਕ ਖਾਦਾਂ ਤੇ ਪੌਦ ਸੁਰੱਖਿਆ ਵਾਲੇ ਰਸਾਇਣ ਚੰਗੀ ਗੁਣਵੱਤਾ ਵਾਲੇ ਵਾਜਬ ਭਾਅ ’ਤੇ ਮੁਹੱਈਆ ਕਰਾਉਣੇ ਚਾਹੀਦੇ ਹਨ। ਇਸ ਨਾਲ ਹੀ ਖੇਤੀ ਉਪਜ ਵਾਜਬ ਭਾਅ ’ਤੇ ਬਿਨਾਂ ਕਿਸੇ ਖੱਜਲ-ਖ਼ੁਆਰੀ ਤੋਂ ਮੰਡੀਆਂ ’ਚ ਵਿਕੇਗੀ। ਪੰਜਾਬ ’ਚ ਪਿਛਲੇ ਸਾਲ ਤੋਂ ਝੋਨੇ ਦੇ ਭਾਅ ’ਤੇ ਕੱਟ ਲਾਉਣ ਦੀ ਨਵੀਂ ਪਿਰਤ ਨੂੰ ਸਰਕਾਰ ਵਲੋਂ ਸਖ਼ਤੀ ਨਾਲ ਰੋਕ ਲਾਉਣ ਦੀ ਲੋੜ ਹੈ। ਜੇ ਕਿਸਾਨ ਉਤਸ਼ਾਹਿਤ ਹੋ ਕੇ ਪੈਦਾਵਾਰ ਵਧਾਉਣਗੇ ਤਾਂ ਹੀ ਅਸੀਂ ਆਪਣੇ ਲੋਕਾਂ ਦੀ ਖ਼ੁਰਾਕ ਦੀ ਲੋੜ ਪੂਰੀ ਕਰ ਸਕਦੇ ਹਾਂ ਅਤੇ ਵਾਧੂ ਪੈਦਾਵਾਰ ਨਿਰਯਾਤ ਕਰਕੇ ਆਰਥਿਕਤਾ ਨੂੰ ਵੀ ਸੁਧਾਰ ਸਕਦੇ ਹਾਂ।

# ਪੰਜਾਬ ਸਰਕਾਰ ਆਪਣਾ ਮਾਲੀਆ ਵਧਾਉਣ ਲਈ ਕੀ ਨੀਤੀ ਅਪਨਾਵੇ ?





ਡਾ. ਕੇਸਰ ਸਿੰਘ ਭੰਗੂ

ਭਾਵੇਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ 2027 ਨੂੰ ਕਾਫ਼ੀ ਸਮਾਂ ਪਿਆ ਹੈ ਪਰ ਲਗਭਗ ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਹੁਣੇ ਤੋਂ ਹੀ ਚੋਣਾਂ ਦਾ ਸਰਗਰਮ ਪ੍ਰਚਾਰ ਕਰਦੀਆਂ ਨਜ਼ਰ ਆ ਰਹੀਆਂ ਹਨ। ਇਥੋਂ ਤੱਕ ਕਿ ਸਾਰੀਆਂ ਸਿਆਸੀ ਪਾਰਟੀਆਂ ਨੇ ਹੁਣੇ ਸੂਬੇ ਵਿੱਚ ਆਏ ਹੜ੍ਹਾਂ ਦੀ ਕਰੋਪੀ ਦੌਰਾਨ ਵੀ ਹੜ੍ਹ ਪੀੜਤਾਂ ਦੀ ਮਦਦ ਕਰਨ ਦੇ ਬਹਾਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਖੁੱਲ੍ਹ ਕੇ ਰਾਜਨੀਤੀ ਕੀਤੀ ਹੈ ਅਤੇ ਕਰ ਰਹੀਆਂ ਹਨ। ਇਸ ਦੇ ਨਾਲ ਹੀ ਵਿਰੋਧੀ ਪਾਰਟੀਆਂ ਸੱਤਾਧਾਰੀ ਪਾਰਟੀ ਨੂੰ ਪਿਛਲੀਆਂ ਚੋਣਾਂ ਸਮੇਂ ਵੋਟਰਾਂ ਨਾਲ ਕੀਤੇ ਵਾਅਦਿਆਂ ਨੂੰ ਪੂਰੇ ਨਾ ਕਰਨ ਸਬੰਧੀ ਸਵਾਲ, ਖ਼ਾਸ ਕਰਕੇ ਸੂਬੇ ਦੀਆਂ ਸਾਰੀਆਂ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਮਾਣਭੱਤਾ ਦੇਣ ਦੇ ਵਾਅਦਿਆਂ ਦੀ ਯਾਦ ਕਰਾ ਕੇ ਕਟਹਿਰੇ ਵਿੱਚ ਖੜ੍ਹਾ ਕਰ ਰਹੀਆਂ ਹਨ। 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਆਮ ਆਦਮੀ ਪਾਰਟੀ ਨੂੰ ਕੀਤੇ ਵਾਅਦਿਆਂ ’ਤੇ ਜਵਾਬ ਦੇਣੇ ਪਏ ਸਨ ਅਤੇ ਪਾਰਟੀ ਨੇ ਉਦੋਂ ਇੱਕ ਵਾਰ ਫੇਰ ਵਾਅਦਾ ਕੀਤਾ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਬਹੁਤ ਜਲਦੀ ਹੀ ਪੰਜਾਬ ਦੀਆਂ 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਨੂੰ 1000 ਰੁਪਏ ਦੀ ਬਜਾਏ 1100 ਰੁਪਏ ਮਾਣ ਭੱਤਾ ਦਿੱਤਾ ਜਾਵੇਗਾ। ਪਰ ਇਹ ਵਾਅਦਾ ਅੱਜ ਤੱਕ ਵੀ ਪੂਰਾ ਨਹੀਂ ਕੀਤਾ ਗਿਆ। ਇਸ ਦਬਾਅ ਕਾਰਨ ਅਤੇ ਮਜਬੂਰੀ ਵੱਸ ਮੁੱਖ ਮੰਤਰੀ ਨੇ ਇਕ ਵਾਰ ਫੇਰ ਤੋਂ ਐਲਾਨ ਕੀਤਾ ਹੈ ਕਿ 2026-27 ਦੇ ਆਉਣ ਵਾਲੇ ਬਜਟ ਵਿਚ ਔਰਤਾਂ ਨੂੰ 1100 ਰੁਪਏ ਦੇਣ ਦੀ ਸਰਕਾਰ ਵਿਵਸਥਾ ਕਰੇਗੀ। ਹੁਣ ਵੀ ਤਰਨ ਤਾਰਨ ਦੀ ਵਿਧਾਨ ਸਭਾ ਦੀ ਉਪ-ਚੋਣ ਸਮੇਂ ਵਿਰੋਧੀ ਪਾਰਟੀਆਂ ਅਤੇ ਲੋਕਾਂ ਵਲੋਂ ਆਮ ਆਦਮੀ ਪਾਰਟੀ ਨੂੰ ਇਸ ਸੰਬੰਧੀ ਸਵਾਲ ਪੁੱਛੇ ਜਾਣਗੇ ਅਤੇ ਸੱਤਾਧਾਰੀ ਪਾਰਟੀ ਨੂੰ ਮੁੜ ਤੋਂ ਫੇਰ ਵਾਅਦਾ ਕਰਨਾ ਪਵੇਗਾ ਕਿ ਉਹ ਜਲਦੀ ਹੀ ਵਾਅਦਾ ਪੂਰਾ ਕਰੇਗੀ।

ਲੋਕ ਸਭਾ ਚੋਣਾਂ ਵੇਲੇ ਇਸ ਸਬੰਧੀ ਸੂਬੇ ਦੇ ਮੁੱਖ ਮੰਤਰੀ ਵਲੋਂ ਤਰਕ ਦਿੱਤਾ ਗਿਆ ਸੀ ਕਿ ਇਸ ਵਾਅਦੇ ਨੂੰ ਪੂਰਾ ਕਰਨ ਲਈ ਪੈਸਿਆਂ ਦਾ ਪ੍ਰਬੰਧ 6 ਲੱਖ ਖੇਤੀ ਟਿਊਬਵੈੱਲਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਵਧਾ ਕੇ ਬੰਦ ਕਰਨ ਉਪਰੰਤ ਬਿਜਲੀ ਸਬਸਿਡੀ ਦੇ ਘਟੇ ਬਿਲ ਵਿਚੋਂ ਕੀਤਾ ਜਾਵੇਗਾ ਅਤੇ ਇਥੋਂ ਬਚੇ ਪੈਸਿਆਂ ਵਿਚੋਂ ਔਰਤਾਂ ਨੂੰ ਮਾਣ ਭੱਤਾ ਦਿੱਤਾ ਜਾਵੇਗਾ। ਅਜਿਹੇ ਤਰਕ ਸਬੰਧੀ ਮੁੱਖ ਮੰਤਰੀ ਦਾ ਬਿਆਨ ਦੇਸ਼ ਦੇ ਅੰਗਰੇਜ਼ੀ ਦੇ ਇਕ ਨਾਮਵਰ ਅਖ਼ਬਾਰ ਵਿਚ ਵੀ ਪ੍ਰਕਾਸ਼ਿਤ ਹੋਇਆ ਸੀ। ਜੇਕਰ ਮੁੱਖ ਮੰਤਰੀ ਦੇ ਉਪਰੋਕਤ ਲੋੜੀਂਦੇ ਪੈਸਿਆਂ ਦਾ ਪ੍ਰਬੰਧ ਕਰਨ ਦੀ ਵਿਉਂਤਬੰਦੀ ਦੇ ਬਿਆਨ ਦਾ ਜ਼ਿਕਰ ਕੀਤਾ ਜਾਵੇ ਤਾਂ ਪਹਿਲਾਂ ਗੱਲ ਕਰਦੇ ਹਾਂ, ਨਹਿਰੀ ਅਤੇ ਟਿਊਬਵੈੱਲਾਂ ਤੋਂ ਹੋਣ ਵਾਲੀ ਸਿੰਚਾਈ ਦੀ। ਪੰਜਾਬ ਵਿਚ ਕਿਸੇ ਸਮੇਂ ਖੇਤੀ ਦਾ 72 ਪ੍ਰਤੀਸ਼ਤ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਸੀ ਅਤੇ 28 ਪ੍ਰਤੀਸ਼ਤ ਟਿਊਬਵੈੱਲਾਂ ਦੇ ਪਾਣੀ ਨਾਲ ਸਿੰਜਿਆ ਜਾਂਦਾ ਸੀ। ਹੁਣ ਲਗਭਗ ਇਹ ਤਸਵੀਰ ਉਲ਼ਟ ਗਈ ਹੈ ਕਿਉਂਕਿ ਅੱਜ ਕੱਲ ਤਕਰੀਬਨ 72 ਪ੍ਰਤੀਸ਼ਤ ਖੇਤੀ ਦਾ ਰਕਬਾ ਟਿਊਬਵੈੱਲਾਂ ਦੇ ਪਾਣੀ ਨਾਲ ਅਤੇ 28 ਪ੍ਰਤੀਸ਼ਤ ਨਹਿਰੀ ਪਾਣੀ ਨਾਲ ਸਿੰਜਿਆ ਜਾ ਰਿਹਾ ਹੈ। ਅਜਿਹੀ ਸਥਿਤੀ ਪੈਦਾ ਹੋਣ ਵਿਚ 40-50 ਸਾਲਾਂ ਦਾ ਸਮਾਂ ਲੱਗਿਆ ਹੈ। ਪਰ ਆਮ ਆਦਮੀ ਪਾਰਟੀ ਤੇ ਪੰਜਾਬ ਸਰਕਾਰ ਦਾਅਵੇ ਕਰ ਰਹੀ ਹੈ ਕਿ ਜਦੋਂ ਸਰਕਾਰ ਨੇ ਕਾਰਜਭਾਰ ਸੰਭਾਲਿਆ ਸੀ ਉਦੋਂ 21 ਪ੍ਰਤੀਸ਼ਤ ਖੇਤੀ ਰਕਬੇ ਨੂੰ ਨਹਿਰੀ ਪਾਣੀ ਲਗਦਾ ਸੀ ਜਿਹੜਾ ਹੁਣ ਵਧਾ ਕੇ 58 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਹੋਰ ਵਧਾ ਕੇ 70 ਪ੍ਰਤੀਸ਼ਤ ਕਰ ਦਿੱਤਾ ਜਾਵੇਗਾ। ਇਹ ਦਾਅਵਾ ਅਸਲੀਅਤ ਅਤੇ ਸਚਾਈ ਤੋਂ ਕੋਹਾਂ ਦੂਰ ਦੀ ਗੱਲ ਲਗਦੀ ਹੈ, ਅਜਿਹਾ ਕਰਨ ਲਈ/ਹੋਣ ਲਈ ਕਾਫ਼ੀ ਲੰਮੇ ਸਮੇਂ ਅਤੇ ਬਹੁਤ ਵੱਡੇ ਅਤੇ ਨਿੱਗਰ ਨਿਵੇਸ਼ ਦੀ ਲੋੜ ਹੈ ਜੋ ਕਿ ਮੌਜੂਦਾ ਮਾਲੀ ਹਾਲਾਤਾਂ ਵਿਚ ਸਰਕਾਰ ਦੇ ਵੱਸ ਤੋਂ ਬਾਹਰ ਹੈ। ਇਸ ਲਈ ਇਸ ਦਾਅਵੇ ਦਾ ਹੋਰ ਡੂੰਘਾਈ ਨਾਲ ਅਧਿਐਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਅਸਲੀਅਤ ਸਾਹਮਣੇ ਲਿਆਂਦੀ ਜਾ ਸਕੇ।

ਹੁਣ ਰਹੀ ਗੱਲ ਮਾਣ ਭੱਤੇ ਲਈ ਪੈਸਿਆਂ ਦੇ ਪ੍ਰਬੰਧ ਕਰਨ ਦੀ, ਉਪਰਲੇ ਦਾਅਵੇ ਨਾਲ ਇਕ ਹੋਰ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਹਿਰੀ ਪਾਣੀ ਨਾਲ ਸਿੰਚਾਈ ਵਧਾਉਣ ਨਾਲ ਸੂਬੇ ਵਿਚਲੇ ਲੱਗਭਗ 14 ਲੱਖ ਟਿਊਬਵੈੱਲਾਂ ਵਿਚੋਂ 6 ਲੱਖ ਟਿਊਬਵੈੱਲਾਂ ਦੀ ਲੋੜ ਨਹੀਂ ਰਹੇਗੀ ਅਤੇ ਉਨ੍ਹਾਂ ਨੂੰ ਕਿਸਾਨਾਂ ਵਲੋਂ ਖੁਦ ਹੀ ਬੰਦ ਕਰ ਦਿੱਤਾ ਜਾਵੇਗਾ। ਇਨ੍ਹਾਂ ਟਿਊਬਵੈੱਲਾਂ ਦੇ ਬੰਦ ਹੋਣ ਨਾਲ ਤਕਰੀਬਨ 9000-10000 ਕਰੋੜ ਰੁਪਏ ਦੀ ਦਿੱਤੀ ਜਾ ਰਹੀ ਬਿਜਲੀ ਸਬਸਿਡੀ ਵਿਚੋਂ 5500 ਕਰੋੜ ਰੁਪਏ ਦੀ ਬੱਚਤ ਕਰ ਕੇ, ਇਸ ਰਕਮ ਨੂੰ ਔਰਤਾਂ ਨੂੰ ਦਿੱਤੇ ਜਾਣ ਵਾਲੇ ਮਾਣ ਭੱਤੇ ਲਈ ਵਰਤਿਆ ਜਾਵੇਗਾ। ਇਸ ਤਰਕ ਵਿਚ ਵੀ ਕੋਈ ਸਚਾਈ ਨਹੀਂ ਹੈ ਇਹ ਵੀ ਚੋਣਾਂ ਵੇਲੇ ਜੁਮਲੇਬਾਜ਼ੀ ਵਾਲੀ ਗੱਲ ਹੀ ਲਗਦੀ ਸੀ। ਕਿਉਂਕਿ ਨਹਿਰੀ ਪਾਣੀ ਦੀ ਵਾਰੀ ਹਫ਼ਤੇ ਬਾਅਦ ਆਉਂਦੀ ਹੈ ਇਸ ਲਈ ਮੌਜੂਦਾ ਖੇਤੀਬਾੜੀ ਦੇ ਫ਼ਸਲੀ ਚੱਕਰ ਵਿਚ ਕੋਈ ਵੀ ਕਿਸਾਨ ਆਪਣਾ ਟਿਊਬਵੈੱਲ ਬੰਦ ਕਰਨ ਬਾਰੇ ਸੋਚ ਵੀ ਨਹੀਂ ਸਕਦਾ, ਸਗੋਂ ਟਿਊਬਵੈੱਲਾਂ ਦੀ ਗਿਣਤੀ ਵਧਣ ਦਾ ਖਦਸ਼ਾ ਤਾਂ ਹੋ ਸਕਦਾ ਹੈ, ਕਿਉਂਕਿ ਹਾਲੇ ਵੀ ਬਿਜਲੀ ਮਹਿਕਮੇ ਕੋਲ ਹਜ਼ਾਰਾਂ ਨਵੀਆਂ ਮੋਟਰਾਂ ਲਗਾਉਣ ਲਈ ਅਤੇ ਮੌਜੂਦਾ ਮੋਟਰਾਂ ਦੀ ਪਾਵਰ ਵਧਾਉਣ ਲਈ ਕਿਸਾਨਾਂ ਦੀਆਂ ਅਰਜ਼ੀਆਂ ਬਕਾਇਆ ਪਈਆਂ ਹਨ।

ਦੂਜੇ ਥਾਂ ’ਤੇ ਲੋਕਾਂ ਵਿਚ ਇਹ ਗੱਲ ਸੁਣਨ ਨੂੰ ਮਿਲੀ ਕਿ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਪਾਲਿਸੀ ਸ਼ੁਰੂ ਹੀ ਇਸ ਲਈ ਕੀਤੀ ਸੀ ਕਿ ਲੋੜੀਂਦੇ ਪੈਸਿਆਂ ਦਾ ਪ੍ਰਬੰਧ ਕੀਤਾ ਜਾ ਸਕੇ ਪਰ ਲੋਕਾਂ ਦੇ ਦਬਾਅ ਕਾਰਨ ਉਸ ਪਾਲਿਸੀ ਨੂੰ ਵੀ ਵਾਪਸ ਲੈਣਾ ਪਿਆ। ਤੀਜਾ ਅੱਜ ਕੱਲ ਸੂਬੇ ਵਿਚ ਚਰਚਾ ਹੈ ਕਿ ਪੰਜਾਬ ਸਰਕਾਰ ਸੂਬੇ ਦੀਆਂ ਕੁਝ ਜ਼ਮੀਨਾਂ ਅਤੇ ਜਾਇਦਾਦਾਂ ਨੂੰ ਵੇਚ ਕੇ, ਲੀਜ਼ ’ਤੇ ਦੇ ਕੇ ਜਾਂ ਕਿਸੇ ਹੋਰ ਢੰਗ ਨਾਲ ਵਰਤੋਂ ਕਰ ਕੇ ਪੈਸੇ ਇਕੱਤਰ ਕਰਕੇ ਆਪਣਾ ਵਾਅਦਾ ਪੂਰਾ ਕਰਨਾ ਚਾਹੁੰਦੀ ਹੈ। ਲਗਦਾ ਇਹ ਹੈ ਕਿ ਜੇਕਰ ਸਰਕਾਰ ਇਸ ਵਾਅਦੇ ਲਈ ਪੈਸਿਆਂ ਦਾ ਪ੍ਰਬੰਧ ਨਾ ਕਰ ਸਕੀ ਤਾਂ ਇੱਕੋ ਇਕ ਰਸਤਾ ਬਚਦਾ ਹੈ ਹੋਰ ਕਰਜ਼ਾ ਲੈਣ ਦਾ। ਇਸੇ ਤਰ੍ਹਾਂ ਹੀ ਆਮ ਆਦਮੀ ਪਾਰਟੀ ਨੇ ਚੋਣਾਂ ਵੇਲੇ ਬਹੁਤ ਸਾਰੇ ਲੋਕ ਲੁਭਾਊ ਵਾਅਦੇ, ਜਿਵੇਂ ਕਿ 300 ਯੂਨਿਟਾਂ ਮੁਫ਼ਤ ਬਿਜਲੀ ਦੇਣਾ, ਰੈਗੂਲਰ ਆਧਾਰ ਤੇ ਸਰਕਾਰੀ ਨੌਕਰੀਆਂ ਦੇਣਾ, ਪੰਜਾਬ ਨੂੰ ਕਰਜ਼ਾ ਮੁਕਤ ਕਰਨਾ, ਪੰਜਾਬ ਦੀ ਆਰਥਿਕਤਾ ਦੀ ਮੁੜ ਸੁਰਜੀਤੀ ਕਰਨਾ ਆਦਿ ਵੀ ਕੀਤੇ ਸਨ ਜਿਨ੍ਹਾਂ ਨੂੰ ਬਾਅਦ ਵਿਚ ਨਿਭਾਉਣਾ ਅਤੇ ਲਾਗੂ ਕਰਨਾ ਕਾਫ਼ੀ ਮੁਸ਼ਕਲ ਹੋ ਗਿਆ ਸੀ।

# ਅਮਰੀਕਾ ਅਤੇ ਚੀਨ ਵਿਚਾਲੇ ਟਕਰਾਓ ਕਾਰਨ ਪ੍ਰੇਸ਼ਾਨ ਹੋ ਰਹੀ ਦੁਨੀਆ


ਆਦਿੱਤਿਆ ਸਿਨਹਾ

ਬੀਤੇ ਮਹੀਨੇ ਦੀ ਸ਼ੁਰੂਆਤ ਵਿੱਚ ਚੀਨੀ ਵਣਜ ਮੰਤਰਾਲੇ ਦੀ ਇੱਕ ਅਧਿਸੂਚਨਾ ਕਾਰਨ ਦੁਨੀਆ ਵਿੱਚ ਹਫੜਾ-ਦਫੜੀ ਜਿਹੀ ਮਚ ਗਈ ਸੀ। ਉਸ ਜ਼ਰੀਏ ਹੋਂਦ ਵਿੱਚ ਆਉਣ ਵਾਲਾ ਨਿਯਮ ਵਿਸ਼ਵ ਵਪਾਰ ਅਤੇ ਉਤਪਾਦਨ ਦੇ ਤੌਰ-ਤਰੀਕਿਆਂ ਨੂੰ ਬਦਲ ਸਕਦਾ ਹੈ। ਇਹ ਨਿਯਮ ਰੇਅਰ ਅਰਥ ਮੈਟੀਰੀਅਲ ਕਹੇ ਜਾਣ ਵਾਲੇ ਤੱਤਾਂ, ਪਰਮਾਨੈਂਟ ਮੈਗਨੈਟਸ ਅਤੇ ਸਬੰਧਿਤ ਤਕਨੀਕਾਂ ਦੇ ਨਿਰਯਾਤਾਂ ’ਤੇ ਵਿਆਪਕ ਕਾਬੂ ਰੱਖਣ ਦੀ ਮਨਸ਼ਾ ਰੱਖਦਾ ਹੈ। ਚੀਨ ਦੀ ਇਹ ਮਨਸ਼ਾ ਸਾਰੀ ਦੁਨੀਆ ਲਈ ਵੱਡੇ ਖ਼ਤਰੇ ਦੀ ਘੰਟੀ ਹੈ।

ਇਸ ਵਿਵਸਥਾ ਨੂੰ ਸਮਝੀਏ ਤਾਂ ਕਿਸੇ ਵੀ ਕੰਪਨੀ ਦਾ ਉਤਪਾਦ ਜਿਸ ਵਿੱਚ ਚੀਨੀ-ਪ੍ਰੋਸੈਸਡ ਰੇਅਰ ਅਰਥ ਦਾ 0.1 ਪ੍ਰਤੀਸ਼ਤ ਹਿੱਸਾ ਵੀ ਸ਼ਾਮਲ ਹੈ, ਉਸ ਨੂੰ ਉਸ ਦੀ ਵਿਕਰੀ ਜਾਂ ਨਿਰਯਾਤ ਕਰਨ ਤੋਂ ਪਹਿਲਾਂ ਬੀਜਿੰਗ ਤੋਂ ਆਗਿਆ ਲੈਣੀ ਹੋਵੇਗੀ। ਫ਼ੌਜੀ ਵਰਤੋਂ ਲਈ ਨਿਰਯਾਤ ਨੂੰ ਤਾਂ ਸਿਧਾਂਤਕ ਤੌਰ ’ਤੇ ਪਾਬੰਦੀਸ਼ੁਦਾ ਹੀ ਕਰ ਦਿੱਤਾ ਗਿਆ ਹੈ ਜਦਕਿ ਸੈਮੀਕੰਡਕਟਰਜ਼ ਅਤੇ ਏ.ਆਈ. ਨਾਲ ਸਬੰਧਤ ਮਾਮਲਿਆਂ ਵਿੱਚ ਸਖ਼ਤ ਨਿਗਰਾਨੀ ਰੱਖੀ ਜਾਵੇਗੀ। ਜ਼ਮੀਨੀ ਪੱਧਰ ’ਤੇ ਚੀਨ ਦੀ ਇਹ ਪਹਿਲ ਇੱਕ ਸੌੜੇ ਵਪਾਰ ਨਿਯਮ ਵਰਗੀ ਪ੍ਰਤੀਤ ਹੋ ਸਕਦੀ ਹੈ ਪਰ ਅਸਲ ਵਿੱਚ ਇਹ ਆਲਮੀ ਆਰਥਿਕ ਸ਼ਕਤੀ ਦੇ ਸੰਤੁਲਨ ਵਿੱਚ ਕਿਸੇ ਫ਼ੈਸਲਾਕੁੰਨ ਪੜਾਅ ਤੋਂ ਘੱਟ ਨਹੀਂ ਹੈ। ਰੇਅਰ ਅਰਥ ਅਸਲ ਵਿੱਚ 17 ਧਾਤੂਆਂ ਦਾ ਇੱਕ ਸਮੂਹ ਹੈ ਜਿਨ੍ਹਾਂ ਦੀ ਜੰਗੀ ਜਹਾਜ਼ਾਂ, ਪਵਨ ਊਰਜਾ ਟਰਬਾਈਨ, ਇਲੈਕਟ੍ਰਿਕ ਵਾਹਨਾਂ, ਸਮਾਰਟਫੋਨਾਂ ਅਤੇ ਮੈਡੀਕਲ ਸਕੈਨਰ ਵਰਗੇ ਤਮਾਮ ਆਧੁਨਿਕ ਉਤਪਾਦਾਂ ਦੇ ਨਿਰਮਾਣ ਵਿੱਚ ਅਹਿਮ ਭੂਮਿਕਾ ਹੁੰਦੀ ਹੈ। ਮੂਲ ਰੂਪ ਨਾਲ ਇਨ੍ਹਾਂ ਦੀ ਉਪਲਬਧਤਾ ਓਨੀ ਦੁਰਲਭ ਨਹੀਂ, ਜਿੰਨਾ ਜਟਿਲ ਅਤੇ ਮਹਿੰਗਾ ਇਨ੍ਹਾਂ ਨੂੰ ਸੋਧ ਕੇ ਇਸਤੇਮਾਲ ਕਰਨ ਲਾਇਕ ਬਣਾਉਣ ਦੀ ਪੂਰੀ ਪ੍ਰਕਿਰਿਆ ਹੈ।

ਇਹ ਵਾਤਾਵਰਣ ਨੂੰ ਵੀ ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਤਿੰਨ ਦਹਾਕਿਆਂ ਦੌਰਾਨ ਚੀਨ ਨੇ ਇਨ੍ਹਾਂ ਸਮੱਗਰੀਆਂ ਦੇ ਖਣਨ, ਸੁਧਾਈ ਅਤੇ ਪ੍ਰੋਸੈਸਿੰਗ ਲਈ ਦੁਨੀਆ ਦਾ ਸਰਬੋਤਮ ਤੰਤਰ ਸਥਾਪਤ ਕਰ ਲਿਆ ਹੈ। ਰੇਅਰ ਅਰਥ ਦੇ ਲਗਪਗ 70 ਪ੍ਰਤੀਸ਼ਤ ਖਣਨ ਅਤੇ 90 ਸੁਧਾਈ ਵਿਚ ਚੀਨ ਦੀ ਹਿੱਸੇਦਾਰੀ ਨਾਲ ਇਸ ਮੁਹਾਜ਼ ’ਤੇ ਉਸ ਦਾ ਦਬਦਬਾ ਸਮਝਿਆ ਜਾ ਸਕਦਾ ਹੈ।

ਇਸ ਨਵੇਂ ਨਿਯਮ ਦੇ ਨਾਲ ਚੀਨ ਇਸ ਕੋਸ਼ਿਸ਼ ਵਿੱਚ ਲੱਗਾ ਹੈ ਕਿ ਉਹ ਆਪਣੀ ਸਨਅਤੀ ਚੜ੍ਹਤ ਨੂੰ ਰਣਨੀਤਕ ਨਿਯੰਤਰਣ ਦੇ ਕਾਨੂੰਨੀ ਉਪਕਰਨ ਵਿੱਚ ਬਦਲ ਸਕੇ। ਪਹਿਲੀ ਵਾਰ ਉਹ ਅਮਰੀਕੀ ਨਿਯਮਾਂ ਦੇ ਸਮਾਨ ਇੱਕ ਅਜਿਹਾ ਢਾਂਚਾ ਬਣਾ ਰਿਹਾ ਹੈ। ਅਮਰੀਕਾ ਵੀ ਆਪਣੀ ਚੜ੍ਹਤ ਵਾਲੇ ਉਤਪਾਦਾਂ ਦੀ ਵਿਕਰੀ ਅਤੇ ਨਿਰਯਾਤ ਦੇ ਮਾਮਲੇ ਵਿੱਚ ਮਨਮਾਨੀਆਂ ਵਿਵਸਥਾਵਾਂ ਕਰਦਾ ਆਇਆ ਹੈ। ਬੀਜਿੰਗ ਨੇ ਇਸ ਨੂੰ ਇਸ ਰੂਪ ਵਿੱਚ ਹੋਰ ਵਿਸਥਾਰ ਦੇ ਦਿੱਤਾ ਹੈ ਕਿ ਜੇਕਰ ਉਸ ਦੀ ਸਪਲਾਈ ਵਾਲੇ ਰੇਅਰ ਅਰਥ ਦਾ ਕਿਸੇ ਤਿਆਰ ਉਤਪਾਦ ਵਿੱਚ ਮਾੜਾ-ਮੋਟਾ ਵੀ ਇਸਤੇਮਾਲ ਹੁੰਦਾ ਹੈ ਤਾਂ ਉਸ ਬਾਰੇ ਫ਼ੈਸਲਾ ਲੈਣ ਦਾ ਅਧਿਕਾਰ ਉਸ ਦਾ ਹੀ ਹੋਵੇਗਾ। ਇਹ ਦੇਸ਼ਾਂ ਦੀ ਆਰਥਿਕ ਪ੍ਰਭੂਸੱਤਾ ਨੂੰ



ਚੁਣੌਤੀ ਦੇਣ ਵਾਲਾ ਹੈ।

ਇਹ ਚੀਨ ਦੀ ਇੱਕ ਵੱਡੀ ਰਣਨੀਤਕ ਯੋਜਨਾ ਹੈ, ਜਿਸ ਵਿੱਚ ਕਾਨੂੰਨ, ਨਿਯਮ ਅਤੇ ਲਾਇਸੈਂਸਿੰਗ ਦਾ ਇਸਤੇਮਾਲ ਭੂ-ਰਾਜਨੀਤਕ ਸ਼ਕਤੀ ਦੇ ਉਪਕਰਨਾਂ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਇੱਕ ਸਮੇਂ ਅਮਰੀਕਾ ਨੇ ਚੀਨ ਦੇ ਸੈਮੀਕੰਡਕਟਰ ਉਦਯੋਗ ਖ਼ਿਲਾਫ਼ ਵਧੀਕ ਖੇਤਰੀ ਵਪਾਰ ਨਿਯੰਤਰਣਾਂ ਦਾ ਇਸਤੇਮਾਲ ਕੀਤਾ ਸੀ। ਬੀਜਿੰਗ ਹੁਣ ਉਨ੍ਹਾਂ ਤਰੀਕਿਆਂ ਨੂੰ ਦੁਹਰਾਅ ਰਿਹਾ ਹੈ। ਹਰੇਕ ਧਿਰ ਆਪਣੇ ਕਾਰਜਾਂ ਨੂੰ ‘ਰੱਖਿਆਤਮਕ’ ਦੇ ਤੌਰ ’ਤੇ ਸਹੀ ਠਹਿਰਾਉਂਦੀ ਹੈ ਪਰ ਦੋਵੇਂ ਆਰਥਿਕ ਬਦਲਾਖੋਰੀ ਦੀਆਂ ਹੀ ਪ੍ਰਤੀਕ ਹਨ। ਚੀਨ ਦੇ ਇਸ ਕਦਮ ਨਾਲ ਕੰਪਨੀਆਂ ਨੂੰ ਹੁਣ ਜਟਿਲ ਕਾਗਜ਼ੀ ਕਾਰਵਾਈ, ਸਥਾਨਕ ਵਿਚੋਲਿਆਂ ਅਤੇ ਪ੍ਰਵਾਨਗੀ ਨਾਲ ਜੁੜੀਆਂ ਲੜੀਆਂ ਦੇ ਮਾਧਿਅਮ ਨਾਲ ਕੋਈ ਤੋੜ ਕੱਢਣਾ ਹੋਵੇਗਾ। ਇਸ ਵਿੱਚ ਕਈ ਮਹੀਨਿਆਂ ਦਾ ਸਮਾਂ ਵੀ ਲੱਗ ਸਕਦਾ ਹੈ। ਰਸਮੀ ਪ੍ਰਵਾਨਗੀ ਦੇ ਬਿਨਾਂ ਆਰਡਰ ਪ੍ਰਭਾਵਿਤ ਹੋ ਸਕਦੇ ਹਨ। ਇੰਞ ਲੱਗਦਾ ਹੈ ਕਿ ਇੰਨਾ ਹੀ ਕਾਫ਼ੀ ਨਹੀਂ ਹੈ। ਚੀਨ ਨੇ ਆਪਣੇ ਪੇਸ਼ੇਵਰਾਂ ਦੇ ਰੇਅਰ ਅਰਥ ਨਾਲ ਜੁੜੇ ਵਿਦੇਸ਼ੀ ਪ੍ਰਾਜੈਕਟਾਂ ਵਿਚ ਭਾਈਵਾਲੀ ’ਤੇ ਵੀ ਪਾਬੰਦੀ ਲਗਾ ਦਿੱਤੀ ਹੈ।

ਇਸ ਨਾਲ ਤਕਨੀਕੀ ਗਿਆਨ ਦਾ ਤਬਾਦਲਾ ਸੀਮਤ ਹੋ ਗਿਆ ਹੈ। ਇਸ ਨੇ ਡਾਟਾ, ਬੈਟਰੀਆਂ ਅਤੇ ਸਨਅਤੀ ਮਾਪਦੰਡਾਂ ’ਤੇ ਨਿਗਰਾਨੀ ਵੀ ਵਧਾ ਦਿੱਤੀ ਹੈ। ਸੁਭਾਵਕ ਹੈ ਕਿ ਕੀਮਤਾਂ ਦਾ ਮੂੰਹ-ਮੱਥਾ ਵੀ ਇਸ ਤਬਦੀਲੀ ਕਾਰਨ ਪ੍ਰਭਾਵਿਤ ਹੋਵੇਗਾ। ਇਲੈਕਟ੍ਰਿਕ ਮੋਟਰਜ਼ ਵਿਚ ਇਸਤੇਮਾਲ ਹੋਣ ਵਾਲੇ ਪ੍ਰਮੁੱਖ ਰੇਅਰ ਅਰਥ ਨਿਯੋਡੀਮੀਅਮ ਅਤੇ ਡਾਈਸਪ੍ਰੋਸਿਅਮ ਦੀਆਂ ਕੀਮਤਾਂ ਵਿੱਚ ਵਾਧਾ ਹੋ ਗਿਆ ਹੈ।

ਨਿਰਮਾਤਾ ਗ਼ੈਰ-ਚੀਨੀ ਸਪਲਾਈ ਯਕੀਨੀ ਬਣਾਉਣ ਲਈ ਸੰਘਰਸ਼ ਕਰ ਰਹੇ ਹਨ ਪਰ ਅਮਰੀਕੀ ਅਤੇ ਆਸਟ੍ਰੇਲੀਅਨ ਬਦਲਾਂ ਦੀ ਬੇਰੋਕ-ਟੋਕ ਸਪਲਾਈ ਵਿੱਚ ਹਾਲੇ ਕਈ ਸਾਲ ਲੱਗ ਸਕਦੇ ਹਨ। ਨਤੀਜੇ ਵਜੋਂ ਊਰਜਾ ਪ੍ਰਾਜੈਕਟਾਂ ਤੋਂ ਲੈ ਕੇ ਇਲੈਕਟ੍ਰਿਕ ਵਾਹਨ ਨਿਰਮਾਣ ਦੀ ਪ੍ਰਕਿਰਿਆ ਮੱਠੀ ਪੈ ਸਕਦੀ ਹੈ। ਇਸ ਦੇ ਪਿੱਛੇ ਮੰਗ ਵਿੱਚ ਕਮੀ ਨਹੀਂ ਬਲਕਿ ਕੱਚੇ ਮਾਲ ਦੇ ਅੜਿੱਕੇ ਵੱਧ ਜ਼ਿੰਮੇਵਾਰ ਹੋਣਗੇ। ਅਜਿਹਾ ਨਹੀਂ ਕਿ ਇਸ ਵਿੱਚ ਚੀਨ ਲਈ ਕੋਈ ਜੋਖ਼ਮ ਨਹੀਂ ਹੈ। ਉਸ ਦੇ ਅਜਿਹੇ ਸਖ਼ਤ ਨਿਯੰਤਰਣ ਕਾਰਨ ਵਿਸ਼ਵ ਪੱਧਰੀ ਖ਼ਰੀਦਦਾਰ ਅਫ਼ਰੀਕਾ, ਦੱਖਣੀ ਅਮਰੀਕਾ ਅਤੇ ਭਾਰਤ ਵਿੱਚ ਬਦਲ ਖੋਜਣ ਲੱਗਣਗੇ।

ਯਾਦ ਰਹੇ ਕਿ ਸਖ਼ਤ ਲਾਇਸੈਂਸਿੰਗ ਖ਼ੁਦ ਆਪਣੇ ਉਦਯੋਗਾਂ ਵਿੱਚ ਇਨੋਵੇਸ਼ਨ ਨੂੰ ਨਿਰ-ਉਤਸ਼ਾਹਤ ਕਰਦੀ ਹੈ। ਵਰਤਮਾਨ ਹਾਲਾਤ ਦੁਨੀਆ ਨੂੰ ਦੋ ਅਲੱਗ ਪ੍ਰਣਾਲੀਆਂ ਵਿੱਚ ਵੰਡ ਰਹੇ ਹਨ। ਇੱਕ ਦੇ ਕੇਂਦਰ ਵਿਚ ਚੀਨ ਹੈ ਜੋ ਖਣਨ, ਸੁਧਾਈ ਅਤੇ ਉਤਪਾਦਨ ਨੂੰ ਇੱਕ ਹੀ ਮੁਲਕ-ਨਿਯੰਤਰਿਤ ਢਾਂਚੇ ਵਿੱਚ ਏਕੀਕ੍ਰਿਤ ਕਰਦਾ ਹੈ।

ਦੂਜੀ ਪ੍ਰਣਾਲੀ ਦੇ ਕੇਂਦਰ ਵਿੱਚ ਅਮਰੀਕਾ ਹੈ ਜਿੱਥੇ ਸਬਸਿਡੀ ਅਤੇ ਸਨਅਤੀ ਨੀਤੀ ਦੇ ਮਾਧਿਅਮ ਨਾਲ ਸਮਰੱਥਾਵਾਂ ਨੂੰ ਫਿਰ ਤੋਂ ਮਜ਼ਬੂਤ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਦੁਹਰਾਅ ਲਚਕੀਲੇਪਣ ਨੂੰ ਤਾਂ ਵਧਾ ਸਕਦਾ ਹੈ ਪਰ ਇਸ ਵਿੱਚ ਲਾਗਤ ਵਾਧੇ ਦਾ ਪਹਿਲੂ ਵੀ ਸ਼ਾਮਲ ਹੈ। ਇੰਨਾ ਹੀ ਨਹੀਂ, ਇਸ ਨਾਲ ਸਵੱਛ ਊਰਜਾ, ਟੈਕਨਾਲੋਜੀ ਅਤੇ ਸਪਲਾਈ ਲੜੀ ਦੀ ਵੰਨ-ਸੁਵੰਨਤਾ ਦੀ ਦਿਸ਼ਾ ਵਿੱਚ ਹੋ ਰਹੀ ਪ੍ਰਗਤੀ ਵੀ ਮੱਠੀ ਪੈ ਸਕਦੀ ਹੈ। ਹੋਰ ਦੇਸ਼ਾਂ ਲਈ ਇਸ ਵਿੱਚ ਜੋਖ਼ਮ ਅਤੇ ਮੌਕੇ, ਦੋਵੇਂ ਹੀ ਮੌਜੂਦ ਹਨ। ਇਹ ਦੇਸ਼ ਬਦਲਵੇਂ ਸਪਲਾਈ ਕਰਤਾ ਦੇ ਰੂਪ ਵਿੱਚ ਨਵੇਂ ਨਿਵੇਸ਼ ਨੂੰ ਆਕਰਸ਼ਿਤ ਤਾਂ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਮੁਕਾਬਲੇਬਾਜ਼ੀ ਵਾਲੀਆਂ ਕਾਨੂੰਨੀ ਪ੍ਰਣਾਲੀਆਂ ਅਤੇ ਰਾਜਨੀਤਕ ਦਬਾਅ ਦੇ ਮੁਹਾਜ਼ਾਂ ’ਤੇ ਕੋਈ ਕਾਰਗਰ ਜੁਗਤ ਕੱਢਣੀ ਹੋਵੇਗੀ। ਚੀਨ ਦਾ ਦ੍ਰਿਸ਼ਟੀਕੋਣ ਸੋਚ-ਸਮਝ ਕੇ ਬਣਾਇਆ ਹੋਇਆ ਪ੍ਰਤੀਤ ਹੋਣ ਦੇ ਬਾਵਜੂਦ ਅਸਪਸ਼ਟ ਹੈ।

ਉਥੇ ਹੀ, ਅਮਰੀਕੀ ਕਾਰਵਾਈਆਂ ਵਿੱਚ ਪਾਰਦਰਸ਼ਿਤਾ ਦੀ ਝਲਕ ਦੇ ਨਾਲ ਹੀ ਉਨ੍ਹਾਂ ਦੀ ਪ੍ਰਕਿਰਤੀ ਅਸਥਿਰ ਅਤੇ ਅਨਿਯਮਿਤ ਹੈ। ਦੋਵੇਂ ਹੀ ਦੇਸ਼ ਆਪਣੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਲਈ ਆਰਥਿਕ ਬਦਲਾਂ ਨੂੰ ਹਥਿਆਰ ਬਣਾਉਣ ਵਿੱਚ ਲੱਗੇ ਹੋਏ ਹਨ ਪਰ ਸ਼ਾਇਦ ਹੀ ਕਿਸੇ ਨੂੰ ਉਨ੍ਹਾਂ ਦੇ ਲੰਬੇ ਸਮੇਂ ਦੇ ਨਤੀਜਿਆਂ ਦੀ ਕੋਈ ਪਰਵਾਹ ਹੈ। ਬੀਜਿੰਗ ਤੇ ਵਾਸ਼ਿੰਗਟਨ, ਦੋਵਾਂ ਨੂੰ ਇਹ ਸਮਝਣਾ ਹੋਵੇਗਾ ਕਿ ਬੇਲਗਾਮ ਚੜ੍ਹਤ ਦੀ ਸਥਿਤੀ ਬਹੁਤ ਨਾਜ਼ੁਕ ਹੁੰਦੀ ਹੈ।

ਇਹ ਆਪਣੇ ਹੀ ਸਾਂਝੀਦਾਰਾਂ ਨੂੰ ਦੂਰ ਕਰ ਕੇ ਅਖ਼ੀਰ ਖ਼ੁਦ ਨੂੰ ਹੀ ਕਮਜ਼ੋਰ ਕਰਦੀ ਹੈ। ਚੇਤੇ ਰਹੇ ਕਿ ਸ਼ਕਤੀ ਕੇਵਲ ਸੋਮਿਆਂ ਦੀ ਮਲਕੀਅਤ ਵਿੱਚ ਨਹੀਂ ਸਗੋਂ ਉਨ੍ਹਾਂ ਨੂੰ ਵਿਵੇਕਪੂਰਨ ਢੰਗ ਨਾਲ ਸੰਚਾਲਿਤ ਕਰਨ ਦੀ ਸਮਰੱਥਾ ਵਿੱਚ ਹੈ। ਕਾਨੂੰਨ ਅਤੇ ਪ੍ਰਭਾਵ ਦੇ ਇਸ ਨਵੇਂ ਯੁੱਗ ਵਿੱਚ ਉਹੀ ਮੁਲਕ ਇਸ ਸਦੀ ਦੀ ਤਕਦੀਰ ਨਿਰਧਾਰਤ ਕਰਨਗੇ ਜੋ ਸੰਜਮ, ਪਾਰਦਰਸ਼ਿਤਾ ਅਤੇ ਤਾਲਮੇਲ ਦਾ ਸਬੂਤ ਦੇਣਗੇ। ਇਹ ਵੱਖਰੀ ਗੱਲ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਹੋਈ ਹਾਲੀਆ ਬੈਠਕ ਵਿੱਚ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿੱਚ ਆਈ ਕੁੜੱਤਣ ਕਾਫ਼ੀ ਹੱਦ ਤੱਕ ਦੂਰ ਹੋਈ ਜਾਪਦੀ ਹੈ ਪਰ ਇਹ ਸੁਖਾਵੇਂ ਰਿਸ਼ਤੇ ਕਦੋਂ ਤੱਕ ਬਰਕਰਾਰ ਰਹਿ ਸਕਣਗੇ, ਇਹ ਤਾਂ ਸਮਾਂ ਹੀ ਦੱਸੇਗਾ। ਬੈਠਕ ਤੋਂ ਬਾਅਦ ਟਰੰਪ ਨੇ ਜਿਨਪਿੰਗ ਦੀ ਤਾਰੀਫ਼ ਕੀਤੀ ਅਤੇ ਚੀਨ ’ਤੇ ਲਗਾਏ ਭਾਰੀ ਟੈਰਿਫ ਨੂੰ ਘਟਾਉਣ ਦਾ ਐਲਾਨ ਵੀ ਕੀਤਾ। ਕੁਝ ਵੀ ਹੋਵੇ, ਇਨ੍ਹਾਂ ਦੋਵਾਂ ਮਹਾਸ਼ਕਤੀਆਂ ਵਿਚਾਲੇ ਹਿੱਤਾਂ ਦੇ ਟਕਰਾਅ ਅਕਸਰ ਹੁੰਦੇ ਹੀ ਰਹਿਣਗੇ ਜਿਨ੍ਹਾਂ ਵਿੱਚ ਪਿਸਦੀ ਰਹੇਗੀ ਸਾਰੀ ਦੁਨੀਆ।

**(ਲੇਖਕ ਲੋਕ-ਨੀਤੀ ਵਿਸ਼ਲੇਸ਼ਕ ਹੈ)।**

# ਕੀ ਕੈਨੇਡਾ ਵਿੱਚ ਫੈਲ ਰਿਹਾ ਹੈ ਭ੍ਰਿਸ਼ਟਾਚਾਰ ?



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।

ਕੈਨੇਡਾ ਵਿਸ਼ਵ ਦੇ ਪਹਿਲੇ ਚਾਰ-ਪੰਜ ਭ੍ਰਿਸ਼ਟਾਚਾਰ ਰਹਿਤ ਵਧੀਆ ਦੇਸ਼ਾਂ ਵਿੱਚ ਸ਼ੁਮਾਰ ਹੁੰਦਾ ਸੀ। ਪਰ ਪਿਛਲੇ ਕੁਝ ਸਮੇਂ ਤੋਂ ਇਸ ਵਿੱਚ ਭ੍ਰਿਸ਼ਟਾਚਾਰ, ਗਬਨ, ਵਿੱਤੀ ਧੋਖਾਘੜੀ, ਫਿਰੌਤੀਆਂ ਦੇ ਵਾਧੇ ਕਰਕੇ ਹੁਣ ਇਹ 15ਵੀਂ ਪੁਜ਼ੀਸ਼ਨ ’ਤੇ ਪੁੱਜ ਗਿਆ ਹੈ। ਪੈਸੇਫਿਕ ਚੋਣਾਂ ਅਤੇ ਰੇਲ ਕੰਟ੍ਰੈਕਟ ਘੋਟਾਲੇ ਕਰਕੇ ਇਸਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ ਸੀ। ਕਦੇ ਅਜਿਹੀ ਸਵੱਛ ਸ਼ਾਸਨ ਅਤੇ ਪ੍ਰਸ਼ਾਸਨ ਵਾਲੀ ਛਵ੍ਹੀ ਹੁੰਦੀ ਸੀ ਇਸ ਦੇਸ਼ ਦੀ।

11 ਅਕਤੂਬਰ, 2025 ਨੂੰ ਕੈਨੇਡਾ ਦੀ ਨਾਮਵਰ ਅਖਬਾਰ ‘ਟੋਰਾਂਟੋ ਸਟਾਰ’ ਵਿੱਚ ਇਸਦੇ ਜਾਂਚਕਰਤਾ ਰਿਪੋਰਟਰ ਕੇਵਿਨ ਡੌਨੋਵਾਨ ਨੇ ਬਰੈਂਪਟਨ ਸਿਟੀ ਦੇ ਮੇਅਰ ਪੈਟਰਿਕ ਬਰਾਊਨ ਵੱਲੋਂ 18 ਦਸੰਬਰ, 2023 ਨੂੰ ਇੱਕ ਦਫਤਰੀ ਇਮਾਰਤ ਸਬੰਧੀ ਕੀਤੇ ਸਨਸਨੀਖ਼ੇਜ਼ ਸੌਦੇ ਤੋਂ ਪਰਤ ਦਰ ਪਰਤ ਪਰਦੇ ਹਟਾ ਕੇ ਪੂਰੇ ਕੈਨੇਡਾ ਅੰਦਰ ਰਾਜਨੀਤਕ, ਪ੍ਰਸ਼ਾਸਨਿਕ, ਵਿੱਤੀ ਕਾਰੋਬਾਰੀ ਬਿਕਰਮ ਢਿੱਲੋਂ ਵੱਲੋਂ ਬਰੈਂਪਟਨ ਸਿਟੀ ਤੋਂ ਇਹ ਇਮਾਰਤ ਸੰਨ 2023 ਵਿੱਚ 77.9 ਮਿਲੀਅਨ ਡਾਲਰ ਵਿੱਚ ਖਰੀਦੀ ਸੀ, ਜਿਸ ਕਰਕੇ ਕਾਰੋਬਾਰੀ ਨੂੰ 45 ਮਿਲੀਅਨ ਡਾਲਰ ਦੇ ਕਰੀਬ ਲਾਭ ਹੋਇਆ। ਇਹ ‘ਵਿੰਡਫਾਲ’ ਨੰਗਾ ਚਿੱਟਾ ਘੋਟਾਲਾ ਹੈ। 175 ਸੰਦਲਵੁੱਡ ਪਾਰਕ ਵੇਅ ਪੱਛਮ ਦੋ ਮੰਜਲਾ ਇਮਾਰਤ, ਉੱਤਰ-ਪੂਰਬ ਬਰੈਂਪਟਨ ਵਿੱਚ 16 ਏਕੜ ਸਨਅਤੀ ਜ਼ੋਨ ਵਿੱਚ ਪਿੰਕ ਸਟੋਨ ਅਤੇ ਸ਼ੀਸੇ ਨਾਲ ਉਸਾਰੀ ਕਦੇ ਔਂਟੇਰੀਓ ਪ੍ਰਾਂਤ ਦੇ 17 ਭਾਈਚਾਰਿਆਂ ਲਈ ਬਿਜਲੀ ਸਪਲਾਈ ਕਰਨ ਵਾਲੀ ਏਲੈਕਟਰਾ ਯੂਟਿਲਟੀ ਕੰਪਨੀ ਦੀ ਜਾਇਦਾਦ ਸੀ। ਸੰਨ 2020 ਵਿੱਚ ਇਸ ਕੰਪਨੀ ਨੂੰ ਹੋਰ ਦਫਤਰਾਂ ਦੀ ਲੋੜ ਕਰਕੇ ਇਸਦੇ ਬੁਲਾਰੇ ਬਲੇਅਰ ਪੇਬਰਡੀ ਅਨੁਸਾਰ ਇੱਕ ਨੰਬਰਡ ਕੰਪਨੀ ਨੂੰ ਵੇਚ ਦਿੱਤੀ 32.5 ਮਿਲੀਅਨ ਡਾਲਰ ਵਿੱਚ। ਤਿੰਨ ਹਫਤੇ ਬਾਅਦ ਇਸਨੂੰ ਬੀ.ਵੀ.ਡੀ. ਪੈਟਰੋਲੀਅਮ ਕੰਪਨੀ ਮਾਲਿਕ ਨੇ 21 ਮਿਲੀਅਨ ਮਾਰਗੇਜ਼ ਮਾਰਫਤ ਇਹ ਖਰੀਦ ਲਈ। ਉਸਨੇ ਤਿੰਨ ਸਾਲ ਲਈ 5.3 ਮਿਲੀਅਨ ਡਾਲਰ ਲੀਜ਼ ’ਤੇ ਇਸਦੀ ਪਹਿਲੀ ਏਲੈਕਟਰਾ ਯੂਟਿਲਟੀ ਕੰਪਨੀ ਨੇ ਲੈ ਲਈ।

ਸਤੰਬਰ 20, 2023 ਨੂੰ ਸਪੈਸ਼ਲ ਸਿਟੀ ਕੌਂਸਲ ਮੀਟਿੰਗ ਵਿੱਚ ਸਪੀਡ ਕੈਮਰਾ ਹੱਬ ਦਾ ਮੁੱਦਾ ਵਿਚਾਰਿਆ ਪਰ ਮੇਅਰ ਪੈਟਰਿਕ ਬਰਾਊਨ ਨੇ ਇਸ ਲਈ ਸੰਦਲਵੁੱਡ ਪਾਰਕ ਦਫਤਰ ਖਰੀਦਣ ਬਾਰੇ ਗੱਲ ਨਾ ਕੀਤੀ। ਸਤੰਬਰ 29 ਦੀ ਮੀਟਿੰਗ ਬੰਦ ਕਮਰੇ ਵਿੱਚ ਹੋਈ ਜਿਸ ਵਿੱਚ ਮੇਅਰ ਨੇ ਦੱਸਿਆ ਕਿ ਉਸਨੇ ਸਟਾਫ ਨੂੰ 77.9 ਮਿਲੀਅਨ ਦੀ ਸੰਦਲ ਵੁੱਡ ਇਮਾਰਤ ਖਰੀਦਣ ਲਈ ਕਿਹਾ ਹੈ। ਉਸਨੇ




ਇਸਦਾ ਪ੍ਰਸਤਾਵ ਪੇਸ਼ ਕੀਤਾ ਜਿਸਦੀ ਤਾਈਦ ਕੌਂਸਲਰ ਰੋਵਨਾ ਸਨਤੋਸ ਨੇ ਕੀਤੀ। ਬਾਕੀ ਮੈਂਬਰ ਗੂੰਗੇ ਬਣੇ ਬੈਠੇ ਰਹੇ। ਭਾਵੇਂ ਇੱਕ ਐੱਮ.ਪੀ.ਆਰ. ਮੁਲਾਂਕਣ ਕੰਪਨੀ ਨੇ ਇਸਦੀ ਕੀਮਤ 67.5 ਮਿਲੀਅਨ ਲਾਈ ਪਰ ਇਸ ਨੂੰ ਖਰੀਦਿਆ 77.9 ਮਿਲੀਅਨ ਵਿੱਚ। ਬੱਸ ਇੱਥੋਂ ਇਸ ਘੁਟਾਲੇ, ਇਸਦੇ ਸ਼ਾਜਸ਼ਕਾਰ ਮੇਅਰ ਅਤੇ ਕਾਰੋਬਾਰੀ ’ਤੇ ਸ਼ੱਕ ਉਜਾਗਰ ਹੁੰਦਾ ਹੈ।

ਟੋਰਾਂਟੋ ਸਟਾਰ ਵੱਲੋਂ ਜਾਣਕਾਰੀ ਮੰਗਣ ’ਤੇ ਇਸ ਨੂੰ ‘ਗੁਪਤ ਅਧਿਕਾਰ’ ਅਤੇ ‘ਕਾਰੋਬਾਰੀ ਗੁਪਤਤਾ’ ਦੇ ਢੁੱਚਰ ਹੇਠ ਨਾਂਹ ਕਰ ਦਿੱਤੀ ਜਦਕਿ ਸੂਚਨਾ ਦੇ ਅਧਿਕਾਰ ਹੇਠ ਜੋ ਸੌਦਾ ਪਬਲਿਕ ਡੋਮੇਨ ਵਿੱਚ ਆ ਜਾਵੇ, ਉਸਦੀ ਜਾਣਕਾਰੀ ਦੇਣੀ ਬਣਦੀ ਹੈ।

ਕਾਰੋਬਾਰੀ ਬਿਕਰਮ ਢਿੱਲੋਂ ਨੇ ‘ਟੋਰਾਂਟੋ ਸਟਾਰ’ ਵੱਲੋਂ ਲਿਖਤੀ, ਟੈਲੀਫੋਨ ਕਾਲਾਂ, ਈਮੇਲ ਅਤੇ ਨਿੱਜੀ ਤੌਰ ’ਤੇ ਜਾਣਕਾਰੀ ਦੇਣ ਤੋਂ ਟਾਲਾ ਵੱਟੀ ਰੱਖਿਆ। ਮੇਅਰ ਨੇ ਈਮੇਲ ਰਾਹੀਂ ਦੱਸਿਆ ਕਿ ਇਹ ਸਿਟੀ ਲਈ ਜ਼ਰੂਰੀ ਸੀ ਅਤੇ ਵਧੀਆ ਸੌਦਾ ਸੀ। ਜਿਸ ਮੰਤਵ ਲਈ ਇਹ ਇਮਾਰਤ ਖਰੀਦੀ ਪਿਛਲੇ ਦੋ ਸਾਲ ਤੋਂ ਉਸ ਲਈ ਨਹੀਂ ਵਰਤੀ ਗਈ। ਬਿਕਰਮ ਢਿੱਲੋਂ ਮੇਅਰ ਦਾ ਚਹੇਤਾ ਹੈ, ਜਿਸ ਨੂੰ ਅਗਸਤ 2023 ਵਿੱਚ ‘ਸ਼ਹਿਰ ਦਾ ਸਰਵੋਤਮ ਨਾਗਰਿਕ’ ਵਜੋਂ ਸਨਮਾਨਿਤ ਕੀਤਾ। ਉਹ ਕਈ ਸਮਾਗਮਾਂ ਵਿੱਚ ਉਸ ਨਾਲ ਦੇਖਿਆ ਗਿਆ।

**ਜਨਰੇਸ਼ਨਲ ਫੰਡ:** ਬਰੈਂਪਟਨ ਲਈ ਜਨਰੇਸ਼ਨਲ ਪ੍ਰਾਜੈਕਟ ਫੰਡ 100 ਮਿਲੀਅਨ ਡਾਲਰ ਰੱਖਿਆ ਸੀ ਜੋ ਸੰਨ 2023 ਵਿੱਚ 20 ਮਿਲੀਅਨ, ਮਾਰਚ, 2025 ਵਿੱਚ ਸਿਰਫ 11 ਮਿਲੀਅਨ ਰਹਿ ਗਿਆ ਹੈ। ਸਟਾਰ ਨੇ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਵੱਲੋਂ ਸੰਦਲ ਵੁੱਡ ਘੁਟਾਲੇ ਦੀ ਜਾਂਚ ਦੀ ਮੰਗ ਕੀਤੀ ਹੈ। ਕਦੇ ਔਂਟੇਰੀਓ ਕੰਜ਼ਰਵੇਟਿਵ ਪਾਰਟੀ ਦੇ ਆਗੂ ਦੇ ਉਮੀਦਵਾਰ ਰਹੇ ਮੇਅਰ ਪੈਟਰਿਕ ਬਰਾਊਨ ਵਿਰੁੱਧ ਪ੍ਰੀਮੀਅਰ ਡੱਗ ਫੋਰਡ ਨੂੰ ਸੰਦਲਵੁੱਡ ਅਤੇ ਜਨਰੇਸ਼ਨਲ ਪ੍ਰਾਜੈਕਟ ਫੰਡ ਘੋਟਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਤੇ ਜਾਂਚ ਕਰਾਉਣੀ ਚਾਹੀਦੀ ਹੈ।

**ਬੰਗਲਾਦੇਸ਼ ਭ੍ਰਿਸ਼ਟਾਚਾਰ:** 5 ਅਕਤੂਬਰ, 2025 ਨੂੰ ਬੰਗਲਾ ਦੇਸ਼ ਦੀ ਸਭ ਤੋਂ ਵੱਡੀ ਅਖ਼ਬਾਰ ‘ਪ੍ਰਤੀਦਿਨ’ ਨੇ ਦੇਸ਼ ਅੰਦਰ ਸਨਸਨੀ ਖੇਜ ‘ਬੇਗਮਪਾਰਾ’ ਨਾਮਕ ਭ੍ਰਿਸ਼ਟਾਚਾਰ ਨੂੰ ਬੇਨਕਾਬ ਕੀਤਾ ਹੈ। 24 ਅਗਸਤ 2025 ਨੂੰ ਅੰਤ੍ਰਿਮ ਸਰਕਾਰ ਨੇ ਧਨਾਢ, ਚੋਰ, ਭ੍ਰਿਸ਼ਟਾਚਾਰੀ ਬੰਗਲਾਦੇਸ਼ੀ ਰਾਜਨੀਤੀਵਾਨਾਂ, ਅਫਸ਼ਰਸ਼ਾਹਾਂ ਅਤੇ ਕਾਰੋਬਾਰੀਆਂ ਵੱਲੋਂ ਬਿਲੀਅਨ ਡਾਲਰ ਗਲਤ ਢੰਗ ਨਾਲ ਦੇਸ਼ ਵਿੱਚੋਂ ਲਿਜਾ ਕੇ ਵਿਦੇਸ਼ਾਂ ਵਿੱਚ ਜੋ ਜਾਇਦਾਦਾਂ ਖਰੀਦਣ ਅਤੇ ਕਾਰੋਬਾਰਾਂ ਲਾਏ ਹਨ, ਉਨ੍ਹਾਂ ਦੀ ਰਿਕਵਰੀ ਦੇ ਹੁਕਮਾਂ ਦਾ ਖੁਲਾਸਾ ਵੀ ਕੀਤਾ ਹੈ। ਕਰੀਬ 1000 ਬੰਗਲਾਦੇਸ਼ੀ ਰਾਜਨੀਤੀਵਾਨਾਂ, ਉੱਚ ਅਫਸਰਸ਼ਾਹਾਂ, ਕਾਰੋਬਾਰੀਆਂ ਦੇ ਨਾਂਅ ਇਸ ਵਿੱਚ ਸ਼ਾਮਲ ਹਨ. ਜਿਨ੍ਹਾਂ ਨੇ ਕੈਨੇਡਾ ਵਿੱਚ ਸਥਾਈ ਨਾਗਰਿਕਤਾ ਲਈ ਨਿਵੇਸ਼ ਕੀਤਾ। ਸੰਨ 2006 ਤੋਂ 2024 ਤਕ 44000 ਬੰਗਲਾਦੇਸ਼ੀਆਂ ਨੇ ਕੈਨੇਡਾ ਦੀ ਪੀ. ਆਰ. ਪ੍ਰਾਪਤ ਕੀਤੀ। ਆਮ ਪਰਵਾਸੀ ਨੂੰ ਇਸ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ ਜਦੋਂ ਕਿ ਭ੍ਰਿਸ਼ਟਾਚਾਰੀ ਇਸ ਨੂੰ ਲੁੱਟੇ ਧਨ ਨਾਲ ਖਰੀਦ ਲੈਂਦੇ ਹਨ।

‘ਬਗਮਪਾਰਾ’ ਬੰਗਲਾ ਵਿੱਚ ‘ਔਰਤਾਂ ਦੀ ਕਲੋਨੀ’ ਕਹੀ ਜਾਂਦੀ ਹੈ। ਧਨਾਢ ਭ੍ਰਿਸ਼ਟਾਚਾਰੀ ਬੰਗਲਾ ਦੇਸ਼ੀਆਂ ਨੇ ਔਰਤਾਂ ਅਤੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਵਸਣ ਲਈ ਇਹ ਢੰਗ ਵਰਤਿਆ। ਮਿਸਾਲ ਵਜੋਂ ਇੱਕ ਸਾਬਕਾ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਡਾ. ਅਹਮਦ ਕਲਕੌਸ ਸਟੱਡੀ ਲੀਵ ’ਤੇ ਅਮਰੀਕਾ ਜਾਂਦਾ ਹੈ। ਉੱਥੇ ਜਾਅਲੀ ਕੰਪਨੀਆਂ ਬਣਾਉਂਦਾ ਹੈ ਆਪਣੇ ਪਰਿਵਾਰ ਦੇ ਨਾਂਅ ’ਤੇ। ਉੱਥੇ ਨਾਗਰਿਕਤਾ ਪ੍ਰਾਪਤ ਕਰਦਾ ਹੈ। ਫਿਰ ਉਨ੍ਹਾਂ ਨੂੰ ਕੈਨੇਡਾ ਸ਼ਿਫਟ ਕਰਕੇ ਬੇਗਮ ’ਤੇ ਪਰਿਵਾਰ ਨੂੰ ਉੱਥੇ ਭੇਜ ਦਿੰਦਾ ਹੈ। ਇਵੇਂ ਬੰਗਲਾ ਦੇਸ਼ ਸਰਕਾਰੀ ਟੀ.ਵੀ. ਚੈਨਲ ਦੀ ਕਾਰਜਕਾਰੀ ਅਧਿਕਾਰੀ ਆਪਣੇ ਪਤੀ ਨੂੰ ਕੈਨੇਡਾ ਭੇਜ ਕੇ ਹਵਾਲਾ ਰਾਹੀਂ ਲੱਖਾਂ ਡਾਲਰ ਭੇਜ ਕੇ ਉੱਥੇ ਵਸਦੀ ਹੈ।

**(ਬਾਕੀ ਸਫ਼ਾ 27 ’ਤੇ)**







**ਪੰਜਾਬ ਦੀ ਨਵੀਂ ਪੀੜ੍ਹੀ ਨੂੰ ਅੰਗ੍ਰੇਜ਼ੀ ਮਹੀਨਿਆਂ ਬਾਰੇ ਤਾਂ ਪੂਰੀ ਜਾਣਕਾਰੀ ਹੁੰਦੀ ਹੈ ਪਰ ਪੰਜਾਬ ਦੇ ਦੇਸੀ ਮਹੀਨਿਆਂ ਬਾਰੇ ਉਹਨਾਂ ਨੂੰ ਗਿਆਨ ਘੱਟ ਹੁੰਦਾ ਹੈ। ਇਸੇ ਕਾਰਨ ਪੰਜਾਬ ਡਾਇਰੀ ਰਾਹੀਂ ਪੰਜਾਬ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੰਜਾਬ ਦੀ ਅਨਮੋਲ ਵਿਰਾਸਤ ਦੇਸੀ ਮਹੀਨਿਆਂ ਬਾਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹਨਾਂ ਦੇਸੀ ਮਹੀਨਿਆਂ ਅਨੁਸਾਰ ਹੀ ਪੰਜਾਬ ਦੀਆਂ ਰੁੱਤਾਂ ਦੀ ਆਮਦ ਅਤੇ ਰਵਾਨਗੀ ਹੁੰਦੀ ਹੈ ਅਤੇ ਰੁੱਤਾਂ ਤੇ ਦੇਸੀ ਮਹੀਨਿਆਂ ਬਾਰੇ ਆਪਸੀ ਤਾਲਮੇਲ ਵੇਖਣਯੋਗ ਹੁੰਦਾ ਹੈ।**



ਅੰਮ੍ਰਿਤ ਵੇਲੇ ਰੁਮਕਦੀ ਠੰਡੀ ਸ਼ੀਤਲ ਹਵਾ, ਚੜ੍ਹਦੇ ਸੂਰਜ ਦੀ ਚੁਫੇਰੇ ਫੈਲੀ ਲਾਲੀ, ਵਾਤਾਵਰਣ ਵਿੱਚ ਗੂੰਜਦਾ ਦੇਸੀ ਅਤੇ ਪਰਵਾਸੀ ਪੰਛੀਆਂ ਦੀਆਂ ਮਨਮੋਹਨੀਆਂ ਆਵਾਜ਼ਾਂ ਵਾਲਾ ਸੰਗੀਤ, ਨਰਮ ਘਾਹ ਅਤੇ ਫੁੱਲ ਪੌਦਿਆਂ 'ਤੇ ਪਈਆਂ ਤਰੇਲ ਦੀਆਂ ਬੂੰਦਾਂ, ਹਰ ਪਾਸੇ ਹੁੰਦੇ ਵਿਆਹਾਂ ਦੀ ਗੂੰਜਦੀ ਸ਼ਹਿਨਾਈ, ਵੱਜਦੇ ਢੋਲ ਨਗਾੜੇ ਅਤੇ ਪੈਂਦੇ ਗਿੱਧੇ ਭੰਗੜੇ ਦੀ ਧਮਕ, ਵਿਆਹ ਸਮਾਗਮਾਂ ਵਿੱਚ ਲਾੜੀਆਂ ਦੀਆਂ ਭੈਣਾਂ ਅਤੇ ਸਹੇਲੀਆਂ ਦਾ ਗੂੰਜਦਾ ਹਾਸਾ, ਠਾਰੀ ਸਵੇਰ 'ਚ ਗਰਮ ਚਾਹ ਪੀਣ ਨੂੰ ਕਰਦਾ ਜੀਅ ਮੱਘਰ ਮਹੀਨੇ ਦੀ ਆਮਦ ਦਾ ਸੂਚਕ ਹਨ।

ਮੱਘਰ ਮਹੀਨੇ ਵਿੱਚ ਮਿਸਰ ਰੁੱਤ ਹੁੰਦੀ ਹੈ, ਜੋ ਕਿ ਪੋਹ ਮਹੀਨੇ ਵੀ ਜਾਰੀ ਰਹਿੰਦੀ ਹੈ। ਮੱਘਰ ਮਹੀਨਾ ਗ੍ਰੇਗਰੀ ਅਤੇ ਜੂਲੀਅਨ ਕੈਲੰਡਰਾਂ ਵਿੱਚ ਅੱਧਾ ਨਵੰਬਰ ਮਹੀਨੇ ਅਤੇ ਅੱਧਾ ਦਸੰਬਰ ਮਹੀਨੇ ਆਉਂਦਾ ਹੈ। ਇਹ ਨਵੰਬਰ ਦੇ ਅੱਧ ਵਿੱਚ ਸ਼ੁਰੂ ਹੋ ਕੇ ਦਸੰਬਰ ਮਹੀਨੇ ਦੇ ਅੱਧ ਤੱਕ ਰਹਿੰਦਾ ਹੈ। ਮੱਘਰ ਮਹੀਨੇ ਵਿੱਚ ਪੋਹ ਮਾਘ ਵਰਗੀ ਸਖ਼ਤ ਸਰਦੀ ਪੈਣ ਤੋਂ ਪਹਿਲਾਂ ਜੋ ਦਰਮਿਆਨੀ ਠੰਡ ਪੈਂਦੀ ਹੈ, ਉਸ ਨੂੰ ਗੁਲਾਬੀ ਠੰਡ ਕਹਿੰਦੇ ਹਨ।

ਮੱਘਰ ਮਹੀਨੇ ਬਾਰੇ ਬੁੱਲੇ ਸ਼ਾਹ ਨੇ ਲਿਖਿਆ ਹੈ

ਮਘਰਿ ਮੈਂ ਪਾਰਿ ਮਿਤ੍ਰ ਨਾ ਜਾਂਦਾ
ਰਾਖਸ਼ ਨੇਹੁ ਹੱਡਾਂ ਨੂੰ ਖਾਂਦਾ

ਇਸੇ ਤਰਾਂ ਫਜ਼ਲ ਸ਼ਾਹ ਨੇ ਮੱਘਰ ਮਹੀਨੇ ਬਾਰੇ ਲਿਖਿਆ ਹੈ

ਚੜ੍ਹੇ ਮਘਰ ਹੋਈ ਨਿਰਾਸ਼
ਟੁੱਟ ਗਈ ਆਸ
ਪ੍ਰੋਤਾ ਮਾਸ, ਸਮੇਂ ਦੇ ਤੀਰ ਨੇ।

ਮੱਘਰ ਮਹੀਨੇ ਦਾ ਵਰਣਨ ਆਪਣੀਆਂ ਰਚਨਾਵਾਂ ਵਿਚ ਕਰਦੇ ਹੋਏ ਗੁਲਾਮ ਹੁਸੈਨ ਨੇ ਲਿਖਿਆ ਹੈ

ਮੱਘਰ ਚੜ੍ਹੇ ਜੋ ਸਰਦੀ ਹੋਈ
ਬੰਦੀ ਬ੍ਰਿਹੋ ਨੇ ਬੰਨ ਪਰੋਈ

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸੂਫ਼ੀ ਕਵੀਆਂ, ਫਕੀਰਾਂ ਨੇ ਆਪਣੀਆਂ ਰਚਨਾਵਾਂ ਵਿਚ ਮੱਘਰ ਮਹੀਨੇ ਦਾ ਵਰਨਣ ਖ਼ੂਬਸੂਰਤ ਤਰੀਕੇ ਨਾਲ ਕੀਤਾ ਹੈ।





ਮੱਘਰ ਮਹੀਨੇ ਬਾਰੇ ਸਿਆਣੇ ਲੋਕ ਕਹਿੰਦੇ ਹਨ ਕਿ ਇਸ ਮਹੀਨੇ ਵਿਆਹ ਕਰਵਾਉਣ ਵਾਲੇ ਜੋੜੇ ਲੰਮੀਂ ਉਮਰ ਭੋਗਦੇ ਹਨ ਅਤੇ ਚੰਗੀ ਸੰਤਾਨ ਦੀ ਪ੍ਰਾਪਤੀ ਵੀ ਜਲਦੀ ਹੁੰਦੀ ਹੈ। ਪਰਵਾਸੀ ਪੰਜਾਬੀ ਵੀ ਇਸ ਮਹੀਨੇ ਪੰਜਾਬ ਆ ਕੇ ਆਪਣੇ ਜਾਂ ਆਪਣੇ ਧੀਆਂ ਪੁੱਤਾਂ ਦੇ ਵਿਆਹ ਧੂਮ ਧਾਮ ਨਾਲ ਕਰਦੇ ਹਨ। ਪੰਜਾਬ ਦੇ ਲੋਕ ਗੀਤਾਂ ਵਿੱਚ ਜਿਕਰ ਆਉਂਦਾ ਹੈ ਕਿ ਮੱਘਰ ਮਹੀਨੇ ਹੀ ਧੀ ਆਪਣੇ ਬਾਬਲ ਨੂੰ ਆਪਣਾ ਵਿਆਹ ਮੱਘਰ ਮਹੀਨੇ ਹੀ ਕਰਨ ਲਈ ਕਹਿੰਦੀ ਹੈ, ਗੀਤ ਦੇ ਬੋਲ ਹਨ-

ਮੈਂ ਤੈਨੂੰ ਬਾਬਲ ਆਖਦੀ,
ਮੇਰਾ ਮੱਘਰ ਕਰੀਂ ਵਿਆਹ ਵੇ,
ਤੇਰਾ ਭੱਤ ਨਾ ਬੁੱਸੇ
ਤੇਰਾ ਗੋਤ ਨਾ ਰੁੱਸੇ
ਤੇਰਾ ਦਹੀਂ ਨਾ ਫਿੱਟਿਆ ਜਾਉ ਵੇ।

ਜਿਨ੍ਹਾਂ ਮੁਟਿਆਰਾਂ ਦੇ ਕੰਤ ਪਰਦੇਸੀ ਹੁੰਦੇ ਹਨ ਉਹ ਮੁਟਿਆਰਾਂ ਆਪਣੇ ਕੰਤ ਨੂੰ ਮੱਘਰ ਮਹੀਨੇ ਪਰਦੇਸ ਨਾ ਜਾਣ ਲਈ ਅਰਜੋਈ ਕਰਦੀਆਂ ਹਨ

ਮੱਘਰ ਨਾ ਜਾਈਂ ਚੰਨਾ, ਲੇਫ ਰੰਗਾਵਣੇ
ਪੋਹ ਨਾ ਜਾਈਂ ਚੰਨਾ ਰਾਤਾਂ ਵੇ ਕਾਲੀਆਂ।

ਮੱਘਰ ਮਹੀਨੇ ਗਰਮ ਸ਼ਾਲ ਲਈ ਬੈਠੀਆਂ ਔਰਤਾਂ ਅਕਸਰ ਹੀ ਸਵੈਟਰ, ਕੋਟੀਆਂ, ਦਸਤਾਨੇ , ਮਫ਼ਲਰ ਬੁਣਦੀਆਂ ਨਜ਼ਰ ਆ ਜਾਂਦੀਆਂ ਹਨ। ਅੱਜ ਭਾਵੇਂ ਰੈਡੀਮੇਡ ਗਰਮ ਕਪੜਿਆਂ ਦਾ ਹੀ ਜ਼ਮਾਨਾ ਹੈ ਪਰ ਫਿਰ ਵੀ ਮੇਰੇ ਵਰਗੇ ਲੋਕ ਘਰ ਦੀ ਬੁਣੀ ਕੋਟੀ ਪਾਉਣ ਵਿੱਚ ਮਾਣ ਮਹਿਸੂਸ ਕਰਦੇ ਹਨ।

ਇਹ ਇੱਕ ਹਕੀਕਤ ਹੈ ਕਿ ਇਸ ਮਹੀਨੇ ਹੁੰਦੇ ਵਿਆਹਾਂ ਵਿੱਚ ਔਰਤਾਂ ਦੇ ਗਰਮ ਕੱਪੜੇ ਘੱਟ ਹੀ ਪਾਏ ਦਿਖਾਈ ਦਿੰਦੇ ਹਨ। ਵੱਡੀ ਗਿਣਤੀ ਔਰਤਾਂ ਵਿਆਹਾਂ ਮੌਕੇ ਲਹਿੰਗਾ, ਚੋਲੀ ਜਾਂ ਇਸ ਤਰਾਂ ਦੇ ਹੀ ਹੋਰ ਕੱਪੜੇ ਪਾਉਂਦੀਆਂ ਹਨ। ਮੱਘਰ ਮਹੀਨੇ ਵਿੱਚ ਵਿਆਹਾਂ ਵਿੱਚ ਪਰੋਸੇ ਜਾਣ ਵਾਲੇ ਪਦਾਰਥ ਵੀ ਬਦਲ ਜਾਂਦੇ ਹਨ। ਭਾਵੇਂ ਕੋਲਡ ਡਰਿੰਕ ਅਤੇ ਆਈਸਕ੍ਰੀਮ ਪੂਰੀ ਸਰਦੀ ਵਿੱਚ ਵੀ ਅੱਜ ਕੱਲ੍ਹ ਖਾਧੀ ਜਾਂਦੀ ਹੈ ਪਰ ਵਿਆਹਾਂ ਵਿੱਚ ਗਾਜਰ ਦਾ ਹਲਵਾ, ਖੋਏ ਦੇ ਬਣੇ ਪਕਵਾਨ ਅਤੇ ਹੋਰ ਗਰਮ ਚੀਜ਼ਾਂ ਵਧੇਰੇ ਪਰੋਸੀਆਂ ਜਾਂਦੀਆਂ ਹਨ। ਇਸੇ ਤਰਾਂ ਮੱਘਰ ਮਹੀਨੇ ਵਿੱਚ ਬਾਜ਼ਾਰਾਂ ਵਿੱਚ ਵਿਕਣ ਵਾਲੀਆਂ ਚੀਜ਼ਾਂ ਵਿੱਚ ਵੀ ਬਦਲਾਓ ਆ ਜਾਂਦਾ ਹੈ। ਜੇਠ ਹਾੜ ਵਿੱਚ ਲੱਗੀਆਂ ਥਾਂ ਥਾਂ ਨਿੰਬੂ ਪਾਣੀ, ਲੈਮਨ, ਜਲ ਜੀਰਾ ਤੇ ਕੁਲਫ਼ੀਆਂ ਦੀਆਂ ਰੇਹੜੀਆਂ ਦੀ ਥਾਂ ਉੱਬਲੇ ਅੰਡੇ, ਪੀਜ਼ਾ, ਟਿੱਕੀਆਂ ਦੀਆਂ ਵਧੇਰੇ ਰੇਹੜੀਆਂ ਲੱਗ ਜਾਂਦੀਆਂ ਹਨ। ਹੋਟਲਾਂ ਤੇ ਰੈਸਟੋਰੈਂਟਾਂ ਵਿੱਚ ਵੀ ਠੰਡੀ ਖੀਰ ਦੀ ਥਾਂ ਗਰਮ ਖੀਰ ਪਰੋਸਣੀ ਸ਼ੁਰੂ ਹੋ ਜਾਂਦੀ ਹੈ। ਬਰਗਰ ਤੇ ਹਾਟ ਡਾਗ ਵਾਲੀਆਂ ਦੁਕਾਨਾਂ ਉਪਰ ਨੌਜਵਾਨ ਮੁੰਡੇ ਕੁੜੀਆਂ ਦੇ ਝੁੰਡ ਦਿਖਾਈ ਦਿੰਦੇ ਹਨ ਜੋ ਕਿ ਇਹਨਾਂ ਚੀਜ਼ਾਂ ਨੂੰ ਖਾਣ ਦੇ ਨਾਲ ਹੀ ਗਰਮ ਕੌਫੀਆਂ ਦੇ ਘੁੱਟ ਵੀ ਭਰਦੇ ਹੋਏ ਆਪਣੀਆਂ ਗੱਲਾਂ ਵਿੱਚ ਹੀ ਮਸਤ ਹੁੰਦੇ ਹਨ, ਦੁਨੀਆਂ ਦੀ ਉਹਨਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ।



ਪੁਰਾਣੇ ਸਮੇਂ ਵਾਂਗ ਪੰਜਾਬ ਦੇ ਕਈ ਇਲਾਕਿਆਂ ਵਿੱਚ ਅੱਜ ਵੀ ਮੁਟਿਆਰਾਂ ਮੱਘਰ ਮਹੀਨੇ ਵਿੱਚ ਰਾਤ ਸਮੇਂ ਚਰਖਾ ਡਾਹ ਲੈਂਦੀਆਂ ਹਨ। ਇਸ ਮਹੀਨੇ ਕਪਾਹ ਤਾਜ਼ੀ ਤਾਜ਼ੀ ਆਈ ਹੁੰਦੀ ਹੈ ਅਤੇ ਤਾਜ਼ੀ ਕਪਾਹ ਨੂੰ ਚਰਖੇ ਉੱਪਰ ਰਾਤ ਸਮੇਂ ਮਿੱਠੀ ਮਿੱਠੀ ਠੰਡ ਵਿੱਚ ਕੱਤਣ ਦਾ ਆਪਣਾ ਵੱਖਰਾ ਹੀ ਆਨੰਦ ਹੈ। ਕਈ ਮੁਟਿਆਰਾਂ ਆਪਣੇ ਪੇਕੇ ਜਾ ਕੇ ਚਰਖਾ ਕੱਤਦੀਆਂ ਹਨ। ਕਈ ਮੁਟਿਆਰਾਂ ਚਰਖਾ ਕੱਤਦੀਆਂ ਹੋਈਆਂ ਆਪਣੀ ਸੁਰੀਲੀ ਆਵਾਜ਼ ਵਿੱਚ ਲੰਮੀਂ ਹੇਕ ਵੀ ਲਾ ਦਿੰਦੀਆਂ ਹਨ। ਟਿੱਕੀ ਚੰਨ ਚਾਨਣੀ ਰਾਤ ਵਿੱਚ ਚਰਖਾ ਕੱਤਦੀ ਕਿਸੇ ਮੁਟਿਆਰ ਵੱਲੋਂ ਗਾਇਆ ਜਾਂਦਾ ਸੁਰੀਲਾ ਗੀਤ ਸੁਣਕੇ ਕਈ ਗੱਭਰੂ ਗੁਲਾਬੀ ਰੰਗੇ ਸੁਪਨੇ ਵੇਖਣ ਲੱਗ ਜਾਂਦੇ ਹਨ।







# ਕੈਨੇਡਾ ਵਿੱਚ ਜਿਨਸੀ ਸ਼ੋਸ਼ਣ ਦਾ ਕਾਲਾ ਚਿਹਰਾ


## ਪੋਡਕਾਸਟਰ ਕੁਸ਼ਲ ਮਹਿਰਾ ਨੇ 13 ਭਾਰਤੀ ਕੁੜੀਆਂ ਨੂੰ ਵਾਪਸ ਭੇਜਿਆ, ਪਰਿਵਾਰਾਂ ਨੂੰ ਚਿਤਾਵਨੀ-ਬੱਚੇ ਨਾ ਭੇਜੋ !

ਓਟਾਵਾ/ਏ.ਟੀ.ਨਿਊਜ਼: ਕੈਨੇਡਾ, ਜੋ ਕਦੇ ਭਾਰਤੀ ਨੌਜਵਾਨਾਂ ਲਈ ਸੁਨਹਿਰੀ ਮੌਕਿਆਂ ਦਾ ਪ੍ਰਤੀਕ ਸੀ, ਅੱਜ ਉਹਨਾਂ ਲਈ ਨਿਰਾਸ਼ਾ ਦਾ ਕੇਂਦਰ ਬਣ ਗਿਆ ਹੈ। ਬੇਰੁਜ਼ਗਾਰੀ, ਨਸਲਵਾਦ ਤੇ ਜਿਨਸੀ ਸ਼ੋਸ਼ਣ ਕਾਰਨ ਭਾਰਤੀ ਪਰਿਵਾਰ ਚਿੰਤਤ ਹਨ। ਇਸ ਬਾਰੇ ਭਾਰਤੀ-ਕੈਨੇਡੀਅਨ ਯੂਟਿਊਬਰ ਤੇ ਪੋਡਕਾਸਟਰ ਕੁਸ਼ਲ ਮਹਿਰਾ ਨੇ ਖੁਲਾਸਾ ਕੀਤਾ ਹੈ ਕਿ ਉਹਨਾਂ ਨੇ ਬੀਤੇ ਤਿੰਨ ਸਾਲਾਂ ਵਿੱਚ 13 ਭਾਰਤੀ ਕੁੜੀਆਂ ਨੂੰ ਜਿਨਸੀ ਤਸਕਰੀ ਦੇ ਜਾਲ ਤੋਂ ਬਚਾਇਆ ਅਤੇ ਆਪਣੇ ਖਰਚੇ 'ਤੇ ਭਾਰਤ ਵਾਪਸ ਭੇਜਿਆ ਹੈ। ਮਹਿਰਾ ਨੇ ਭਾਰਤੀ ਪਰਿਵਾਰਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਉੱਚ ਸਿੱਖਿਆ ਲਈ ਬੱਚਿਆਂ ਨੂੰ ਕੈਨੇਡਾ ਨਾ ਭੇਜੋ, ਕਿਉਂਕਿ ਉੱਥੇ ਬੇਕਾਰ ਡਿਗਰੀਆਂ, ਧੋਖੇ ਅਤੇ ਸ਼ੋਸ਼ਣ ਦਾ ਖਤਰਾ ਵਧ ਰਿਹਾ ਹੈ। ਟੋਰਾਂਟੋ ਵਿੱਚ ਹੀ 4,000 ਤੋਂ ਵੱਧ ਭਾਰਤੀ ਔਰਤਾਂ ਦੇਹ ਵਪਾਰ ਵਿੱਚ ਫਸੀਆਂ ਹਨ, ਜਿਨ੍ਹਾਂ ਨੂੰ ਏਜੰਟਾਂ ਨੇ ਝੂਠੇ ਵਾਅਦਿਆਂ ਨਾਲ ਫਸਾਇਆ ਹੈ। ਕੈਨੇਡੀਅਨ ਯੂਨੀਵਰਸਿਟੀਆਂ ਅਤੇ ਕਾਲਜਾਂ 'ਤੇ ਵੀ ਧੋਖਾਧੜੀ ਦੇ ਗੰਭੀਰ ਦੋਸ਼ ਲੱਗੇ ਹਨ, ਜਿੱਥੇ ਡਿਪਲੋਮਾ ਮਿਲਾਂ ਵਾਂਗ ਡਿਗਰੀਆਂ ਵੇਚੀਆਂ ਜਾਂਦੀਆਂ ਹਨ ਪਰਮਾਨੈਂਟ ਰੈਜ਼ੀਡੈਂਸੀ (ਪੀ.ਆਰ.) ਦੇ ਝੂਠੇ ਸੁਪਨੇ ਵਿਖਾ ਕੇ। ਇਹ ਕਹਾਣੀ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਲੱਖਾਂ ਭਾਰਤੀ ਨੌਜਵਾਨਾਂ ਦੀ ਹੈ ਜੋ ਦਹਾਕਿਆਂ ਤੋਂ ਨਾਜਾਇਜ਼ ਤਰੀਕਿਆਂ ਨਾਲ ਅਮਰੀਕਾ ਅਤੇ ਕੈਨੇਡਾ ਜਾ ਰਹੇ ਹਨ। ਪਹਿਲਾਂ ਤਾਂ ਇਹ ਛੋਟੇ-ਮੋਟੇ ਗ਼ੈਰ-ਕਨੂੰਨੀ ਰਸਤੇ ਸਨ, ਪਰ ਹੁਣ ਇਹ ਇੱਕ ਵੱਡਾ ਗ਼ੈਰ-ਕਾਨੂੰਨੀ ਉਦਯੋਗ ਬਣ ਗਿਆ ਹੈ। ਏਜੰਟ ਲੱਖਾਂ ਰੁਪਏ ਲੈ ਕੇ ਭਾਰਤੀਆਂ ਨੂੰ ਬਾਡਰ ਪਾਰ ਕਰਾਉਂਦੇ ਹਨ, ਪਰ ਪਹੁੰਚਣ ਤੋਂ ਬਾਅਦ ਉਹ ਸ਼ੋਸ਼ਣ ਦੇ ਸ਼ਿਕਾਰ ਹੋ ਜਾਂਦੇ ਹਨ। ਕੁਸ਼ਲ ਮਹਿਰਾ, ਜੋ 2001 ਤੋਂ ਕੈਨੇਡਾ ਵਿੱਚ ਰਹਿ ਰਹੇ ਹਨ, ਨੇ ਕਿਹਾ, 'ਪਿਛਲੇ ਤਿੰਨ ਸਾਲਾਂ ਵਿੱਚ ਮੈਂ ਖੁਦ ਆਪਣੇ ਖਰਚੇ 'ਤੇ 13 ਕੁੜੀਆਂ ਨੂੰ ਭਾਰਤ ਵਾਪਸ ਭੇਜਿਆ ਸੀ, ਕਿਉਂਕਿ ਉਹਨਾਂ ਨਾਲ ਜਿਨਸੀ ਤਸਕਰੀ ਕੀਤੀ ਜਾ ਰਹੀ ਸੀ। ਕਿਰਪਾ ਕਰੋ, ਕੈਨੇਡਾ ਬੱਚੇ ਨਾ ਭੇਜੋ।' ਇਸ ਗੱਲ ਨੇ ਨਾ ਸਿਰਫ਼ ਭਾਰਤੀ ਕੌਮਾਂਤਰੀ ਵਿਦੇਸ਼ ਮੰਤਰਾਲੇ ਨੂੰ ਹਲੂਣਾ ਦਿੱਤਾ ਹੈ, ਸਗੋਂ ਕੈਨੇਡੀਅਨ ਸਰਕਾਰ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਦਿੱਤਾ ਹੈ।



ਕੁਸ਼ਲ ਮਹਿਰਾ ਇੱਕ ਆਮ ਭਾਰਤੀ ਪਰਿਵਾਰ ਵਿਚੋਂ ਹਨ, ਜਿਨ੍ਹਾਂ ਨੇ 2001 ਵਿੱਚ ਕੈਨੇਡਾ ਦੀ ਨਾਗਰਿਕਤਾ ਲਈ ਸੀ । ਉਹ 'ਦ ਕਾਰਵਾਕਾ ਪੋਡਕਾਸਟ' ਦੇ ਹੋਸਟ ਹਨ ਅਤੇ ਯੂਟਿਊਬ 'ਤੇ ਲੱਖਾਂ ਫਾਲੋਅਰਾਂ ਵਾਲੇ ਚੈਨਲ ਚਲਾਉਂਦੇ ਹਨ। ਉਹਨਾਂ ਦੀਆਂ ਵੀਡੀਓਜ਼ ਵਿੱਚ ਕੈਨੇਡਾ ਦੀ ਸਮਾਜਿਕ ਅਤੇ ਰਾਜਨੀਤਿਕ ਹਕੀਕਤ ਨੂੰ ਬੇਰੁਖੀ ਨਾਲ ਉਜਾਗਰ ਕੀਤਾ ਜਾਂਦਾ ਹੈ। ਪਰ ਇਹਨਾਂ 13 ਕੁੜੀਆਂ ਨੂੰ ਬਚਾਉਣ ਵਾਲੀ ਕਹਾਣੀ ਉਹਨਾਂ ਦੇ ਜੀਵਨ ਦਾ ਸਭ ਤੋਂ ਭਿਆਨਕ ਅਧਿਆਇ ਹੈ। ਮਹਿਰਾ ਨੇ ਦੱਸਿਆ ਕਿ ਇਹ ਕੁੜੀਆਂ ਜ਼ਿਆਦਾਤਰ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ ਸਨ, ਜਿਨ੍ਹਾਂ ਨੂੰ ਏਜੰਟਾਂ ਨੇ ਉੱਚ ਸਿੱਖਿਆ ਅਤੇ ਨੌਕਰੀ ਦੇ ਸੁਪਨੇ ਵਿਖਾ ਕੇ ਕੈਨੇਡਾ ਲਿਆਂਦਾ ਸੀ। ਪਹੁੰਚਣ ਤੋਂ ਬਾਅਦ, ਉਹਨਾਂ ਨੂੰ ਡਿਪਲੋਮਾ ਕੋਰਸਾਂ ਵਿੱਚ ਦਾਖਲ ਕਰ ਦਿੱਤਾ ਗਿਆ। ਇਹਨਾਂ ਜਾਹਲੀ ਸੰਸਥਾਵਾਂ ਨੇ ਝੂਠਾ ਪ੍ਰੋਪੇਗੰਡਾ ਕੀਤਾ ਕਿ ਇਹ ਡਿਗਰੀਆਂ ਨਾਲ ਪੀ.ਆਰ. ਮਿਲ ਜਾਵੇਗਾ ਅਤੇ ਨੌਕਰੀਆਂ ਦੇ ਰਾਹ ਖੁੱਲ੍ਹ ਜਾਣਗੇ। ਪਰ ਹਕੀਕਤ ਵਿੱਚ ਇਹ ਡਿਗਰੀਆਂ ਬੇਕਾਰ ਸਨ ਅਤੇ ਨੌਕਰੀ ਨਹੀਂ ਮਿਲੀ।

ਬੇਰੁਜ਼ਗਾਰੀ ਨੇ ਉਹਨਾਂ ਨੂੰ ਤਸਕਰਾਂ ਦੇ ਹੱਥਾਂ ਵਿੱਚ ਧੱਕ ਦਿੱਤਾ। ਮਹਿਰਾ ਨੇ ਇੱਕ ਵੀਡੀਓ ਵਿੱਚ ਦੱਸਿਆ, 'ਇਹਨਾਂ ਕੁੜੀਆਂ ਨੇ ਕੈਨੇਡਾ ਆਉਣ ਲਈ 40 ਤੋਂ 50 ਲੱਖ ਰੁਪਏ ਖਰਚ ਕੀਤੇ ਹਨ। ਉਹਨਾਂ ਨੇ ਆਪਣੀ ਜ਼ਮੀਨਾਂ ਵੇਚੀਆਂ, ਘਰ ਵੇਚੇ, ਪਰ ਪਹੁੰਚ ਕੇ ਉਹਨਾਂ ਕੋਲ ਕੁਝ ਨਾ ਰਿਹਾ। ਤਸਕਰ ਉਹਨਾਂ ਦੀ ਮਜਬੂਰੀ ਦਾ ਫਾਇਦਾ ਉਠਾਉਂਦੇ ਹਨ ਅਤੇ ਉਹਨਾਂ ਨੂੰ ਲਾਲਚ ਦੇ ਕੇ ਜਿਨਸੀ ਸ਼ੋਸ਼ਣ ਵਿੱਚ ਧੱਕ ਦਿੰਦੇ ਹਨ।' ਮਹਿਰਾ ਨੇ ਇਹਨਾਂ ਕੁੜੀਆਂ ਨੂੰ ਲੱਭਣ ਲਈ ਆਪਣੇ ਨੈੱਟਵਰਕ ਦਾ ਇਸਤੇਮਾਲ ਕੀਤਾ—ਉਹਨਾਂ ਨੇ ਭਾਰਤੀ ਕਮਿਊਨਿਟੀ ਵਿੱਚ ਗੱਲਬਾਤ ਕੀਤੀ, ਪੁਲਿਸ ਨਾਲ ਸੰਪਰਕ ਕੀਤਾ ਅਤੇ ਅੰਤ ਵਿੱਚ ਆਪਣੀ ਜੇਬ ਵਿਚੋਂ ਟਿਕਟਾਂ ਅਤੇ ਯਾਤਰਾ ਖਰਚੇ ਦਿੱਤੇ ਤੇ ਕੁੜੀਆਂ ਨੂੰ ਵਾਪਸ ਵਤਨ ਭੇਜਿਆ। ਇੱਕ ਕੁੜੀ ਦੀ ਕਹਾਣੀ ਖਾਸ ਤੌਰ 'ਤੇ ਦਿਲ ਨੂੰ ਛੂਹ ਗਈ—ਉਹ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਸੀ, ਜਿਸ ਨੂੰ ਏਜੰਟ ਨੇ ਵਾਅਦਾ ਕੀਤਾ ਸੀ ਕਿ ਟੋਰਾਂਟੋ ਵਿੱਚ ਨਰਸਿੰਗ ਦੀ ਨੌਕਰੀ ਮਿਲ ਜਾਵੇਗੀ। ਪਰ ਉਹ ਇੱਕ ਬਾਰ ਵਿੱਚ ਫਸ ਗਈ, ਜਿੱਥੇ ਰਾਤਾਂ ਭਰ ਸ਼ੋਸ਼ਣ ਹੁੰਦਾ ਰਿਹਾ। ਮਹਿਰਾ ਨੇ ਉਸ ਨੂੰ ਬਚਾਇਆ ਅਤੇ ਉਸ ਦੇ ਪਰਿਵਾਰ ਨੂੰ ਵੀ ਸਹਾਇਤਾ ਕੀਤੀ।



### ਟੋਰਾਂਟੋ ਵਿੱਚ 4,000 ਤੋਂ ਵੱਧ ਭਾਰਤੀ ਲੜਕੀਆਂ ਦੇਹ ਵਪਾਰ ਵਿੱਚ ਫਸੀਆਂ

ਮਹਿਰਾ ਦੇ ਅਨੁਮਾਨ ਅਨੁਸਾਰ, ਸਿਰਫ਼ ਟੋਰਾਂਟੋ ਵਿੱਚ ਹੀ 4,000 ਤੋਂ ਵੱਧ ਭਾਰਤੀ ਜਾਂ ਭਾਰਤੀ ਮੂਲ ਦੀਆਂ ਔਰਤਾਂ ਦੇਹ ਵਪਾਰ ਵਿੱਚ ਧੱਕੀਆਂ ਗਈਆਂ ਹਨ। ਇਹ ਅੰਕੜਾ ਨਿੱਜੀ ਖ਼ੁਲਾਸੇ 'ਤੇ ਅਧਾਰਿਤ ਹੈ, ਪਰ ਇਹ ਕੈਨੇਡੀਅਨ ਪੁਲਿਸ ਦੀਆਂ ਰਿਪੋਰਟਾਂ ਨਾਲ ਮੇਲ ਖਾਂਦਾ ਹੈ। ਯੂਨੀਸੈਫ ਅਤੇ ਯੂਐੱਨ ਦੀਆਂ ਰਿਪੋਰਟਾਂ ਵਿੱਚ ਵੀ ਦੱਸਿਆ ਗਿਆ ਹੈ ਕਿ ਕੈਨੇਡਾ ਵਿੱਚ ਭਾਰਤੀ ਔਰਤਾਂ ਤਸਕਰੀ ਦੇ ਸਭ ਤੋਂ ਵੱਡੇ ਸ਼ਿਕਾਰ ਹਨ। ਏਜੰਟ ਗਰੀਬ ਪਰਿਵਾਰਾਂ ਨੂੰ ਟਾਰਗੇਟ ਕਰਦੇ ਹਨ—ਉਹ ਵਾਅਦਾ ਕਰਦੇ ਹਨ ਕਿ ਕੈਨੇਡਾ ਵਿੱਚ ਪੀ.ਆਰ. ਮਿਲ ਜਾਵੇਗਾ ਅਤੇ ਨੌਕਰੀ ਆਪਣੇ ਆਪ ਆ ਜਾਵੇਗੀ। ਪਰ ਅਸਲ ਵਿੱਚ, ਇਹ ਲੜਕੀਆਂ ਪਹੁੰਚ ਕੇ ਡਾਇਰੀ ਫਾਰਮਾਂ, ਰੈਸਟੋਰੈਂਟਾਂ ਜਾਂ ਫੈਕਟਰੀਆਂ ਵਿੱਚ ਘੱਟ ਤਨਖਾਹ ਨਾਲ ਕੰਮ ਕਰਨ ਲਈ ਮਜਬੂਰ ਹੋ ਜਾਂਦੀਆਂ ਹਨ। ਜੇ ਨਾ ਕੰਮ ਕੀਤਾ ਤਾਂ ਤਸਕਰ ਉਹਨਾਂ ਨੂੰ ਜਿਨਸੀ ਸ਼ੋਸ਼ਣ ਵਿੱਚ ਧੱਕ ਦਿੰਦੇ ਹਨ।

ਇੱਕ ਰਿਪੋਰਟ ਅਨੁਸਾਰ, 2019 ਤੋਂ ਲੈ ਕੇ ਹੁਣ ਤੱਕ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਕੈਨੇਡਾ ਵਿੱਚ ਡਬਲ ਹੋ ਗਈ ਹੈ—ਲਗਭਗ 3 ਲੱਖ ਤੋਂ ਵੱਧ। ਪਰ ਬੇਰੁਜ਼ਗਾਰੀ ਦਰ ਵੀ ਵਧ ਰਹੀ ਹੈ। ਕੈਨੇਡੀਅਨ ਸਟੈਟਿਸਟੀਕਲ ਬਿਊਰੋ ਦੇ ਅਨੁਸਾਰ, ਨੌਜਵਾਨਾਂ ਵਿੱਚ ਬੇਰੁਜ਼ਗਾਰੀ 12 ਫੀਸਦੀ ਤੱਕ ਪਹੁੰਚ ਗਈ ਹੈ। ਭਾਰਤੀ ਵਿਦਿਆਰਥੀਆਂ ਨੂੰ ਨਸਲਵਾਦ ਵੀ ਝੱਲਣਾ ਪੈਂਦਾ ਹੈ—ਉਹਨਾਂ ਨੂੰ ਨੌਕਰੀ ਨਾ ਮਿਲਣ 'ਤੇ ਭੇਦਭਾਵੀ ਟਿੱਪਣੀਆਂ ਸੁਣਨੀਆਂ ਪੈਂਦੀਆਂ ਹਨ। ਮਹਿਰਾ ਨੇ ਕਿਹਾ, 'ਭਾਰਤੀਆਂ ਨਾਲ ਬਹੁਤ ਬੁਰਾ ਸ਼ੋਸ਼ਣ ਹੁੰਦਾ ਹੈ। ਉਹਨਾਂ ਨੂੰ ਪੀੜਤ ਕੀਤਾ ਜਾਂਦਾ ਹੈ। ਨਸਲਵਾਦ ਅਤੇ ਬੇਰੁਜ਼ਗਾਰੀ ਨੇ ਉਹਨਾਂ ਨੂੰ ਤਬਾਹ ਕਰ ਦਿੱਤਾ ਹੈ।'

### ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਧੋਖਾਧੜੀ

ਕੈਨੇਡਾ ਦੀ ਸਿੱਖਿਆ ਪ੍ਰਣਾਲੀ 'ਤੇ ਵੀ ਸਵਾਲ ਉੱਠ ਰਹੇ ਹਨ। ਮਹਿਰਾ ਨੇ ਖੁੱਲ੍ਹ ਕੇ ਕਿਹਾ ਕਿ ਬਹੁਤ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ 'ਝੂਠੇ ਵਾਅਦੇ ਅਤੇ ਡਿਪਲੋਮਾ ਡਿਗਰੀਆਂ ਵੇਚ ਰਹੀਆਂ ਹਨ।' 2019 ਵਿੱਚ ਕਈ ਕੈਨੇਡੀਅਨ ਸੰਸਥਾਵਾਂ ਨੇ ਭਾਰਤ ਵਿੱਚ ਪ੍ਰੋਮੋਸ਼ਨ ਕੀਤੀ ਕਿ ਉਹਨਾਂ ਕੋਲ ਪੜ੍ਹਨ ਨਾਲ ਪੀ ਆਰ ਦਾ ਰਾਹ ਖੁੱਲ੍ਹ ਜਾਵੇਗਾ।

(ਬਾਕੀ ਸਫ਼ਾ 27 'ਤੇ)

# ਨਿਕੀ ਹੈਲੀ ਦਾ ਪੁੱਤਰ ਨਲਿਨ ਬਚਪਨ ਵਿੱਚ ਧਰਮ ਅਪਨਾਉਣ ਦੇ ਵਿਵਾਦ 'ਚ ਕਿਉਂ ਫਸਿਆ ?

## ਕਿਉਂ ਅਪਨਾਇਆ ਇਸਾਈ ਧਰਮ ? ਨਲਿਨ ਦਾ ਬਾਪ ਇਸਾਈ ਤੇ ਨਾਨੀ, ਨਾਨਾ ਸਿੱਖ

ਅਮਰੀਕੀ ਰਾਜਨੀਤੀ ਵਿੱਚ ਨਿਕੀ ਹੈਲੀ ਦਾ ਨਾਮ ਤਾਂ ਬਹੁਤ ਪਿਛਲੇ ਸਮੇਂ ਤੋਂ ਚਰਚਾ ਵਿੱਚ ਹੈ, ਪਰ ਅੱਜ ਉਸ ਦੇ ਪੁੱਤਰ ਨਲਿਨ ਹੈਲੀ ਦੀ ਕਹਾਣੀ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। 24 ਸਾਲਾਂ ਦੇ ਨਲਿਨ, ਜੋ ਇੱਕ ਭਾਰਤੀ ਮੂਲ ਦੇ ਨੌਜਵਾਨ ਹਨ ਅਤੇ ਮੇਕ ਅਮਰੀਕਾ ਗ੍ਰੇਟ ਅਗੇਨ ਅਨੁਸਾਰੀ ਵੀ ਹਨ, ਨੇ ਆਪਣੇ ਬਚਪਨ ਵਿੱਚ ਧਰਮ ਨਾਲ ਜੁੜੇ ਆਪਣੇ ਭਰਮ ਦੀ ਇਬਾਰਤ ਨੂੰ ਖੁੱਲ੍ਹ ਕੇ ਸਾਂਝਾ ਕੀਤਾ। ਉਸ ਨੇ ਕਿਹਾ ਕਿ ਉਸ ਦੇ ਮਾਪੇ ਇਸਾਈ ਹਨ, ਜਦਕਿ ਨਾਨਾ-ਨਾਨੀ ਸਿੱਖ ਸਨ। ਇਸ ਵਿਚਕਾਰ ਉਹ ਧਰਮ ਦੇ ਵਿਵਾਦ ਵਿੱਚ ਫਸ ਗਿਆ ਸੀ ਕਿ ਕਿਹੜਾ ਧਰਮ ਅਪਨਾਵੇ ਅਤੇ ਅੰਤ ਵਿੱਚ ਇਸਾਈ ਧਰਮ ਨੂੰ ਅਪਣਾਉਣਾ ਪਸੰਦ ਕੀਤਾ।

ਨਲਿਨ ਨੇ ਯੂਨਹਰਡ ਨਾਮਕ ਪਲੇਟਫਾਰਮ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ, 'ਮੇਰੇ ਮਾਪੇ ਪ੍ਰੋਟੈਸਟੈਂਟ ਇਸਾਈ ਹਨ, ਪਰ ਨਾਨਾ-ਨਾਨੀ ਸਿੱਖ ਸਨ। ਬਚਪਨ ਵਿੱਚ ਮੈਂ ਬਹੁਤ ਭਰਮ ਵਿੱਚ ਪੈ ਗਿਆ ਸੀ। ਹੋਰ ਬੱਚੇ ਗੱਡੀਆਂ ਅਤੇ ਡਾਇਨੋਸੌਰਾਂ ਬਾਰੇ ਪੜ੍ਹਦੇ ਸਨ, ਪਰ ਮੈਂ ਵਿਸ਼ਵ ਧਰਮਾਂ ਬਾਰੇ ਕਿਤਾਬਾਂ ਵਿੱਚ ਡੁੱਬ ਗਿਆ।' ਇਹ ਭਰਮ ਨੇ ਉਸ ਨੂੰ ਇੱਕ ਅਜੀਬ ਅਧਿਆਤਮਿਕ ਯਾਤਰਾ ਉੱਤੇ ਲੈ ਗਿਆ, ਜਿਸ ਨੇ ਅੰਤ ਵਿੱਚ ਉਸ ਨੂੰ ਇਸਾਈ ਧਰਮ ਵੱਲ ਖਿੱਚਿਆ। ਪਰ ਇਹ ਯਾਤਰਾ ਆਸਾਨ ਨਹੀਂ ਸੀ।

ਨਲਿਨ ਹੈਲੀ ਦਾ ਜਨਮ 2001 ਵਿੱਚ ਹੋਇਆ ਸੀ, ਜਦੋਂ ਨਿਕੀ ਹੈਲੀ ਯੂ.ਐੱਸ. ਰਾਜਨੀਤੀ ਵਿੱਚ ਤਰੱਕੀ ਕਰ ਰਹੀ ਸੀ। ਉਸ ਦੇ ਮਾਤਾ-ਪਿਤਾ, ਨਿਕੀ ਅਤੇ ਮਾਈਕਲ ਹੈਲੀ, ਬਾਪਟਿਸਟ ਚਰਚ ਨਾਲ ਜੁੜੇ ਹੋਏ ਸਨ। ਨਿਕੀ ਖੁਦ ਸਿੱਖ ਪਰਿਵਾਰ ਤੋਂ ਹੈ, ਪਰ ਉਹ ਇਸਾਈ ਬਣ ਗਈ ਸੀ। ਨਲਿਨ ਨੇ ਦੱਸਿਆ ਕਿ ਉਸ ਦੇ ਨਾਨਾ-ਨਾਨੀ, ਜੋ ਪੰਜਾਬੀ ਸਿੱਖ ਸਨ, ਨੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਤੇ ਸਿੱਖ ਇਤਿਹਾਸ ਨਾਲ ਜੋੜਿਆ। ਉਹ ਅਕਸਰ ਗੁਰਦੁਆਰੇ ਜਾਂਦੇ ਅਤੇ ਨਲਿਨ ਨੂੰ 'ਸ਼ਬਦ' ਅਤੇ 'ਸੇਵਾ' ਦੇ ਮਹੱਤਵ ਬਾਰੇ ਦੱਸਦੇ। ਪਰ ਘਰ ਵਿੱਚ ਚਰਚ ਜਾਣਾ ਅਤੇ ਬਾਈਬਲ ਪੜ੍ਹਨਾ ਵੀ ਰੋਜ਼ਾਨਾ ਦਾ ਹਿੱਸਾ ਸੀ।

ਇਸ ਵਿਚਕਾਰ ਨਲਿਨ ਨੂੰ ਲੱਗਦਾ ਸੀ ਕਿ ਉਹ ਦੋ ਧਰਮ ਵਿਚਕਾਰ ਫਸਿਆ ਹੋਇਆ ਹੈ। ਉਸਨੂੰ ਨਹੀਂ ਪਤਾ ਸੀ ਕਿ ਉਹ ਕਿਸ ਨੂੰ ਫੌਲੋ ਕਰਾਂ। ਨਲਿਨ ਦਾ ਕਹਿਣਾ ਹੈ ਕਿ ਸਿੱਖ ਧਰਮ ਵਿੱਚ ਇੱਕ ਅਕਾਲ ਪੁਰਖ ਦਾ ਵਿਸ਼ਵਾਸ ਅਤੇ ਸਮਾਨਤਾ ਦੀ ਗੱਲ ਹੈ, ਜਦਕਿ ਇਸਾਈ ਧਰਮ ਵਿੱਚ ਯੀਸੂ ਨੂੰ ਮੁਕਤੀ ਦਾ ਰਾਹ ਮੰਨਿਆ ਜਾਂਦਾ ਹੈ। ਉਸਦਾ ਕਹਿਣਾ ਹੈ ਕਿ ਬਚਪਨ ਵਿੱਚ ਇਹ ਸਭ ਇੱਕ ਰਹੱਸ ਵਾਂਗ ਲੱਗਦਾ ਸੀ। ਉਸ ਨੇ ਦੱਸਿਆ ਕਿ ਨਾਨਾ-ਨਾਨੀ ਨੇ ਉਸ ਨੂੰ ਪੰਜਾਬੀ ਵਿੱਚ ਕਹਾਣੀਆਂ ਸੁਣਾਈਆਂ, ਜਿਵੇਂ ਗੁਰੂ ਨਾਨਕ ਦੇਵ ਜੀ ਦੇ ਸਫ਼ਰ ਅਤੇ ਭਾਈ ਗੁਰਦਾਸ ਦੀਆਂ ਵਾਰਾਂ। ਇਸ ਨਾਲ ਉਸ ਵਿੱਚ ਭਾਰਤੀ ਜੜ੍ਹਾਂ ਨਾਲ ਜੁੜਾਅ ਵਧਿਆ, ਪਰ ਧਰਮ ਅਪਨਾਉਣ ਬਾਰੇ ਦੁਚਿਤੀ ਵਿੱਚ ਫਸ ਗਿਆ। ਇਹ ਸਮਾਂ ਨਲਿਨ ਲਈ ਭਾਵਨਾਤਮਕ ਤੌਰ 'ਤੇ ਚੁਣੌਤੀਪੂਰਨ ਸੀ, ਕਿਉਂਕਿ ਸਕੂਲ ਵਿੱਚ ਵੀ ਹੋਰ ਬੱਚੇ ਇੱਕੋ ਧਰਮ ਨੂੰ ਮੰਨਦੇ ਸਨ।



ਅੰਤ ਵਿੱਚ, ਨਲਿਨ ਨੇ ਫੈਸਲਾ ਕੀਤਾ ਕਿ ਉਹ ਖੁਦ ਖੋਜ ਕਰੇਗਾ। ਉਸ ਨੇ 12-13 ਸਾਲ ਦੀ ਉਮਰ ਵਿੱਚ ਵਿਸ਼ਵ ਧਰਮਾਂ ਉੱਤੇ ਕਿਤਾਬਾਂ ਪੜ੍ਹਨੀਆਂ ਸ਼ੁਰੂ ਕੀਤੀਆਂ - ਹਿੰਦੂ ਧਰਮ ਤੋਂ ਲੈ ਕੇ ਇਸਲਾਮ ਅਤੇ ਬੌਧ ਧਰਮ ਤੱਕ। ਇਹ ਉਸ ਦੀ ਯਾਤਰਾ ਦਾ ਸ਼ੁਰੂਆਤੀ ਪੜਾਅ ਸੀ, ਜਿਸ ਨੇ ਉਸ ਨੂੰ ਡੂੰਘੀ ਸੋਚ ਵੱਲ ਲਿਆਂਦਾ।

### ਇਸਾਈ ਧਰਮ ਨੂੰ ਅਪਣਾਉਣ ਦਾ ਫੈਸਲਾ

ਨਲਿਨ ਦੀ ਧਾਰਮਿਕ ਖੋਜ ਨੇ ਉਸ ਨੂੰ ਇਸਾਈ ਧਰਮ ਦੇ ਇਤਿਹਾਸ ਵੱਲ ਖਿੱਚਿਆ। ਉਸ ਨੇ ਚਰਚ ਫਾਦਰਾਂ ਦੀਆਂ ਰਚਨਾਵਾਂ ਅਤੇ ਪ੍ਰਾਰੰਭਿਕ ਇਸਾਈ ਵਿਸ਼ਵਾਸਾਂ ਬਾਰੇ ਪੜ੍ਹਿਆ। ਨਲਿਨ ਕਹਿੰਦਾ ਹੈ ਕਿ ਮੈਨੂੰ ਲੱਗਾ ਕਿ ਜੋ ਵੀ ਇਹ ਖੋਜ ਕਰੇਗਾ, ਉਹ ਕੈਥਲਿਕ ਬਣ ਜਾਵੇਗਾ। ਇਸ ਫੈਸਲੇ ਤੋਂ ਪਹਿਲਾਂ ਉਸ ਨੂੰ ਇੱਕ ਅਧਿਆਤਮਿਕ ਅਨੁਭਵ ਹੋਇਆ, ਜਿਸ ਬਾਰੇ ਉਸ ਨੇ ਵਿਸਥਾਰ ਨਾਲ ਨਹੀਂ ਦੱਸਿਆ, ਪਰ ਇਹ ਉਸ ਲਈ ਟਰਨਿੰਗ ਪੁਆਇੰਟ ਸੀ।

ਨਲਿਨ ਖੁਦ ਨੂੰ ਕੈਥਲਿਕ ਇਸਾਈ ਮੰਨਦਾ ਹੈ, ਜੋ ਪ੍ਰੋਟੈਸਟੈਂਟ ਇਸਾਈ ਤੋਂ ਵੱਖਰਾ ਹੈ। ਉਹ ਕਹਿੰਦਾ ਹੈ ਕਿ ਸਿੱਖ ਪਰੰਪਰਾਵਾਂ ਨੇ ਉਸ ਨੂੰ ਸਹਿਣਸ਼ੀਲਤਾ ਅਤੇ ਨੈਤਿਕਤਾ ਸਿਖਾਈ, ਪਰ ਈਸਾਈ ਧਰਮ ਨੇ ਉਸ ਨੂੰ ਅੰਤਰਮੁੱਖ ਸ਼ਾਂਤੀ ਦਿੱਤੀ। ਇਹ ਫੈਸਲਾ ਉਸ ਦੇ ਪਰਿਵਾਰ ਲਈ ਵੀ ਅਹਿਮ ਸੀ, ਕਿਉਂਕਿ ਨਿਕੀ ਹੈਲੀ ਖੁਦ ਧਾਰਮਿਕ ਵਿਵਾਦਾਂ ਵਿੱਚ ਘਿਰੀ ਰਹੀ ਹੈ। ਅਮਰੀਕਾ ਵਿੱਚ ਭਾਰਤੀ-ਮੂਲ ਵਾਲੇ ਹਿੰਦੂ ਰਾਜਨੀਤਿਕਾਂ ਉੱਤੇ ਹਮਲੇ ਵਧ ਰਹੇ ਹਨ। ਉਦਾਹਰਨ ਵਜੋਂ, ਵਾਈਸ ਪ੍ਰੈਜ਼ੀਡੈਂਟ ਜੇਡੀ ਵੈਂਸ ਨੇ ਆਪਣੀ ਪਤਨੀ ਉਸ਼ਾ ਵੈਂਸ ਨੂੰ ਇਸਾਈ ਬਣਨ ਲਈ ਕਿਹਾ ਸੀ, ਹਾਲਾਂਕਿ ਉਸ਼ਾ ਨੇ ਇਨਕਾਰ ਕੀਤਾ। ਨਲਿਨ ਦੀ ਕਹਾਣੀ ਇਸ ਵਿਵਾਦ ਉੱਪਰ ਰੌਸ਼ਨੀ ਪਾਉਂਦੀ ਹੈ।

ਨਲਿਨ ਨੇ ਧਰਮ ਵਾਂਗ ਰਾਜਨੀਤੀ ਵਿੱਚ ਵੀ ਆਪਣਾ ਵੱਖਰਾ ਰਾਹ ਚੁਣਿਆ। ਉਹ ਕਹਿੰਦਾ ਹੈ ਕਿ ਉਸ ਨੇ ਧਰਮ ਨੂੰ ਮਾਪਿਆਂ ਦੇ ਵਿਚਾਰ ਅਨੁਸਾਰ ਨਹੀਂ ਅਪਣਾਇਆ। 2024 ਦੀ ਰਿਪਬਲਿਕਨ ਪ੍ਰਾਇਮਰੀ ਵਿੱਚ ਉਸ ਨੇ ਨਿਕੀ ਹੈਲੀ ਨੂੰ ਸਮਰਥਨ ਦਿੱਤਾ ਸੀ, ਪਰ ਸਿਰਫ਼ 'ਚੰਗੇ ਪੁੱਤਰ' ਵਜੋਂ। ਅੱਜ ਉਹ ਡੋਨਾਲਡ ਟਰੰਪ ਨਾਲ ਜੁੜਿਆ ਹੈ। ਉਹ ਕਹਿੰਦਾ ਹੈ, 'ਮੈਂ ਆਪਣੇ ਵਿਚਾਰਾਂ ਨੂੰ ਨਹੀਂ ਬਦਲਾਂਗਾ। ਅਮਰੀਕਾ ਨੂੰ ਕਾਨੂੰਨੀ ਇਮੀਗ੍ਰੇਸ਼ਨ ਬੰਦ ਕਰਨੀ ਚਾਹੀਦੀ ਹੈ, ਹਾਲਾਂਕਿ ਮੇਰਾ ਪਰਿਵਾਰ ਇਮੀਗ੍ਰੈਂਟ ਹੈ।' ਭਵਿੱਖ ਵਿੱਚ ਨਲਿਨ ਰਾਜਨੀਤੀ ਵਿੱਚ ਵਧੇਰੇ ਸਰਗਰਮ ਹੋਣਾ ਚਾਹੁੰਦਾ ਹੈ। ਉਹ ਆਪਣੀ ਧਾਰਮਿਕ ਯਾਤਰਾ ਨੂੰ ਕਿਤਾਬ ਜਾਂ ਪੋਡਕਾਸਟ ਵਿੱਚ ਸਾਂਝਾ ਕਰਨਾ ਚਾਹੁੰਦਾ ਹੈ, ਤਾਂ ਜੋ ਹੋਰ ਨੌਜਵਾਨ ਭਾਰਤੀ-ਮੂਲ ਵਾਲੇ ਬੱਚੇ ਆਪਣੀ ਪਛਾਣ ਬਣਾ ਸਕਣ।




# ਵਾਤਾਵਰਣ ਦੀ ਸੰਭਾਲ ਲਈ ਅੱਗੇ ਆਵੇ ਮਨੁੱਖ



## ਮਨੁੱਖੀ ਜੀਵਨ ਸ਼ੈਲੀ ਨੂੰ ਕੁਦਰਤ ਦੇ ਅਨੁਸਾਰ ਢਾਲਣ ਦੀ ਲੋੜ

ਦੁਨੀਆਂ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ 'ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣਿਆ ਹੋਇਆ ਹੈ।

ਕਿਸੇ ਨੇ ਠੀਕ ਹੀ ਕਿਹਾ ਹੈ ਕਿ 'ਅਸੀਂ ਬਦਲਾਂਗੇ ਤਾਂ ਯੁੱਗ ਬਦਲ ਜਾਵੇਗਾ'। ਅਸਲ ਵਿੱਚ ਜੇਕਰ ਅਸੀਂ ਦੁਨੀਆਂ ਜਾਂ ਯੁੱਗ ਨੂੰ ਬਦਲਣਾ ਚਾਹੁੰਦੇ ਹਾਂ ਤਾਂ ਇਸ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰਨੀ ਪਵੇਗੀ। ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਕੁਦਰਤ ਦੇ ਅਨੁਸਾਰ ਢਾਲ ਲਵਾਂਗੇ ਤਾਂ ਵਾਤਾਵਰਨ ਆਪਣੇ ਆਪ ਸੁਰੱਖਿਅਤ ਹੋ ਜਾਵੇਗਾ ਕਿਉਂਕਿ ਅਸੀਂ ਕੁਦਰਤ ਦੇ ਮਾਲਕ ਨਹੀਂ ਸਗੋਂ ਬਾਕੀ ਜੀਵਾਂ ਵਾਂਗ ਇਸ ਦਾ ਹਿੱਸਾ ਹਾਂ। ਅਸੀਂ ਕੁਦਰਤ ਨੂੰ ਆਪਣੇ ਅਨੁਸਾਰ ਨਹੀਂ ਚਲਾ ਸਕਦੇ ਅਤੇ ਜੇਕਰ ਅਸੀਂ ਖੁਸ਼ਹਾਲ ਅਤੇ ਸੁਰੱਖਿਅਤ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕੁਦਰਤ ਦੇ ਅਨੁਸਾਰ ਚੱਲਣਾ ਪਵੇਗਾ।



ਅੱਜ ਸਾਡੇ ਸਾਹਮਣੇ ਵਾਤਾਵਰਣ ਦੇ ਕਈ ਵੱਡੇ ਮੁੱਦੇ ਹਨ ਜੋ ਗੰਭੀਰ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਦਬਾਅ ਜਲਵਾਯੂ ਤਬਦੀਲੀ ਦਾ ਮੁੱਦਾ ਹੈ। ਇਹ ਸਮੱਸਿਆ ਮੁੱਖ ਤੌਰ 'ਤੇ ਮਨੁੱਖੀ ਗਤੀਵਿਧੀਆਂ ਤੋਂ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ। ਇਹ ਸਮੱਸਿਆ ਵਧਦੇ ਗਲੋਬਲ ਤਾਪਮਾਨ, ਬਦਲਦੇ ਮੌਸਮ ਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ ਅਤੇ ਹੋਰ ਮਾੜੇ ਪ੍ਰਭਾਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ।

ਇਸ ਕਾਰਨ ਕੁਦਰਤੀ ਮੁਸੀਬਤਾਂ ਵਧ ਰਹੀਆਂ ਹਨ। ਖੇਤੀਬਾੜੀ, ਲੌਗਿੰਗ, ਸ਼ਹਿਰੀਕਰਨ ਅਤੇ ਹੋਰ ਉਦੇਸ਼ਾਂ ਲਈ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਕਾਰਨ ਆਕਸੀਜਨ ਦਾ ਸਭ ਤੋਂ ਵੱਡਾ ਭੰਡਾਰ, ਜੰਗਲਾਂ ਦਾ ਰਕਬਾ ਸੁੰਗੜਦਾ ਜਾ ਰਿਹਾ ਹੈ। ਨਤੀਜੇ ਵਜੋਂ ਜੰਗਲੀ ਜੀਵਾਂ ਦੇ ਨਿਵਾਸ ਸਥਾਨ ਦਾ ਨੁਕਸਾਨ, ਜੈਵ ਵਿਭਿੰਨਤਾ ਵਿੱਚ ਗਿਰਾਵਟ ਅਤੇ ਵਾਤਾਵਰਣ ਵਿੱਚ ਕਾਰਬਨ ਡਾਈਆਕਸਾਈਡ ਦੇ ਵਧੇ ਹੋਏ ਪੱਧਰ ਹਨ। ਜੈਵ ਵਿਭਿੰਨਤਾ ਦਾ ਤੇਜ਼ੀ ਨਾਲ ਨੁਕਸਾਨ ਵੀ ਇੱਕ ਗੰਭੀਰ ਮੁੱਦਾ ਹੈ। ਮਨੁੱਖੀ ਗਤੀਵਿਧੀਆਂ ਜਿਵੇਂ ਕਿ ਨਿਵਾਸ ਸਥਾਨਾਂ ਦਾ ਵਿਨਾਸ਼, ਪ੍ਰਦੂਸ਼ਣ, ਜ਼ਿਆਦਾ ਸ਼ੋਸ਼ਣ ਅਤੇ ਜਲਵਾਯੂ ਪਰਿਵਰਤਨ ਜੰਗਲੀ ਜੀਵਾਂ ਦੀ ਆਬਾਦੀ ਅਤੇ ਨਿਵਾਸ ਸਥਾਨਾਂ ਦੇ ਗਿਰਾਵਟ ਦਾ ਕਾਰਨ ਬਣ ਰਹੇ ਹਨ। ਇਹ ਵੀ ਮਨੁੱਖੀ-ਜੰਗਲੀ ਜੀਵ-ਜੰਤੂਆਂ ਦੇ ਵਧਦੇ ਸੰਘਰਸ਼ ਦਾ ਇੱਕ ਕਾਰਨ ਹੈ।

ਦੁਨੀਆ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ 'ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣੀ ਹੋਈ ਹੈ। ਇਸ ਦਾ ਮਨੁੱਖੀ ਸਿਹਤ, ਵਾਤਾਵਰਣ ਅਤੇ ਜੰਗਲੀ ਜੀਵਣ 'ਤੇ ਮਾੜਾ ਪ੍ਰਭਾਵ ਪੈਂਦਾ ਹੈ।

ਉਦਯੋਗਿਕ ਗਤੀਵਿਧੀਆਂ, ਆਵਾਜਾਈ ਅਤੇ ਜੈਵਿਕ ਈਂਧਨ ਦੇ ਜਲਣ ਦੇ ਕਾਰਨ ਹਵਾ ਦੀ ਮਾੜੀ ਗੁਣਵੱਤਾ ਮਨੁੱਖੀ ਸਿਹਤ 'ਤੇ ਨੁਕਸਾਨਦੇਹ ਪ੍ਰਭਾਵ ਪਾਉਂਦੀ ਹੈ ਅਤੇ ਸਾਹ ਦੀਆਂ ਬਿਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਨੂੰ ਵਧਾ ਰਹੀ ਹੈ। ਉਚਿਤ ਪ੍ਰਬੰਧਨ ਅਤੇ ਸੰਭਾਲ ਤੋਂ ਬਿਨਾਂ, ਜੈਵਿਕ ਈਂਧਨ, ਖਣਿਜ ਅਤੇ ਤਾਜ਼ੇ ਪਾਣੀ ਸਮੇਤ ਕੁਦਰਤੀ ਸਰੋਤਾਂ ਦੀ ਬਹੁਤ ਜ਼ਿਆਦਾ ਖਪਤ, ਸਰੋਤਾਂ ਦੀ ਕਮੀ ਸਾਨੂੰ ਭਵਿੱਖ ਦੇ ਸੰਕਟ ਵੱਲ ਲੈ ਜਾ ਰਹੀ ਹੈ।

ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਬਦਲੀਏ ਤਾਂ ਵਾਤਾਵਰਣ ਦੇ ਅਸੰਤੁਲਨ ਕਾਰਨ ਅਸੀਂ ਜਿਸ ਗੰਭੀਰ ਸੰਕਟ ਵੱਲ ਵਧ ਰਹੇ ਹਾਂ, ਉਸ ਨੂੰ ਰੋਕਿਆ ਜਾ ਸਕਦਾ ਹੈ ਅਤੇ ਅਸੀਂ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ। ਉਦਾਹਰਣ ਲਈ, ਜੇਕਰ ਅਸੀਂ ਊਰਜਾ-ਕੁਸ਼ਲ ਉਪਕਰਨਾਂ ਦੀ ਵਰਤੋਂ ਕਰਦੇ ਹਾਂ, ਵਰਤੋਂ ਵਿੱਚ ਨਾ ਹੋਣ 'ਤੇ ਲਾਈਟਾਂ ਅਤੇ ਇਲੈਕਟ੍ਰੋਨਿਕਸ ਬੰਦ ਕਰਦੇ ਹਾਂ ਅਤੇ ਹੀਟਿੰਗ ਅਤੇ ਕੂਲਿੰਗ ਸਿਸਟਮ ਨੂੰ ਅਨੁਕੂਲਿਤ ਕਰਕੇ ਊਰਜਾ ਦੀ ਬਚਤ ਕਰਦੇ ਹਾਂ, ਜਾਂ ਸੂਰਜੀ ਜਾਂ ਪੌਣ ਊਰਜਾ ਵਰਗੇ ਨਵਿਆਉਣਯੋਗ ਊਰਜਾ ਸਰੋਤਾਂ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਵਾਤਾਵਰਨ ਦੀ ਰੱਖਿਆ ਕਰ ਸਕਦੇ ਹਾਂ।

ਇਸੇ ਤਰ੍ਹਾਂ ਜੇਕਰ ਅਸੀਂ ਸਾਈਕਲ ਚੁਣਦੇ ਹਾਂ ਜਾਂ ਜਦੋਂ ਵੀ ਸੰਭਵ ਹੋਵੇ ਆਉਣ-ਜਾਣ ਲਈ ਜਨਤਕ ਟ੍ਰਾਂਸਪੋਰਟ ਦੀ ਵਰਤੋਂ ਕਰਦੇ ਹਾਂ। ਜੇਕਰ ਤੁਹਾਨੂੰ ਕਾਰ ਦੀ ਵਰਤੋਂ ਕਰਨ ਦੀ ਲੋੜ ਹੈ, ਤਾਂ ਕਾਰਪੂਲਿੰਗ ਜਾਂ ਇਲੈਕਟ੍ਰਿਕ ਜਾਂ ਹਾਈਬ੍ਰਿਡ ਵਾਹਨਾਂ ਦੀ ਵਰਤੋਂ ਕਰਨਾ ਕਾਰਬਨ ਡਾਈਆਕਸਾਈਡ ਵਰਗੀਆਂ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਪਾਣੀ ਦੇ ਲੀਕ ਨੂੰ ਠੀਕ ਕਰਕੇ, ਛੋਟੇ ਸ਼ਾਵਰ ਲੈ ਕੇ ਅਤੇ ਪਾਣੀ ਬਚਾਉਣ ਵਾਲੇ ਉਪਕਰਨਾਂ ਦੀ ਵਰਤੋਂ ਕਰਕੇ ਪਾਣੀ ਦੀ ਸੰਭਾਲ ਕਰੋ। ਬਾਰਿਸ਼ ਦੇ ਪਾਣੀ ਨੂੰ ਇਕੱਠਾ ਕਰਕੇ ਅਤੇ ਤੁਪਕਾ ਸਿੰਚਾਈ ਵਰਗੀਆਂ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਦੀ ਵਰਤੋਂ ਕਰਕੇ ਬਾਗਬਾਨੀ ਕੀਤੀ ਜਾ ਸਕਦੀ ਹੈ। ਵਾਤਾਵਰਨ ਨੂੰ ਬਚਾਉਣ ਲਈ, ਅਸੀਂ ਮੁੜ ਵਰਤੋਂ ਵਾਲੀਆਂ ਵਸਤੂਆਂ ਅਤੇ ਰੀਸਾਈਕਲ ਕੀਤੀਆਂ ਸਮੱਗਰੀਆਂ ਦੀ ਮਾਤਰਾ ਨੂੰ ਘਟਾ ਕੇ ਕੂੜਾ ਪ੍ਰਬੰਧਨ ਲੜੀ ਅਪਣਾ ਸਕਦੇ ਹਾਂ। ਸਿੰਗਲ-ਯੂਜ਼ ਪਲਾਸਟਿਕ ਤੋਂ ਬਚੋ ਅਤੇ ਮੁੜ ਵਰਤੋਂ ਯੋਗ ਵਿਕਲਪ ਚੁਣੋ। ਲੈਂਡਫਿਲ ਯੋਗਦਾਨ ਨੂੰ ਘਟਾਉਣ ਲਈ ਜੈਵਿਕ ਰਹਿੰਦ-ਖੂੰਹਦ ਨੂੰ ਖਾਦ ਬਣਾਇਆ ਜਾ ਸਕਦਾ ਹੈ।

ਅਸੀਂ ਵਾਤਾਵਰਨ ਨੂੰ ਬਚਾਉਣ ਲਈ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਵੀ ਬਦਲ ਸਕਦੇ ਹਾਂ। ਸਥਾਨਕ ਤੌਰ 'ਤੇ ਉਗਾਏ ਗਏ, ਜੈਵਿਕ ਅਤੇ ਮੌਸਮੀ ਉਤਪਾਦਾਂ ਦੀ ਚੋਣ ਕਰਕੇ ਆਪਣੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਓ। ਤੁਸੀਂ ਸੰਤੁਲਨ ਬਣਾ ਕੇ ਅਤੇ ਭੋਜਨ ਦੀ ਯੋਜਨਾ ਬਣਾ ਕੇ, ਬਚੇ ਹੋਏ ਖਾਦ ਬਣਾ ਕੇ, ਅਤੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਕੇ ਭੋਜਨ ਦੀ ਬਰਬਾਦੀ ਨੂੰ ਘਟਾ ਸਕਦੇ ਹੋ। ਈਕੋ-ਅਨੁਕੂਲ ਉਤਪਾਦਾਂ, ਨੈਤਿਕ ਅਤੇ ਟਿਕਾਊ ਬ੍ਰਾਂਡਾਂ ਅਤੇ ਵਾਤਾਵਰਣ ਸੰਭਾਲ ਨੂੰ ਤਰਜੀਹ ਦੇਣ ਵਾਲੇ ਕਾਰੋਬਾਰਾਂ ਦਾ ਸਮਰਥਨ ਕਰਕੇ ਸੂਚਿਤ ਚੋਣਾਂ ਕਰੋ।

ਦੁਨੀਆਂ ਪਾਣੀ ਦੇ ਸੰਕਟ ਵੱਲ ਵਧ ਰਹੀ ਹੈ। ਇਸ ਲਈ ਸਾਨੂੰ ਪਾਣੀ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਕਾਗਜ਼ ਦੀ ਵਰਤੋਂ ਨੂੰ ਸੀਮਤ ਕਰਕੇ ਅਤੇ ਬਿਜਲੀ ਦੀ ਖਪਤ ਪ੍ਰਤੀ ਸੁਚੇਤ ਰਹਿ ਕੇ ਜ਼ੁੰਮੇਵਾਰੀ ਨਾਲ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਘੱਟੋ-ਘੱਟ ਪੈਕੇਜਿੰਗ ਵਾਲੇ ਉਤਪਾਦਾਂ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਬੇਲੋੜੀ ਖਰੀਦਦਾਰੀ ਤੋਂ ਬਚਣਾ ਚਾਹੀਦਾ ਹੈ। ਕੁਦਰਤ ਵਿੱਚ ਵਧੇਰੇ ਸਮਾਂ ਬਿਤਾਓ, ਇਸਦੀ ਸੁੰਦਰਤਾ ਦੀ ਕਦਰ ਕਰੋ ਅਤੇ ਵਾਤਾਵਰਣ ਨਾਲ ਰੂਹਾਨੀ ਤੌਰ 'ਤੇ ਜੁੜੋ।



# ਜੰਗਲੀ ਜਾਇਦਾਦ ਪੱਖੋਂ .ਗਰੀਬ ਹੋਇਆ ਮਨੁੱਖ

## ਜੰਗਲ ਨਸ਼ਟ ਹੋਣ 'ਤੇ ਆ ਜਾਂਦੇ ਨੇ ਹੜ੍ਹ, ਸੋਕਾ, ਗਰਮੀ, ਕਾਲ ਅਤੇ ਬਿਮਾਰੀ

ਉਦਯੋਗਾਂ ਦੇ ਵਿਕਾਸ ਨੂੰ ਆਮ ਤੌਰ 'ਤੇ ਵਿਕਾਸ ਦਾ ਆਧਾਰ ਮੰਨਿਆ ਜਾਂਦਾ ਹੈ। ਅਨਾਜ ਪੈਦਾ ਕਰਨ ਲਈ ਖੇਤੀ ਅਤੇ ਸਿੰਚਾਈ 'ਤੇ ਜ਼ੋਰ ਦਿੱਤਾ ਜਾਂਦਾ ਹੈ ਪਰ ਜੰਗਲਾਂ ਦੀ ਮਹੱਤਤਾ ਨੂੰ ਸਮਝਣ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾਂਦਾ। ਜੰਗਲ ਸਿਰਫ਼ ਉਸ ਜ਼ਮੀਨ ਨੂੰ ਢੱਕਣ ਲਈ ਸਮਝੇ ਜਾਂਦੇ ਹਨ ਜੋ ਖੇਤੀ ਲਈ ਕੱਟੀ ਜਾਂਦੀ ਹੈ। ਵਿਕਾਸ ਕੰਮਾਂ ਦੀ ਆੜ ਵਿੱਚ ਰੁੱਖਾਂ ਨੂੰ ਅੰਨ੍ਹੇਵਾਹ ਕੱਟਿਆ ਗਿਆ ਹੈ, ਉਨ੍ਹਾਂ ਨੂੰ ਨਵੇਂ ਰੁੱਖਾਂ ਨਾਲ ਬਦਲਣ ਦੀ ਲੋੜ ਪ੍ਰਤੀ ਆਮ ਤੌਰ 'ਤੇ ਉਦਾਸੀਨ ਰਵੱਈਆ ਹੈ। ਇਸ ਲਈ ਅੱਜ ਅਸੀਂ ਜੰਗਲੀ ਸੰਪਤੀ ਪੱਖੋਂ ਗਰੀਬ ਹੋ ਗਏ ਹਾਂ ਅਤੇ ਵਾਤਾਵਰਣ ਲਈ ਕਈ ਗੰਭੀਰ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰ ਰਹੇ ਹਾਂ।

ਜੇਕਰ ਰੁੱਖ ਲਗਾਉਣ ਨਾਲ ਧਰਤੀ ਹਰੀ-ਭਰੀ ਰਹਿੰਦੀ ਹੈ ਤਾਂ ਮਨੁੱਖ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਈ ਲਾਭ ਹੁੰਦੇ ਹਨ। ਸਕਾਟਿਸ਼ ਬਨਸਪਤੀ ਵਿਗਿਆਨੀ ਰੌਬਰਟ ਚੈਂਬਰਜ਼ ਨੇ ਲਿਖਿਆ ਹੈ, ਜੇਕਰ ਜੰਗਲ ਨਸ਼ਟ ਹੋ ਜਾਂਦੇ ਹਨ ਤਾਂ ਪਾਣੀ ਦੀ ਕਮੀ ਹੋ ਜਾਵੇਗੀ, ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਜਾਵੇਗੀ ਅਤੇ ਫ਼ਸਲਾਂ ਦੀ ਪੈਦਾਵਾਰ ਘਟ ਜਾਵੇਗੀ, ਜਾਨਵਰ ਮਰ ਜਾਣਗੇ, ਪੰਛੀ ਅਲੋਪ ਹੋ ਜਾਣਗੇ। ਜੰਗਲਾਂ ਦੀ ਕਟਾਈ ਦੇ ਸਰਾਪ ਦੇ ਪੰਜ ਗੰਭੀਰ ਨਤੀਜੇ ਨਿਕਲਣਗੇ - ਹੜ੍ਹ, ਸੋਕਾ, ਗਰਮੀ, ਕਾਲ ਅਤੇ ਬਿਮਾਰੀ। ਅਸੀਂ ਅਣਜਾਣੇ ਵਿੱਚ ਜੰਗਲੀ ਸਰੋਤਾਂ ਨੂੰ ਨਸ਼ਟ ਕਰ ਦਿੰਦੇ ਹਾਂ ਅਤੇ ਆਪਣੇ ਲਾਭ ਨਾਲੋਂ ਵੱਧ ਨੁਕਸਾਨ ਝੱਲਦੇ ਹਾਂ।

ਰੁੱਖ ਆਕਸੀਜਨ ਦਾ ਸਭ ਤੋਂ ਵੱਡਾ ਸਰੋਤ ਹਨ। ਪ੍ਰਕਾਸ਼ ਸੰਸ਼ਲੇਸ਼ਣ ਦੀ ਪ੍ਰਕਿਰਿਆ ਵਿੱਚ ਪੌਦੇ ਜ਼ਰੂਰੀ ਆਕਸੀਜਨ ਛੱਡਦੇ ਹਨ। ਇਸ ਤਰ੍ਹਾਂ ਰੁੱਖ ਮਨੁੱਖੀ ਜੀਵਨ ਦਾ ਆਧਾਰ ਪ੍ਰਦਾਨ ਕਰਦੇ ਹਨ। ਇਸ ਤੋਂ



ਇਲਾਵਾ ਪੌਦੇ ਜਾਨਵਰਾਂ ਨੂੰ ਭੋਜਨ ਵੀ ਪ੍ਰਦਾਨ ਕਰਦੇ ਹਨ। ਪੌਦੇ ਸਾਡੇ ਲਈ ਪੋਸ਼ਣ ਪ੍ਰਦਾਨ ਕਰਦੇ ਹਨ। ਸਾਨੂੰ ਰੁੱਖਾਂ ਨੂੰ ਵੱਢਣ ਦੀ ਬਜਾਏ ਲਾਉਣਾ ਚਾਹੀਦਾ ਹੈ। ਰੁੱਖ ਨੂੰ ਵਿਸ਼ੇਸ਼ ਮੌਕਿਆਂ 'ਤੇ ਇੱਕ ਲਾਜ਼ਮੀ ਤੋਹਫ਼ਾ ਬਣਾਇਆ ਜਾਣਾ ਚਾਹੀਦਾ ਹੈ. ਜੇਕਰ ਹਰ ਵਿਅਕਤੀ ਰੁੱਖ ਲਗਾਵੇ ਤਾਂ ਵਾਤਾਵਰਨ ਵਿੱਚ ਬਹੁਤ ਸੁਧਾਰ ਹੋਵੇਗਾ। ਹਵਾ ਸਾਫ਼ ਹੋਵੇਗੀ, ਰੁੱਖਾਂ ਦੀ ਗਿਣਤੀ ਵਧੇਗੀ ਅਤੇ ਪ੍ਰਦੂਸ਼ਣ, ਗਲੋਬਲ ਵਾਰਮਿੰਗ ਅਤੇ ਗ੍ਰੀਨ ਹਾਊਸ ਪ੍ਰਭਾਵ ਘਟੇਗਾ। ਦਰਅਸਲ, ਪੌਦਿਆਂ ਅਤੇ ਰੁੱਖਾਂ ਦਾ ਮਨੁੱਖ ਲਈ ਬਹੁਤ ਮਹੱਤਵ ਹੈ। ਇਹ ਮਨੁੱਖੀ ਜੀਵਨ ਦਾ ਆਧਾਰ ਹਨ ਪਰ ਅੱਜ ਮਨੁੱਖ ਇਨ੍ਹਾਂ ਦੀ ਮਹੱਤਤਾ ਅਤੇ ਵਰਤੋਂ ਨੂੰ ਸਮਝਣ ਦੀ ਬਜਾਏ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਅਸੀਂ ਉਹਨਾਂ ਦੁਆਰਾ ਸੈਕੰਡਰੀ ਲਾਭਾਂ 'ਤੇ ਨਜ਼ਰ ਰੱਖ ਕੇ ਲਗਾਤਾਰ ਉਨ੍ਹਾਂ ਦਾ ਸ਼ੋਸ਼ਣ ਕਰ ਰਹੇ ਹਾਂ। ਰੁੱਖਾਂ ਨੂੰ ਕੱਟਣ ਦੀ ਬਜਾਏ ਸਾਨੂੰ ਬਹੁਤ ਸਾਰੇ ਰੁੱਖ ਲਗਾਉਣੇ ਚਾਹੀਦੇ ਹਨ ਪਰ ਅਜਿਹਾ ਨਹੀਂ ਹੋ ਰਿਹਾ ਅਤੇ ਇਨ੍ਹਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਨਤੀਜੇ ਵਜੋਂ ਮਨੁੱਖਤਾ ਲਈ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਸ਼ਾਸਤਰਾਂ ਵਿੱਚ ਤੁਲਸੀ, ਬੋਹੜ, ਪਿੱਪਲ, ਆਂਵਲਾ ਆਦਿ ਨੂੰ ਬ੍ਰਹਮ ਜੀਵ ਗਿਣਿਆ ਗਿਆ ਹੈ। ਰੁੱਖ ਮਨੁੱਖੀ ਪਰਿਵਾਰ ਦਾ ਹਿੱਸਾ ਹਨ। ਉਹ ਸਾਨੂੰ ਜੀਵਨ ਊਰਜਾ ਪ੍ਰਦਾਨ ਕਰਕੇ ਜ਼ਿੰਦਾ ਰੱਖਦੇ ਹਨ। ਇਹ ਸਾਡੇ ਲਈ ਬਹੁਤ ਲਾਭਦਾਇਕ ਹਨ ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਜ ਸਾਰੇ ਲੋਕਾਂ ਨੂੰ ਵਾਤਾਵਰਣ ਸੰਭਾਲ ਦੇ ਉਪਾਅ ਅਪਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਆਹ ਲੈ ਮਾਏ ਸਾਂਭ ਕੁੰਜੀਆਂ...

**ਕੁਲਦੀਪ ਸਿੰਘ ਸਾਹਿਲ**

ਸੱਚ ਮੁੱਚ ਧੀਆਂ ਅਤੇ ਧਰੇਕਾਂ ਵਿਹੜੇ ਦੀ ਰੌਣਕ ਹੁੰਦੀਆਂ ਹਨ। ਧੀਆਂ ਬਿਨਾਂ ਪਰਿਵਾਰ ਅਧੂਰਾ ਹੈ, ਇਹ ਗੱਲ ਉਹ ਲੋਕ ਜ਼ਿਆਦਾ ਜਾਣਦੇ ਹਨ ਜਿਨ੍ਹਾਂ ਦੇ ਘਰ ਧੀਆਂ ਤੋਂ ਸੱਖਣੇ ਹਨ। ਜੇਕਰ ਅਸੀਂ ਭਾਰਤੀ ਇਤਿਹਾਸ ਦੇ ਪਿਛਲੇ ਸਮਿਆਂ ’ਤੇ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਾਡੇ ਦੇਸ਼ ਦਾ ਔਰਤ ਵਰਗ ਸਦੀਆਂ ਤੋਂ ਗੁਲਾਮੀ ਦੀ ਦਲਦਲ ਵਿੱਚ ਫਸਿਆ ਹੋਇਆ ਹੈ। ਜਦੋਂ ਦੇਸ਼ ਵਿੱਚ ਜਾਤੀ ਵਿਵਸਥਾ ਬਣੀ ਸੀ, ਉਸ ਵਿੱਚ ਵੀ ਔਰਤ ਨੂੰ ਸਮਾਨਤਾ ਦਾ ਦਰਜਾ ਨਹੀਂ ਦਿੱਤਾ ਗਿਆ। ਉਸ ਨੂੰ ਪੜ੍ਹਨ ਲਿਖਣ ਅਤੇ ਆਜ਼ਾਦ ਘੁੰਮਣ ਵਰਗੇ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ ਸੀ।




ਜਿਉਂ ਜਿਉਂ ਵਕਤ ਬਦਲਦਾ ਗਿਆ ਅਤੇ ਮਨੁੱਖ ਜਾਗਰੂਕ ਹੁੰਦਾ ਗਿਆ ਅਤੇ ਔਰਤਾਂ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੁੰਦੀਆਂ ਗਈਆਂ। ਅੱਜ ਭਾਵੇਂ ਦੁਨੀਆ ਨੇ ਬਹੁਤ ਤਰੱਕੀ ਕਰ ਲਈ ਹੈ ਅਤੇ ਔਰਤਾਂ ਵੀ ਅਸਮਾਨ ਵਿੱਚ ਉਡਾਰੀਆਂ ਲਾ ਰਹੀਆਂ ਹਨ, ਪਰ ਅਜੇ ਵੀ ਬਹੁਤ ਸਾਰੇ ਦੇਸ਼ਾਂ ਵਿੱਚ ਔਰਤਾਂ ਅਸਮਾਨਤਾਵਾਂ ਦਾ ਸ਼ਿਕਾਰ ਹੋ ਰਹੀਆਂ ਹਨ। ਭਾਰਤ ਹੀ ਇੱਕ ਅਜਿਹਾ ਵੱਡਾ ਦੇਸ਼ ਹੈ ਜਿੱਥੇ ਲੜਕਿਆਂ ਨਾਲੋਂ ਕੁੜੀਆਂ ਦੀ ਜਨਮ ਦਰ ਘੱਟ ਅਤੇ ਮੌਤ ਦਰ ਜ਼ਿਆਦਾ ਹੈ। ਇਸ ਦੇ ਨਾਲ ਹੀ ਕੁੜੀਆਂ ਦੇ ਸਕੂਲ ਛੱਡਣ ਦੀ ਸੰਭਾਵਨਾ ਵੀ ਜ਼ਿਆਦਾ ਹੈ।

ਭਾਰਤ ਵਿੱਚ ਰੁਜ਼ਗਾਰ, ਭੀਖ ਮੰਗਣ, ਜਿਨਸੀ ਸ਼ੋਸ਼ਣ ਅਤੇ ਬਾਲ ਮਜ਼ਦੂਰੀ ਵਰਗੇ ਕਈ ਉਦੇਸ਼ਾਂ ਲਈ ਅਣਗਿਣਤ ਬੱਚਿਆਂ ਦੀ ਤਸਕਰੀ ਕੀਤੀ ਜਾਂਦੀ ਹੈ ਜਿਨ੍ਹਾਂ ਵਿੱਚ ਜ਼ਿਆਦਾਤਰ ਗਿਣਤੀ ਕੁੜੀਆਂ ਦੀ ਹੈ। ਦੇਸ਼ ਵਿੱਚ ਹਰ ਸਾਲ 60 ਹਜ਼ਾਰ ਤੋਂ ਵੱਧ ਬੱਚੇ ਲਾਪਤਾ ਹੋ ਜਾਂਦੇ ਹਨ, ਜਿਨ੍ਹਾਂ ਵਿੱਚ ਕੁੜੀਆਂ ਦੀ ਪ੍ਰਤੀਸ਼ਤਤਾ ਜ਼ਿਆਦਾ ਹੈ। ਦੇਸ਼ ਵਿੱਚ ਕੁੜੀਆਂ ਕੋਲ ਕੁਝ ਖ਼ਤਰੇ ਅਤੇ ਕਮਜ਼ੋਰੀਆਂ ਹਨ ਜਿਨ੍ਹਾਂ ਦਾ ਉਹ ਸਿਰਫ਼ ਇਸ ਲਈ ਸਾਹਮਣਾ ਕਰਦੀਆਂ ਹਨ ਕਿਉਂਕਿ ਉਹ ਕੁੜੀਆਂ ਹਨ। ਇਨ੍ਹਾਂ ਵਿੱਚੋਂ ਬਹੁਤੇ ਜੋਖਮ ਸਿੱਧੇ ਤੌਰ ’ਤੇ ਆਰਥਿਕ, ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਨੁਕਸਾਨਾਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਦਾ ਲੜਕੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਦੂਜੇ ਪਾਸੇ ਸਾਡੇ ਦੇਸ਼ ਵਿੱਚ ਜਿਨ੍ਹਾਂ ਕੁੜੀਆਂ ਨੂੰ ਆਜ਼ਾਦ ਮਾਹੌਲ ਮਿਲਿਆ ਹੈ, ਉਹ ਵੱਖ-ਵੱਖ ਖੇਤਰਾਂ ਵਿੱਚ ਵਿਸ਼ਵ ਪੱਧਰ ’ਤੇ ਮਿਸਾਲ ਬਣ ਚੁੱਕੀਆਂ ਹਨ।

ਅੱਜ ਭਾਰਤ ਦੀਆਂ ਧੀਆਂ ਨਾ ਸਿਰਫ਼ ਲੜਾਕੂ ਜਹਾਜ਼ ਉਡਾ ਰਹੀਆਂ ਹਨ, ਸਗੋਂ ਜੰਗ ਦੇ ਮੋਰਚੇ ’ਤੇ ਵੀ ਤਾਇਨਾਤ ਹਨ। ਚੰਦਰਯਾਨ 3 ਦੀ ਸਫਲਤਾ ਵਿੱਚ ਭਾਰਤ ਦੀਆਂ ਧੀਆਂ ਦਾ ਵੀ ਅਹਿਮ ਯੋਗਦਾਨ ਰਿਹਾ ਹੈ। ਫਿਰ ਵੀ ਭਾਰਤੀ ਸਮਾਜ ਵਿੱਚ ਪਿਤਾ-ਪੁਰਖੀ ਵਿਚਾਰ, ਮਰਿਆਦਾ, ਪਰੰਪਰਾਵਾਂ ਅਤੇ ਢਾਂਚੇ ਕਾਇਮ ਹਨ ਜਿਸ ਕਾਰਨ ਬਹੁਤੀਆਂ ਕੁੜੀਆਂ ਆਪਣੇ ਕਈ ਹੱਕਾਂ ਦਾ ਪੂਰਾ ਆਨੰਦ ਨਹੀਂ ਮਾਣ ਪਾਉਂਦੀਆਂ। ਲਿੰਗਕ ਵਿਤਕਰੇ ਅਤੇ ਸਮਾਜਿਕ ਨਿਯਮਾਂ ਅਤੇ ਪ੍ਰਥਾਵਾਂ ਦੇ ਪ੍ਰਚਲਣ ਕਾਰਨ ਲੜਕੀਆਂ ਨੂੰ ਬਾਲ ਵਿਆਹ, ਕਿਸ਼ੋਰ ਗਰਭ ਅਵਸਥਾ, ਘਰੇਲੂ ਕੰਮ, ਮਾੜੀ ਸਿੱਖਿਆ ਅਤੇ ਸਿਹਤ, ਜਿਨਸੀ ਸ਼ੋਸ਼ਣ ਅਤੇ ਹਿੰਸਾ ਦੀਆਂ ਸੰਭਾਵਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿੱਚ ਲਿੰਗ ਅਸਮਾਨਤਾ ਦੇ ਨਤੀਜੇ ਵਜੋਂ ਕੁੜੀਆਂ ਲਈ ਅਸਮਾਨ ਮੌਕੇ ਹੁੰਦੇ ਹਨ। ਕੁੜੀਆਂ ਅਤੇ ਲੜਕੇ ਪੂਰੇ ਦੇਸ਼ ਵਿੱਚ ਵੱਖੋ-ਵੱਖਰੇ ਢੰਗ ਨਾਲ ਕਿਸ਼ੋਰ ਅਵਸਥਾ ਦਾ ਅਨੁਭਵ ਕਰਦੇ ਹਨ। ਜਦੋਂਕਿ ਲੜਕਿਆਂ ਨੂੰ ਵਧੇਰੇ ਆਜ਼ਾਦੀ ਦਾ ਅਨੁਭਵ ਹੁੰਦਾ ਹੈ, ਕੁੜੀਆਂ ਨੂੰ ਉਨ੍ਹਾਂ ਦੀ ਆਜ਼ਾਦੀ ਨਾਲ ਘੁੰਮਣ ਅਤੇ ਫ਼ੈਸਲੇ ਲੈਣ ਦੀ ਸਮਰੱਥਾ ’ਤੇ ਵਿਆਪਕ ਸੀਮਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੇ ਕੰਮ, ਸਿੱਖਿਆ, ਵਿਆਹ ਅਤੇ ਸਮਾਜਿਕ ਸਬੰਧਾਂ ਨੂੰ ਪ੍ਰਭਾਵਿਤ ਕਰਦੇ ਹਨ। ਜਿਵੇਂ-ਜਿਵੇਂ ਕੁੜੀਆਂ ਅਤੇ ਮੁੰਡੇ ਵੱਡੇ ਹੁੰਦੇ ਜਾਂਦੇ ਹਨ, ਕੁੜੀਆਂ ਲਈ ਰੁਕਾਵਟਾਂ ਵਧਦੀਆਂ ਜਾਂਦੀਆਂ ਹਨ ਅਤੇ ਅਖੀਰ ਤੱਕ ਜਾਰੀ ਰਹਿੰਦੀਆਂ ਹਨ।

ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਲੜੀ ਦਿਵਸ ਦੇ ਸਮਾਗਮਾਂ ਅਤੇ ਸਰਕਾਰੀ ਪ੍ਰੋਗਰਾਮਾਂ ਅਤੇ ਸਕੀਮਾਂ ਦੇ ਬਾਵਜੂਦ ਲੜਕੀਆਂ ਪ੍ਰਤੀ ਸਮਾਜ ਦੇ ਰਵੱਈਏ ਵਿੱਚ ਕੋਈ ਖ਼ਾਸ ਤਬਦੀਲੀ ਨਹੀਂ ਆਈ ਹੈ। ਅੱਜ ਵੀ ਸ਼ਹਿਰਾਂ ਵਿੱਚ ਪ੍ਰਤੀ ਹਜ਼ਾਰ ਲੜਕਿਆਂ ਪਿੱਛੇ ਕੁੜੀਆਂ ਦੀ ਗਿਣਤੀ ਪੇਂਡੂ ਖੇਤਰਾਂ ਨਾਲੋਂ ਘੱਟ ਹੈ। ਇਸ ਦਾ ਮਤਲਬ ਇਹ ਹੈ ਕਿ ਜਿਨ੍ਹਾਂ ਸ਼ਹਿਰਾਂ ਵਿੱਚ ਗਰਭ ਅਵਸਥਾ ਦੌਰਾਨ ਭਰੂਣ ਜਾਂਚ ਦੀਆਂ ਸਹੂਲਤਾਂ ਹਨ, ਉੱਥੇ ਬੱਚੀ ਦਾ ਭਰੂਣ ਸੁਰੱਖਿਅਤ ਨਹੀਂ ਹੈ। ਪੇਂਡੂ ਖੇਤਰਾਂ ਵਿੱਚ ਸੰਤੋਸ਼ਜਨਕ ਲਿੰਗ ਅਨੁਪਾਤ ਦੇ ਬਾਵਜੂਦ, ਉੱਥੇ ਡਾਕਟਰੀ ਸਹੂਲਤਾਂ ਦੀ ਘਾਟ ਕਾਰਨ ਨਵਜੰਮੇ ਬੱਚਿਆਂ ਤੋਂ ਲੈ ਕੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਜ਼ਿਆਦਾ ਹੈ, ਜਿਸ ਵਿੱਚ ਲੜਕੀਆਂ ਦੀ ਪ੍ਰਤੀਸ਼ਤਤਾ ਜ਼ਿਆਦਾ ਹੈ।

ਇਸੇ ਸਰਵੇਖਣ ਅਨੁਸਾਰ ਦੇਸ਼ ਵਿੱਚ ਅਜੇ ਵੀ 23 ਫੀਸਦੀ ਕਿਸ਼ੋਰਾਂ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੀ ਹੋ ਜਾਂਦਾ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਲੜਕੀਆਂ ਹਨ। ਸਰਵੇਖਣ ਵਿੱਚ 15 ਤੋਂ 19 ਸਾਲ ਦੀ ਉਮਰ ਦੀਆਂ 6.8 ਫੀਸਦੀ ਕੁੜੀਆਂ ਬਾਲ ਵਿਆਹ ਕਾਰਨ ਗਰਭਵਤੀ ਜਾਂ ਮਾਵਾਂ ਪਾਈਆਂ ਗਈਆਂ। ਲੜਕੀਆਂ ਵਿਰੁੱਧ ਜਿਨਸੀ ਅਪਰਾਧਾਂ ਵਿੱਚ ਵੀ ਵਾਧਾ ਹੋਇਆ ਹੈ। ਬੇਸ਼ੱਕ ਭਾਰਤੀ ਸੰਸਕ੍ਰਿਤੀ ਵਿੱਚ ਕੰਨਿਆ ਨੂੰ ਲਕਸ਼ਮੀ ਮੰਨਿਆ ਜਾਂਦਾ ਹੈ ਅਤੇ ਕਈ ਮੌਕਿਆਂ ’ਤੇ ਪੂਜਾ ਕੀਤੀ ਜਾਂਦੀ ਹੈ, ਪਰ ਸਮਾਜ ਵਿੱਚ ਮੌਜੂਦ ਕੁਝ ਸ਼ੈਤਾਨ ਲੋਕਾਂ ਕਰਕੇ ਦੇਸ਼ ਵਿੱਚ ਦੇਵੀ ਵਜੋਂ ਪੂਜਣ ਵਾਲੀਆਂ ਕੁੜੀਆਂ ਅਸੁਰੱਖਿਅਤ ਹਨ। 2021 ’ਚ ਲੜਕੀਆਂ ਨਾਲ ਬਲਾਤਕਾਰ ਦੇ 37,511 ਮਾਮਲੇ ਦਰਜ ਕੀਤੇ ਗਏ ਜੋ 2022 ’ਚ ਵਧ ਕੇ 38,030 ਹੋ ਗਏ। 2023 ਵਿੱਚ ਇਹ ਅੰਕੜੇ 32000 ਦੇ ਕਰੀਬ ਸਨ। ਇਸੇ ਤਰ੍ਹਾਂ ਜਿਨਸੀ ਹਮਲਿਆਂ ਦੀ ਗਿਣਤੀ ਵਿੱਚ 3.1 ਪ੍ਰਤੀਸ਼ਤ ਅਤੇ ਜਿਨਸੀ ਉਤਪੀੜਨ ਵਿੱਚ 10.4 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ। ਭਾਰਤ ਉਦੋਂ ਤੱਕ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਵੇਗਾ ਜਦੋਂ ਤੱਕ ਲੜਕੀਆਂ ਅਤੇ ਲੜਕਿਆਂ ਦੋਵਾਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਦੇ ਬਰਾਬਰ ਮੌਕੇ ਨਹੀਂ ਦਿੱਤੇ ਜਾਂਦੇ। ਹਰ ਬੱਚਾ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਦਾ ਹੱਕਦਾਰ ਹੈ, ਪਰ ਉਨ੍ਹਾਂ ਦੇ ਜੀਵਨ ਵਿੱਚ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਦੇ ਜੀਵਨ ਵਿੱਚ ਲਿੰਗ ਅਸਮਾਨਤਾਵਾਂ ਇਸ ਅਸਲੀਅਤ ਵਿੱਚ ਰੁਕਾਵਟ ਪਾਉਂਦੀਆਂਹਨ। ਸਿੱਖਿਆ, ਜੀਵਨ ਦੇ ਹੁਨਰਾਂ, ਖੇਡਾਂ ਅਤੇ ਹੋਰ ਬਹੁਤ ਕੁਝ ਵਿੱਚ ਨਿਵੇਸ਼ ਕਰਕੇ ਅਤੇ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰਕੇ ਲੜਕੀਆਂ ਦੀ ਮਹੱਤਤਾ ਨੂੰ ਉੱਚਾ ਚੁੱਕਣਾ ਮਹੱਤਵਪੂਰਨ ਹੈ। ਰਾਜਨੀਤਕ ਆਧਾਰ ’ਤੇ ਲੜਕੀਆਂ ’ਤੇ ਅੱਤਿਆਚਾਰ ਕਰਨ ਵਾਲਿਆਂ ਨੂੰ ਮੁਆਫ਼ ਕਰਨਾ ਜਾਂ ਉਨ੍ਹਾਂ ਦੀ ਰੱਖਿਆ ਕਰਨਾ ਵੀ ਇੱਕ ਗੰਭੀਰ ਸਮਾਜਿਕ ਅਪਰਾਧ ਹੈ। ਲੜਕੀਆਂ ਦੀ ਮਹੱਤਤਾ ਨੂੰ ਵਧਾ ਕੇ ਅਸੀਂ ਸਮੂਹਿਕ ਤੌਰ ’ਤੇ ਖ਼ਾਸ ਨਤੀਜਿਆਂ ਦੀ ਪ੍ਰਾਪਤੀ ਵਿੱਚ ਯੋਗਦਾਨ ਪਾ ਸਕਦੇ ਹਾਂ।



ਸਾਡੇ ਦੇਸ਼ ਦੀਆਂ ਧੀਆਂ ਬਹੁਤ ਸਮਝਦਾਰ ਅਤੇ ਮਿਹਨਤੀ ਹਨ, ਜੇਕਰ ਉਨ੍ਹਾਂ ਨੂੰ ਉੱਡਣ ਦਾ ਮੌਕਾ ਮਿਲਦਾ ਹੈ ਤਾਂ ਉਨ੍ਹਾਂ ਦੀ ਉਡਾਰੀ ਲੜਕਿਆਂ ਨਾਲੋਂ ਲੰਮੀ ਅਤੇ ਉੱਚੀ ਹੋ ਨਿੱਬੜਦੀ ਹੈ। ਦੇਖਣ ਵਿੱਚ ਆਇਆ ਹੈ ਕਿ ਰਾਜਨੀਤਕ, ਪ੍ਰਸ਼ਾਸਨਿਕ ਅਤੇ ਹੋਰ ਬਹੁਤ ਸਾਰੀਆਂ ਥਾਵਾਂ ’ਤੇ ਔਰਤਾਂ ਜ਼ਿਆਦਾ ਸਫਲ ਰਹੀਆਂ ਹਨ। ਸਿਆਣੇ ਕਹਿੰਦੇ ਹਨ ਕਿ ਧੀ ਬਿਨਾਂ ਪਰਿਵਾਰ ਅਧੂਰਾ ਹੈ, ਇਹ ਬਿਲਕੁਲ ਸੱਚ ਕਿਹਾ ਹੈ ਧੀਆਂ ਦੀ ਅਹਿਮੀਅਤ ਉਨ੍ਹਾਂ ਨੂੰ ਜ਼ਿਆਦਾ ਪਤਾ ਹੈ, ਜਿਨ੍ਹਾਂ ਕੋਲ ਧੀ ਨਹੀਂ ਹੈ। ਧੀਆਂ ਹੀ ਮਾਵਾਂ, ਦਾਦੀ, ਨਾਨੀ ਬਣਦੀਆਂ ਹਨ, ਧੀਆਂ ਤੋਂ ਬਿਨਾਂ ਦੁਨੀਆ ਅੱਗੇ ਨਹੀਂ ਵਧ ਸਕਦੀ। ਧੀਆਂ ਨੂੰ ਆਪਣੀ ਜ਼ਿੰਦਗੀ ਦਾ ਇੱਕ ਤਿਹਾਈ ਹਿੱਸਾ ਹੀ ਆਪਣੇ ਮਾਪਿਆਂ ਕੋਲ ਰਹਿਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ।




**ਗੁਰਪ੍ਰੀਤ ਸਿੰਘ ਬੀੜ ਕਿਸ਼ਨ**

ਆਧੁਨਿਕ ਯੁੱਗ ਦੀ ਭੱਜ-ਨੱਠ ਨੇ ਮਨੁੱਖ ਦੀ ਜ਼ਿੰਦਗੀ ’ਚ ਥਕੇਵਾਂ, ਅਕਾਊ ਤੇ ਨਿਰਾਸ਼ਤਾ ਦਾ ਪਸਾਰਾ ਕਰ ਦਿੱਤਾ ਹੈ। ਜਿਉਂ -ਜਿਉਂ ਮਨੁੱਖ ਕੋਲ ਸੁੱਖ- ਸਹੂਲਤਾ ਦੀ ਬਹੁਲਤਾ ਹੁੰਦੀ ਜਾ ਰਹੀ ਹੈ, ਉਸ ਦੀਆਂ ਸਮੱਸਿਆਵਾਂ ਦੇ ਘੇਰੇ ’ਚ ਦਿਨ-ਪ੍ਰਤੀ-ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਇਸ ਦਾ ਸਿੱਧਾ ਤੇ ਸਰਲ ਕਾਰਨ ਮਨੁੱਖ ਦਾ ਕੁਦਰਤ ਨਾਲੋਂ ਟੁੱਟਣਾ ਹੈ। ਭੌਤਿਕ ਚੀਜ਼ਾਂ ਦੀ ਲਾਲਸਾ ਨੇ ਮਨੁੱਖ ਤੋਂ ਖ਼ੁਸ਼ੀਆਂ, ਹਾਸੇ, ਚਾਅ ਤੇ ਪਿਆਰ ਰੂਪੀ ਰੱਬੀ ਨਿਆਮਤ ਨੂੰ ਖੋਹ ਲਿਆ ਹੈ। ਜਿਉਂ-ਜਿਉਂ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਚਲਾ ਗਿਆ, ਉਸ ਦੀ ਜੀਵਨਸ਼ੈਲੀ ’ਚ ਪਰਿਵਰਤਨ ਆਉਂਦਾ ਚਲਾ ਗਿਆ। ਇਹੋ ਜੀਵਨਸ਼ੈਲੀ ਉਸ ਲਈ ਦੁੱਖਾਂ ਦਾ ਘਰ ਬਣ ਗਈ। ਕੁਦਰਤ ਨਾਲੋਂ ਟੁੱਟ ਕੇ ਕਦੇ ਵੀ ਕੋਈ ਮਨੁੱਖ ਸੁਖੀ ਨਹੀਂ ਰਹਿ ਸਕਦਾ।

ਗੁਰਬਾਣੀ ਤਾਂ ਮਨੁੱਖ ਨੂੰ ਪਹਿਲਾਂ ਹੀ ਸਮਝਾਉਂਦੀਆ ਰਹੀ ਹੈ ਪਰ ਹਉਮੈ ਤੇ ਹੰਕਾਰ ਵਿੱਚ ਗ੍ਰਸਤ ਮਨੁੱਖ ਨੂੰ ਕਦੇ ਸਮਝ ਨਹੀਂ ਆਈ। ਜਿਸ ਨੇ ਵੀ ਸਮਝ ਲਿਆ, ਉਸ ਦੇ ਦੁੱਖਾਂ-ਕਲੇਸ਼ਾਂ ਦਾ ਅੰਤ ਹੋ ਗਿਆ। ਕੁਦਰਤ ’ਚ ਹੀ ਮਨੁੱਖ ਦੀਆਂ ਸਭ ਬਿਮਾਰੀਆਂ ਦਾ ਹੱਲ ਛੁਪਿਆ ਹੋਇਆ ਹੈ, ਸਿਰਫ਼ ਲੋੜ ਹੈ ਮਨੁੱਖ ਨੂੰ ਕਾਦਰ ਦੀ ਉਸ ਕੁਦਰਤ ਨੂੰ ਪਛਾਣਨ ਦੀ, ਜੋ ਪੰਜ ਤੱਤ ਬ੍ਰਹਿਮੰਡ ਵਿਚ ਮੌਜੂਦ ਹਨ। ਕਾਦਰ ਨੇ ਉਨ੍ਹਾਂ ਪੰਜ ਤੱਤਾਂ ਤੋਂ ਹੀ ਮਨੁੱਖ ਤੇ ਸੰਪੂਰਨ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਮਨੁੱਖ ਇਸ ਸਮਾਜ ਦੇ ਸਭ ਪ੍ਰਾਣੀਆਂ ਤੋਂ ਸਰਬ ਸ੍ਰੇਸ਼ਠ ਹੈ। ਇਸ ’ਚ ਬਲ ਤੇ ਦਿਮਾਗ਼ ਦੋਵੇਂ ਚੀਜ਼ਾਂ ਬਾਕੀ ਪ੍ਰਾਣੀਆਂ ਤੋਂ ਉੱਚਤਮ ਦਰਜੇ ਦਾ ਬਣਾਉਂਦੀਆਂ ਹਨ।

ਪਿਆਰ ਦੀ ਭਾਸ਼ਾ ਪਸ਼ੂ, ਪੰਛੀ ਤੇ ਜਾਨਵਰ ਸਾਰੇ ਹੀ ਚੰਗੀ ਤਰ੍ਹਾਂ ਸਮਝਦੇ ਹਨ। ਕਦੇ ਕਿਸੇ ਜਾਨਵਰ ਨੂੰ ਦੋ-ਚਾਰ ਦਿਨ ਪਿਆਰ ਨਾਲ ਰੋਟੀ ਜਾਂ ਪਾਣੀ ਆਦਿ ਰੱਖਣ ਲੱਗ ਜਾਓ, ਉਹ ਵੀ ਤਹਾਨੂੰ ਪਿਆਰ ਕਰਨ ਲੱਗ ਜਾਂਦਾ ਹੈ। ਇਹੀ ਪਿਆਰ ਦੀ ਪਰਿਭਾਸ਼ਾ ਹੈ ਕਿ ਇਕ ਮਨੁੱਖ ਜੋ ਕਿਸੇ ਦੂਸਰੇ ਨੂੰ ਦਿੰਦਾ ਹੈ, ਬਦਲੇ ’ਚ ਉਸ ਤੋਂ ਕਿਤੇ ਵੱਧ ਕੇ ਵਾਪਸ ਲੈਂਦਾ ਹੈ, ਚਾਹੇ ਉਹ ਪਿਆਰ ਹੈ ਜਾਂ ਫਿਰ ਨਫ਼ਰਤ। ਜਿਸ ਤਰ੍ਹਾਂ ਘਰ ਜੀਆਂ ਤੋਂ ਸੱਖਣਾ ਨਿਰ੍ਹਾ ਉਜਾੜ ਹੁੰਦਾ ਹੈ, ਉਸੇ ਤਰ੍ਹਾਂ ਪਿਆਰ ਤੋਂ ਸੱਖਣੇ ਮਨੁੱਖ ਦੀ ਜ਼ਿੰਦਗੀ ਵੀ ਨੀਰਸ ਬਣ ਜਾਂਦੀ ਹੈ। ਪਿਆਰ ਨਾਲ ਵੱਡੇ ਤੋਂ ਵੱਡੇ ਮਸਲੇ ਹੱਲ ਹੋ ਜਾਂਦੇ ਹਨ, ਗੁੱਸੇ ਨਾਲ ਬਣੀ-ਬਣਾਈ ਖੇਡ ਵੀ ਅਕਸਰ ਵਿਗੜ ਜਾਂਦੀ ਹੈ।

ਜ਼ਿੰਦਗੀ ਦਾ ਪਹੀਆ ਸਦਾ ਤੁਰਦਾ ਰਹਿੰਦਾ ਹੈ ਤੇ ਸਦਾ ਤੁਰਦੇ ਰਹਿਣਾ ਵੀ ਚਾਹੀਦਾ ਹੈ, ਜਿਸ ਦਿਨ ਇਹ ਜ਼ਿੰਦਗੀ ਰੂਪੀ ਪਹੀਆ ਰੁਕ ਗਿਆ ਤਾਂ ਸਮਝੋ ਮਨੁੱਖੀ ਜੀਵਨ ਦਾ ਅੰਤ ਹੈ। ਜ਼ਿੰਦਗੀ ਦਾ ਇਹ ਪਹੀਆ ਵਗਦੇ ਪਾਣੀ ਵਾਂਗ ਵਗਦੇ ਹੀ ਰਹਿਣਾ ਚਾਹੀਦਾ ਹੈ। ਇਹ ਸਭ ਉਸ ਡਾਢੇ ਦੇ ਹੱਥ ’ਚ ਹੈ ਕਿ ਇਸ ਮਨੁੱਖ ਜੀਵਨ ਰੂਪੀ ਪਹੀਏ ਨੇ ਕਦੋਂ ਤਕ ਰੁੜ੍ਹਨਾ ਹੈ। ਸਮਾਂ ਆਪਣੇ ਨਾਲ ਬਹੁਤ ਕੁਝ ਵਹਾ ਕੇ ਲੈ ਜਾਂਦਾ ਹੈ ਤੇ ਸਮੇਂ ਦੀ ਰੇਤ ਉੱਪਰ ਇਸ ਦੇ ਸਿਰਫ਼ ਪੈੜਾਂ ਦੇ ਨਿਸ਼ਾਨ ਹੀ ਬਾਕੀ ਰਹਿ ਜਾਂਦੇ ਹਨ। ਪਿਆਰ ਦੀ ਇਸ ਧਰਤੀ ਵਿਚ ਉੱਗੇ ਹੋਏ ਸੂਹੇ ਫੁੱਲ ਮਨੁੱਖ ਨੂੰ ਸਦਾ ਲਈ ਅਮਰ ਬਣਾ ਦਿੰਦੇ ਹਨ। ਪਿਆਰ ਦੀ ਉਪਜ ਜ਼ਿੰਦਗੀ ’ਚ ਹਾਂ-ਪੱਖੀ ਸੋਚ ਦਾ ਨਿਰਮਾਣ ਕਰਦੀ ਹੈ ਤੇ ਪਿਆਰ ਤੋਂ ਵਿਰਵਾਂ ਮਨੁੱਖ ਕੌੜ, ਸੜੀਅਲ, ਕ੍ਰੋਧੀ ਤੇ ਹਰ ਵੇਲੇ ਨਾਂਹ-ਪੱਖੀ ਵਿਚਾਰਾਂ ਦੀ ਵਲਗਣ ’ਚ ਉਲਝਿਆ ਰਹਿੰਦਾ ਹੈ, ਜਿਸ ਨਾਲ ਉਸ ਦਾ ਜੀਵਨ ਪੂਰੀ ਤਰ੍ਹਾਂ ਨਕਾਰਾਤਮਿਕਤਾ ਨਾਲ ਭਰ ਜਾਂਦਾ ਹੈ ਤੇ ਉਸ ਦਾ ਮਨੁੱਖੀ ਵਿਕਾਸ ਰੁਕ ਜਾਂਦਾ ਹੈ।

ਸਭ ਗੁਰੂਆਂ, ਪੀਰਾਂ, ਰਿਸ਼ੀਆਂ-ਮੁਨੀਆਂ ਨੇ ਪਿਆਰ ਉੱਪਰ ਹੀ ਧਿਆਨ ਕੇਂਦਰਿਤ ਕੀਤਾ ਹੈ ਕਿ ਮਨੁੱਖੀ ਜੀਵਨ ’ਚ ਆਈਆਂ ਵੱਡੀਆਂ ਤੋਂ ਵੱਡੀਆਂ ਸਮੱਸਿਆਵਾਂ ਦਾ ਹੱਲ ਸਿਰਫ਼ ਪਿਆਰ ਵਿਚ ਹੀ ਹੈ। ਸੋਸ਼ਲ ਮੀਡੀਆ ਦੇ ਤੇਜ਼ ਪਸਾਰੇ ਨੇ ਜ਼ਿੰਦਗੀ ਨੂੰ ਬਹੁਤ ਸੌਖਾ ਕਰ ਦਿੱਤਾ ਹੈ। ਮਹੀਨਿਆਂ, ਸਾਲਾਂ ’ਚ ਪ੍ਰਾਪਤ ਹੋਣ ਵਾਲੀ ਸੂਚਨਾ ਕੁਝ ਪਲਾਂ ’ਚ ਹੀ ਪ੍ਰਾਪਤ ਹੋ ਜਾਂਦੀ ਹੈ ਪਰ ਇਸ ਸੂਚਨਾ ਨੂੰ ਪ੍ਰਾਪਤ ਕਰਨ ਲਈ ਕਈ ਵਾਰ ਮਨੁੱਖ ਆਪਣੇ ਲਈ ਮੁਸੀਬਤਾਂ ਵੀ ਖੜ੍ਹੀਆਂ ਕਰਦਾ ਦੇਖਿਆ ਗਿਆ ਹੈ। ਸਹਿਜਤਾ ਦੇ ਮਾਰਗ ਤੋਂ ਅੱਕ ਕੇ ਮਨੁੱਖ ਦੀ ਸੋਚ ਭਟਕ ਚੁੱਕੀ ਹੈ, ਉਹ ਬੜੀ ਤੇਜ਼ੀ ਨਾਲ ਨਤੀਜੇ ਪ੍ਰਾਪਤ ਕਰਨ ਦੇ ਚੱਕਰ ’ਚ ਆਪਣੀ ਜ਼ਿੰਦਗੀ ਦੇ ਉਹ ਸੁਨਹਿਰੀ ਪਲਾਂ ਨੂੰ ਦਾਅ ’ਤੇ ਲਾ ਦਿੰਦਾ ਹੈ, ਜਿਸ ਨਾਲ ਮਜ਼ਬੂਤ ਸਮਾਜ ਤੇ ਪਰਿਵਾਰ ਦੀ ਹੋਂਦ ਖੜ੍ਹੀ ਹੁੰਦੀ ਹੈ। ਪਿਆਰ ਦੇ ਰੰਗ ’ਚ ਰੰਗਿਆ ਮਨੁੱਖ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਵੀ ਜ਼ਰ ਜਾਂਦਾ ਹੈ ਤੇ ਉਸ ਅੰਦਰ ਪੈਦਾ ਹੋਇਆ ਆਤਮ ਬਲ ਉਸ ਨੂੰ ਮਜ਼ਬੂਤ ਬਣਾ ਦਿੰਦਾ ਹੈ ਤੇ ਉਹ ਆਪਣੇ ਇਸ ਖੇਤਰ ਵਿੱਚ ਤਰੱਕੀ ਦੀਆਂ ਨਵੀਂਆਂ ਇਬਾਰਤਾਂ ਲਿਖਦਾ ਹੋਇਆ ਮੰਜ਼ਿਲ ’ਤੇ ਅੱਪੜ ਨਵੀਂ ਮਿਸਾਲ ਪੈਦਾ ਕਰ ਦਿੰਦਾ ਹੈ। ਮਨੁੱਖ ਜਿੰਨੀ ਮਰਜ਼ੀ ਧਨ-ਦੌਲਤ, ਜਾਇਦਾਦ ਇਕੱਠੀ ਕਰ ਲਵੇ ਪਰ ਪਿਆਰ ਤੋਂ ਸੱਖਣੇ ਮਨੁੱਖ ਲਈ ਵੀ ਇਹ ਧਨ-ਦੌਲਤਾਂ ਕੋਈ ਮਾਅਨੇ ਨਹੀਂ ਰੱਖਦੀਆਂ। ਮਨੁੱਖ ਭਾਵੇਂ ਕੱਖਾਂ ਦੀ ਛੰਨ ’ਚ ਕਿਉਂ ਨਾ ਰਹਿੰਦਾ ਹੋਵੇ, ਜੇ ਉਸ ਕੋਲ ਪਿਆਰ ਹੈ ਤਾਂ ਉਹ ਜ਼ਿੰਦਗੀ ਦਾ ਸਭ ਤੋਂ ਅਮੀਰ ਆਦਮੀ ਹੈ। ਪਿਆਰ ਹੀ ਜੀਵਨ ਦਾ ਆਧਾਰ ਹੈ, ਜਿਸ ਤੋਂ ਜੀਵਨ ਦੀ ਰਚਨਾ ਹੁੰਦੀ ਹੈ। ਇਹ ਹੀ ਸਫਲ ਜ਼ਿੰਦਗੀ ਜਿਊਣ ਦਾ ਮਾਰਗ ਹੈ। ਇਸ ਦੇ ਮਾਰਗ ਉੱਪਰ ਚੱਲਦਿਆਂ ਮਨੁੱਖ ਨੂੰ ਛੋਟੀਆਂ-ਛੋਟੀਆਂ ਗੱਲਾਂ ’ਚੋਂ ਖ਼ੁਸ਼ੀਆਂ ਨੂੰ ਤਲਾਸ਼ਣ ਦੀ ਜਾਂਚ ਨੂੰ ਸਿੱਖਣਾ ਪਵੇਗਾ। ਜਦੋਂ ਪਿਆਰ ਹੀ ਜ਼ਿੰਦਗੀ ਦਾ ਮੂਲ ਆਧਾਰ ਤੇ ਸਰੋਤ ਹੈ ਤਾਂ ਫਿਰ ਮਨੁੱਖ ਨੂੰ ਬੇਅਰਥ ਦੀਆਂ ਚਿੰਤਾਵਾਂ ਤੋਂ ਮੁਕਤ ਹੁੰਦਿਆਂ ਹਾਂ-ਪੱਖੀ ਸਮਾਜ ਦੀ ਸਿਰਜਣਾ ਨੂੰ ਤਰਜੀਹ ਦਿੰਦਿਆਂ ਇਸ ਦਾ ਪਸਾਰਾ ਕਰਨਾ ਚਾਹੀਦਾ ਹੈ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS Love's AMBEST Roady's

## FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਗ਼ਦਰ ਲਹਿਰ ਦਾ ਬਾਗ਼ੀ ਨਾਇਕ
# ਕਰਤਾਰ ਸਿੰਘ ਸਰਾਭਾ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗਦਰ ਲਹਿਰ ਆਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸ ਦਾ ਆਰੰਭ 25 ਜੂਨ 1913 ਵਿੱਚ ਅਮਰੀਕਾ ਵਿੱਚ ਹੋਇਆ। ਜਿਸ ਵਿੱਚ ਹਿੰਦੀ ਮਿਹਨਤਕਸ਼ ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਆਜ਼ਾਦੀ ਦੀ ਲੜਾਈ ਵਿੱਚ ਲਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸ ਨੇ ਹਿੰਦੀਆਂ ਦੇ ਖ਼ੂਨ ਵਿੱਚ ਆਜ਼ਾਦੀ ਲਈ ਮਰ ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਉਂ ਇਤਿਹਾਸ ਵਿੱਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸ ਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਦੇ ਪਿੰਡ ਸਰਾਭਾ, ਪੁਰਾਤਨ ਨਾਉਂ ਸਿਰਹਾਬ ਮਤਲਬ ਹਰੀ ਭਰੀ ਜਗ੍ਹਾ, ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ ਵਿਖੇ 24 ਮਈ 1896 ਵਿੱਚ ਹੋਇਆ. ਛੋਟੀ ਉਮਰ ਵਿੱਚ ਹੀ ਉਸ ਦੇ ਮਾਪੇ ਅਕਾਲ ਚ ਲਾਣਾ ਕਰ ਗਏ ਸਨ। ਉਸ ਦਾ ਪਲਾਣ ਪੋਸ਼ਣ ਉਸ ਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁੱਢਲੀ ਵਿਦਿਆ ਪਿੰਡ ਦੇ ਸਕੂਲ ਵਿੱਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤਕ ਪੜਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5 ਫੁੱਟ ਅੱਠ ਇੰਚ ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹੱਸ ਮੁੱਖ , ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿੱਚ ਇੱਕ ਚੰਗੇ ਆਗੂ ਵਾਲੇ ਗੁਣ ਸਨ। ਉਹ ਹਰ ਇੱਕ ਕੰਮ ਅੱਗੇ ਹੋ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾਹ ਯੂਨੀਵਰਸਿਟੀ ਕਟਕ ਉੜੀਸਾ ਤੋਂ 1912 ਵਿੱਚ ਕੀਤੀ। ਉਸ ਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਕ ਸੀ। ਬੰਗਾਲ, ਉੜੀਸਾ ਦੀ ਆਜ਼ਾਦੀ ਦੀ ਲਹਿਰ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ।

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸ ਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖ਼ਤ ਪੁੱਛ ਪੜਤਾਲ ਕਰ ਰਿਹਾ ਸੀ। ਇੱਕ ਸਾਥੀ ਕੋਲੋਂ ਉਸ ਨੂੰ ਮਾਲੂਮ ਹੋਇਆ ਕਿ ਦੁਨੀਆਂ ਦੇ ਦੇਸ਼ ਭਾਰਤ ਇੱਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਵੇਖਦੇ ਹਨ। ਇਸ ਵਤੀਰੇ ਦਾ ਸਰਾਭਾ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸ ਨੇ ਦੇਖਿਆ ਕਿ ਅਮਰੀਕਾ ਵਿੱਚ ਨਸਲਵਾਦ ਜ਼ੋਰਾਂ ਤੇ ਹੈ। ਉਸ ਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਿਆ। ਉਹ ਘੱਟ ਉਜਰਤ ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ। ਇੱਥੋਂ ਤਕ ਕਿ ਮਾਰ ਕੁਟਾਈ ਵੀ ਹੋ ਜਾਂਦੀ ਸੀ। ਆਜ਼ਾਦ ਦੇਸ਼ ਵਿੱਚ ਵਿਚਰਦਿਆਂ ਉਸ ਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿੱਚ ਸਾਡੀ ਬੇਇੱਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੀਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿੱਚ ਰਸਾਇਣ ਵਿਗਿਆਨ ਦੀ ਪੜਾਈ ਵਿੱਚ ਦਾਖਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸ ਨੇ ਜੋਸ਼ ਵਿੱਚ ਕਿਹਾ ਕਿ ਮੇਰੀ ਜਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸ ਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿੱਚ ਇਥੇ ਰਹਿੰਦੇ ਵੀ ਦਿਲ ਵਿੱਚ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸਨੇ ਸਾਥੀਆਂ ਵਿੱਚ ਰਾਜਨੀਤਿਕ ਜਾਗ੍ਰਿਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿੱਚ ਹੋਈ ਇਕੱਤਰਤਾ ਵਿੱਚ ਬੜੇ ਉੱਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਆਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿੱਚ ਇੱਕ ਅਖ਼ਬਾਰ ਕੱਢਣ ਦੀ ਤਜਵੀਜ਼ ਦਾ ਮਤਾ ਪਾਸ ਹੋਇਆ। ਉਸ ਵੇਲੇ ਗਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਗਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ,ਜਿਸ ਨਾਲ ਉਹ ਪਾਰਟੀ ਵਿੱਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰ ਸਾਨਫਰਾਂਸਿਸਕੋ ਤੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿੱਤ ਗਦਰ ਨਾਉਂ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿੱਚ ਜਾਰੀ ਕੀਤਾ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜਿੰਮੇਵਾਰੀ ਸੰਭਾਲੀ। ਅਖ਼ਬਾਰ ਵਿੱਚ ਅੰਗਰੇਜ਼ਾਂ ਦੇ ਜ਼ੁਲਮ ਅਤ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ। ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਦੀ ਵਿਉਂਤ , ਅਸਲਾ ਸੰਭਾਲਣ ਤੇ ਵਰਤਣ ਦੇ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿਥੇ ਕਿਤੇ ਵੀ ਭਾਰਤੀ ਵਸਦੇ ਸਨ, ਸੰਸਾਰ ਪੱਧਰ ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਿਆ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।



ਅਖ਼ਬਾਰ ਜਲਦੀ ਹੀ ਇਤਨਾ ਮਸ਼ਹੂਰ ਹੋ ਗਿਆ ਕਿ ਗਦਰ ਦੇ ਨਾਅਰੇ ਗੂੰਜਣ ਲੱਗੇ। ਲੋਕਾਂ ਵਿੱਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿੱਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ,ਮਨ ਤੇ ਧੰਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ 'ਤੇ ਗਦਰ ਦਾ ਬਾਗੀ ਸਿਪਾਹੀ ਬਣਨ ਲਈ ਬੰਬ ਬਣਾਉਣਾ, ਪਿਸਤੌਲ ਚਲਾਉਣਾ, ਜਹਾਜ਼ ਬਣਾਉਣਾ, ਮੁਰੰਮਤ ਕਰਨਾ ਅਤੇ ਉਡਾਉਣਾ ਇੱਕ ਜਹਾਜ਼ਾਂ ਦੀ ਕੰਪਨੀ ਨਿਊਯਾਰਕ ਤੋਂ ਸਿਖਿਆ। ਸਰਗਰਮ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ। 'ਚੱਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨ ਤੇ ਫੁਰਮਾਨ ਹੋ ਗਏ। ਸਰਾਭਾ ਦੀਆਂ ਆਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇੱਕ ਵਿਸ਼ੇਸ਼ ਇਕੱਤਰਤਾ ਵਿੱਚ ਉਸ ਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸ ਨੇ ਬੜੀ ਮਿਹਨਤ ਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲ਼ਾ ਲਾਉਣ ਲਈ ਅਮਰੀਕਾ ਤੇ ਕੈਨੇਡਾ ਵਿੱਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿੱਚ ਪਹਿਲੀ ਸੰਸਾਰ ਜੰਗ ਵਿੱਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। ਗਦਰ ਅਖ਼ਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿੱਚ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ, ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਫ਼ੌਜੀ ਛਾਉਣੀਆਂ ਵਿੱਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਣੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ ਵੱਖ ਰਸਤਿਆਂ ਰਾਹੀਂ ਸੈਂਕੜੇ ਗਦਰੀ ਭਾਰਤ ਪਹੁੰਚ ਗਏ। ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਜ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਹਨਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢ ਕੇ ਕ੍ਰਿਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20 ਹਜ਼ਾਰ ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖ਼ੁਫ਼ੀਆ ਵਿਭਾਗ ਵਲੋਂ ਖ਼ਬਰਾਂ ਦੇ ਆਧਾਰ 'ਤੇ ਅਨੇਕਾਂ ਗਦਰੀਆਂ ਨੂੰ ਬੰਦਰਗਾਹਾਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਸਰਾਭਾ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ ਹਾਰ ਨੌਜਵਾਨਾਂ ਵਿੱਚ ਵੰਡੇ, ਜਦੋਂ ਦਸੰਬਰ 1914 ਵਿੱਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤਕ ਸਰਾਭਾ ਲੁਧਿਆਣਾ ਵਿੱਚ ਸਥਾਪਤ ਹੋ ਚੁੱਕੇ ਸਨ। ਉਸ ਦਾ ਇਲਾਕੇ ਵਿੱਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫ਼ੌਜੀ ਛਾਉਣੀਆਂ ਵਿੱਚ ਫ਼ੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸ ਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿੱਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿੱਚ ਸਫਲ ਹੋ ਗਏ।

ਵਿਦਰੋਹ ਦੀ ਤਿਆਰੀ ਵਿੱਚ 25 ਜਨਵਰੀ 1915 ਨੂੰ ਰਾਸ ਬਿਹਾਰੀ ਬੌਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁੱਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ 1915 ਨੂੰ ਹੋਈ ਇਕੱਤਰਤਾ ਵਿੱਚ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿੱਚ ਫਿਰੋਜ਼ਪੁਰ ਅਤੇ ਮੀਆ ਮੀਰ ਛਾਉਣੀਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿੱਚ ਬਗਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ਼ 19 ਫਰਵਰੀ 1915 ਕਰ ਦਿੱਤੀ। ਪਰ ਕਿਰਪਾਲ ਸਿੰਘ ਨੇ ਇਹ ਭੇਦ ਅੰਗ੍ਰੇਜਾਂ ਨੂੰ ਦੇ ਦਿੱਤਾ। ਸਰਾਭਾ ਮਿੱਥੇ ਸਮੇਂ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ ਪਰ 19 ਫਰਵਰੀ 1915 ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫ਼ਤਾਰ ਹੋ ਗਏ ਸਨ। ਫ਼ੌਜੀਆਂ ਕੋਲੋਂ ਹਥਿਆਰ ਵੀ ਸੁੱਟਵਾ ਲਏ ਸਨ। ਇਸ ਲਈ ਫ਼ੌਜ ਬਗਾਵਤ ਨਾ ਕਰ ਸਕੀ। ਜਿਹੜੇ ਗਦਰੀ ਬਚ ਗਏ ਸਨ, ਉਹਨਾਂ ਨੂੰ ਹਿੰਦੂਸਤਾਨ ਛੱਡ ਜਾਣ ਦਾ ਗਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫਗਾਨਿਸਤਾਨ ਵੱਲ ਚਲ ਪਏ ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿੱਚ ਵਿਲਸਨਪੁਰ ਵਿਖੇ ਘੋੜ ਸਵਾਰ ਫ਼ੌਜ 22 ਨੂੰ ਵਰਗਲਾਉਣ ਦੇ ਦੋਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ।

13 ਸਤੰਬਰ 1915 ਨੂੰ ਮੁਕਦਮਾ ਚਲਿਆ ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸਦੀ ਦ੍ਰਿੜ ਵਿਦਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿੱਚ ਸਭ ਤੋਂ ਛੋਟਾ ਗਦਰੀ ਇਨੀ ਨਿਡਰਤਾ ਨਾਲ ਬਿਆਨ ਦਿੰਦਾ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ 'ਤੇ ਮਾਣ ਹੈ।

ਸੈਂਟਰਲ ਜੇਲ ਲਾਹੌਰ ਵਿੱਚ ਬੈਠੀ ਅਦਾਲਤ ਨੇ 63 ਗਦਰੀਆਂ ਵਿਰੁੱਧ ਫੈਸਲਾ ਸੁਣਾਇਆ। ਸਰਾਭਾ ਸਾਢੇ ਉਨੀ ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜਾ ਸੁਣਾਈ। ਗਦਰਰੀਆਂ ਵੱਲੋਂ ਕੇਸ ਦੀ ਪੈਰ;ਵਾਈ ਕਰ ਰਹੇ ਵਕੀਲ ਰਘੂਵਰ ਸਹਾਏ ਨੇ ਉਹਨਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੋਲ ਰਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗਦਰੀਆਂ ਵਿਚੋਂ 17 ਦੀ ਫਾਂਸੀ ਦਾ ਸਜ਼ਾ ਤੋਂ ਸਜ਼ਾ ਏ ਕਾਲੇਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਤੁੜਵਾਉਣ ਦੀ ਕੋਸ਼ਿਸ ਕੀਤੀ ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗਦਰੀਆਂ ਵਿਚੋਂ ਸਰਾਭਾ ਸਭ ਤੋਂ ਜਿਆਦਾ ਖਤਰਨਾਕ ਹੈ। ਅਮਰੀਕਾ ਤੋਂ ਭਾਰਤ ਤਕ ਕੋਈ ਵੀ ਅਜਿਹੀ ਘਟਨਾ ਨਹੀਂ ਜਿਸ ਵਿੱਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲਗੇਗੀ। ਉਨੀ ਜਦਲੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜਬਾ ਅੱਗੇ ਜਾ ਕੇ ਕ੍ਰਾਂਤੀਕਾਰੀ ਭਗਤ ਸਿੰਘ ਅਤੇ ਉਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕਦਮੇ ਤੋਂ ਬਾਅਦ ਸਰਾਭਾ ਚੜ੍ਹਦੀਕਲਾ ਵਿੱਚ ਰਿਹਾ। ਉਸਦੀ ਕਵਿਤਾ ਦੇ ਬੋਲ ਹਨ

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ
ਦਿਲੀ ਵਤਨ ਦਾ ਇਸ਼ਕ ਜਗਾ ਜਾਣਾ

ਅਖੀਰ 16 ਨਵੰਬਰ 1915 ਨੂੰ ਸਾਢੇ ਉਨੀ ਸਾਲ ਦੀ ਉਮਰ ਵਿੱਚ ਕਰਤਾਰ ਸਿੰਘ ਸਰਾਭਾ ਨੂੰ ਉਨਾਂ ਦੇ ਛੇ ਸਾਥੀਆਂ ਬਖਸ਼ੀਸ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜ਼ਿਲ੍ਹਾ ਲਾਹੌਰ, ਸ਼ਰੈਣ ਸਿੰਘ1 ਅਤੇ ਸ਼ਰੈਣ ਸਿੰਘ 2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ, ਵਿਸ਼ਣੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ ਮਹਾਰਾਸ਼ਟਰ, ਦੇ ਨਾਹਲ ਸੈਂਟਰਲ ਜੇਲ੍ਹ ਲਾਹੌਰ ਵਿੱਚ ਫ਼ਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖ਼ਾਹਿਸ ਸੀ ਕਿ ਮੇਰੇ ਨਾਮ ਨਾਲ ਬਾਗੀ ਲਗਾਇਆ ਜਾਵੇ । ਬਾਗੀ ਸਰਾਭਾ ਨੇ ਜੇਲਰ ਨੂੰ ਆਖਿਆ ਕਿ ਜੇਲਰ ਸਾਬ੍ਹ, ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਆਜ਼ਾਦੀ ਕੇ ਲੀਏ ਕਾਮ ਕਰੇਗੇ। ਸਰਾਭਾ ਦੀ ਯਾਦ ਵਿੱਚ ਉਸ ਦੇ ਪਿੰਡ ਵਿਖੇ ਦੋ ਏਕੜ ਜਗ੍ਹਾ ਵਿੱਚ ਉਸ ਦਾ ਬੁੱਤ, ਲਾਈਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿਹਨਾਂ ਦੇਸ਼ ਦੀ ਸੇਵਾ ਵਿੱਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾ ਝੱਲੀਆਂ ਨੇ॥
-ਕਰਤਾਰ ਸਿੰਘ ਸਰਾਭਾ



# ਰਿਸ਼ਤੇਦਾਰ

**ਜਗਦੀਸ਼ ਕੌਰ ਮਾਨ**



ਅੰਗਰੇਜ਼ੀ ਦੇ ਪੀਰੀਅਡ ਵਿੱਚ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬੰਗਲਾਦੇਸ਼ ਦੇ ਸਿਰਮੌਰ ਸਾਹਿਤਕਾਰ ਰਾਬਿੰਦਰਨਾਥ ਟੈਗੋਰ ਦੀ ਅੰਗਰੇਜ਼ੀ ਵਿੱਚ ਅਨੁਵਾਦਤ ਕਹਾਣੀ 'ਹੋਮ ਕਮਿੰਗ' ਪੜ੍ਹਾ ਰਹੀ ਸਾਂ। ਇਸ ਕਹਾਣੀ ਦਾ ਅੰਤ ਇੰਨਾ ਦਰਦਨਾਕ ਹੈ ਕਿ ਅਖੀਰਲੀਆਂ ਸਤਰਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਦਿਆਂ ਮੈਨੂੰ ਇਉਂ ਲੱਗਿਆ ਜਿਵੇਂ ਪਾਠਕ ਦੀ ਮਾਂ ਮੈਂ ਹੋਵਾਂ ਤੇ ਇਹ ਸਭ ਕੁਝ ਮੇਰੇ ਨਾਲ ਹੀ ਵਾਪਰ ਰਿਹਾ ਹੋਵੇ। ਧੁਰ ਅੰਦਰ ਤੱਕ ਉਸ ਮਾਂ ਦੇ ਦਰਦ ਦੀ ਪੀੜ ਮਹਿਸੂਸ ਕਰਦਿਆਂ ਭਾਵਨਾਤਮਕ ਜਵਾਰਭਾਟੇ ਨੇ ਮੈਨੂੰ ਚਰਮ ਸੀਮਾ ਤੱਕ ਪਹੁੰਚਾ ਦਿੱਤਾ ਤੇ ਮੈ ਵਿਦਿਆਰਥੀਆਂ ਦੇ ਸਾਹਮਣੇ ਹੀ ਹਟਕੋਰੇ ਭਰਦੀ ਹੋਈ ਭਾਵੁਕ ਹੋ ਗਈ। ਮੇਰੀ ਆਵਾਜ਼ ਭਾਰੀ ਹੋ ਗਈ ਤੇ ਅੱਖਾਂ 'ਚੋਂ ਤ੍ਰਿਪ ਤ੍ਰਿਪ ਅੱਥਰੂ ਵਗਣ ਲੱਗ ਪਏ। ਹੈਰਾਨ ਹੋਏ ਵਿਦਿਆਰਥੀ ਮੇਰੇ ਚਿਹਰੇ ਵੱਲ ਤੱਕੀ ਜਾ ਰਹੇ ਸਨ ਪਰ ਚੰਦਰਾ ਮਨ ਕਾਬੂ ਵਿੱਚ ਨਹੀਂ ਸੀ ਆ ਰਿਹਾ। ਇਹ ਕਾਲਜੇ ਦਾ ਰੁੱਗ ਭਰ ਕੇ ਰੱਖ ਦੇਣ ਵਾਲੀ ਕਹਾਣੀ ਹੈ ਜਿਸ ਵਿੱਚ ਲੇਖਕ ਨੇ ਜ਼ੋਰਦਾਰ ਆਵਾਜ਼ ਵਿੱਚ ਹੋਕਾ ਦੇ ਕੇ ਆਪਣੇ ਵਰਗਿਆਂ ਨੂੰ ਸੁਚੇਤ ਕੀਤਾ ਹੈ ਕਿ ਆਪਣਾ ਬੱਚਾ ਲਾਇਕ ਹੋਵੇ ਭਾਵੇਂ ਨਾਲਾਇਕ, ਉਸ ਦੀ ਸੰਭਾਲ ਕਦੇ ਵੀ ਕਿਸੇ ਦੂਜੇ 'ਤੇ ਨਾ ਛੱਡੀ ਜਾਵੇ। ਧੀ ਹੋਵੇ ਜਾਂ ਪੁੱਤ, ਕਿਸੇ ਵੀ ਰਿਸ਼ਤੇਦਾਰ 'ਤੇ ਭਰੋਸਾ ਕਰਕੇ ਉਸ ਕੋਲ ਕਦੇ ਵੀ ਬੱਚੇ ਨੂੰ ਭੇਜਣ ਦੀ ਭੁੱਲ ਕੇ ਵੀ ਗ਼ਲਤੀ ਨਾ ਕਰੋ ਕਿਉਂਕਿ ਤੁਹਾਡਾ ਬੱਚਾ ਜਿੰਨਾ ਤੁਹਾਨੂੰ ਪਿਆਰਾ ਹੈ ਉਸ ਤੋਂ ਵੱਧ ਹੋਰ ਕਿਸੇ ਵੀ ਸਾਕ ਸਬੰਧੀ ਨੂੰ ਨਹੀਂ ਹੋ ਸਕਦਾ।

ਪੰਜਾਬੀ ਦੀ ਇੱਕ ਕਹਾਵਤ ਵੀ ਇਸ ਅਟੱਲ ਸੱਚਾਈ ਦੀ ਪੁਸ਼ਟੀ ਕਰਦੀ ਹੈ ਕਿ 'ਮਾਂ ਨਾਲੋਂ ਹੇਜਲੀ ਫਫੇਕੁੱਟਣੀ।' ਕਹਾਣੀ ਪੜ੍ਹ ਕੇ ਇੱਕ ਸਾਧਾਰਨ ਵਿਅਕਤੀ ਨੂੰ ਵੀ ਲੇਖਕ ਦਾ ਉਦੇਸ਼ ਸਮਝ ਆ ਜਾਂਦਾ ਹੈ ਪਰ ਫੇਰ ਵੀ ਪਤਾ ਨਹੀਂ ਕਿਉਂ, ਲੱਖਾਂ ਹੀ ਪੜ੍ਹੇ ਲਿਖੇ ਸਮਝਦਾਰ ਲੋਕ ਇਹ ਭੁੱਲ ਕਰ ਬੈਠਦੇ ਹਨ ਤੇ ਫੇਰ ਕਹਾਣੀ ਦੇ ਮੁੱਖ ਪਾਤਰ ਦੀ ਮਾਂ ਵਾਂਗ ਉਨ੍ਹਾਂ ਦੇ ਪੱਲੇ ਪਛਤਾਵੇ ਦੇ ਹੰਝੂਆਂ ਤੋਂ ਬਿਨਾਂ ਹੋਰ ਕੁਝ ਨਹੀਂ ਬਚਦਾ। ਕਹਾਣੀ ਦੇ ਵਿਸ਼ਾ ਵਸਤੂ ਬਾਰੇ ਡੂੰਘੀ ਸੋਚ ਵਿੱਚ ਡੁੱਬੀ ਹੋਈ ਨੂੰ ਕਿਸੇ ਜਾਣ-ਪਛਾਣ ਵਾਲੇ ਤੋਂ ਸੁਣੀ ਹੋਈ ਇੱਕ ਸੱਚੀ ਘਟਨਾ ਯਾਦ ਆਈ ਤੇ ਚੇਤਿਆਂ ਦੀ ਚੰਗੇਰ 'ਚੋਂ ਖਿਸਕ ਕੇ ਉਹ ਖ਼ਿਆਲ ਮੇਰੀ ਕਲਮ ਰਾਹੀਂ ਕਾਗਜ਼ 'ਤੇ ਉਕਰਨ ਲੱਗੇ।

ਕੈਨੇਡਾ ਤੋਂ ਵੀਹ ਕੁ ਸਾਲ ਦਾ ਮੁੰਡਾ ਫੋਨ 'ਤੇ ਇੰਡੀਆ ਰਹਿੰਦੇ ਆਪਣੇ ਕਿਸੇ ਸਾਕ ਸਬੰਧੀ ਨਾਲ ਗੱਲ ਕਰ ਰਿਹਾ ਸੀ। ਕੋਲ ਬੈਠਾ ਮੇਜ਼ਬਾਨ ਮੁੰਡਾ ਜੋ ਉਸ ਨਾਲੋਂ ਉਮਰ ਵਿੱਚ ਦਸ ਬਾਰਾਂ ਵਰ੍ਹੇ ਵੱਡਾ ਸੀ, ਉਸ ਵੱਲ ਕੁਣੱਖਾ ਜਿਹਾ ਝਾਕਦਾ ਹੋਇਆ ਲਗਾਤਾਰ ਤਿਊੜੀਆਂ ਚੜ੍ਹਾਉਂਦਾ ਆਪੇ ਤੋਂ ਬਾਹਰ ਹੁੰਦਾ ਜਾ ਰਿਹਾ ਸੀ। ਨੇੜਲਾ ਰਿਸ਼ਤੇਦਾਰ ਹੋਣ ਕਰਕੇ ਨਵਾਂ ਨਵਾਂ ਕੈਨੇਡਾ ਗਿਆ ਮੁੰਡਾ ਉਸ ਕੋਲ ਠਹਿਰਿਆ ਹੋਇਆ ਸੀ। ਮੇਜ਼ਬਾਨ ਮੁੰਡੇ ਦੇ ਇਸ ਵਿਹਾਰ ਦਾ ਕਾਰਨ ਵੀ ਇਹੀ ਸੀ।

"ਕੀਹਦਾ ਫੋਨ ਸੀ ?" ਮੱਥੇ 'ਤੇ ਤਿਊੜੀ ਪਾਉਂਦਿਆਂ ਰਮਨ ਨੇ ਕੁਨਾਲ ਵੱਲ ਝਾਕਦਿਆਂ ਪੁੱਛਿਆ।

"ਚੰਡੀਗੜ੍ਹੋਂ ਸੀ, ਵੱਡੇ ਮਾਮਾ ਜੀ ਹੁਰਾਂ ਦਾ।"

"ਤੂੰ ਫੋਨ ਸੁਣਨ ਤੋਂ ਪਹਿਲਾਂ ਮੈਥੋਂ ਕਾਹਤੋਂ ਨਾ ਪੁੱਛਿਆ ਬਈ ਚੰਡੀਗੜ੍ਹ ਵਾਲਿਆਂ ਦਾ ਫੋਨ ਏ, ਉਨ੍ਹਾਂ ਨਾਲ ਗੱਲ ਕਰਾਂ ਕਿ ਨਾ ਕਰਾਂ ? ਅਕਲ ਦਿਆ ਅੰਨ੍ਹਿਆਂ ! ਤੈਨੂੰ ਏਨਾ ਵੀ ਸ਼ਊਰ ਨਹੀਂ, ਬਈ ਕਿਸੇ ਨਾਲ ਵੀ ਗੱਲ ਕਰਨ ਤੋਂ ਪਹਿਲਾਂ ਮੇਰੀ ਇਜਾਜ਼ਤ ਲੈਣਾ ਜ਼ਰੂਰੀ ਏ, ਤੈਨੂੰ ਚੰਗਾ ਭਲਾ ਪਤੈ ਬਈ ਸਾਡੀ ਉਨ੍ਹਾਂ ਨਾਲ ਬੋਲ ਬਾਣੀ ਨ੍ਹੀਂ, ਜੇ ਉਨ੍ਹਾਂ ਪਿੱਛੇ ਆਪਣੇ ਵਿੱਚ ਵਿਗਾੜ ਪੈ ਗਿਆ ਤਾਂ ਫੇਰ ਦੱਸ ! ਕੌਣ ਜ਼ਿੰਮੇਵਾਰ ਹੋਵੇਗਾ ?" ਉਸ ਦੀਆਂ ਚੱਬ ਚੱਬ ਕੇ ਕੀਤੀਆਂ ਗੱਲਾਂ 'ਚੋਂ ਠਾਣੇਦਾਰੀ ਰੋਅਬ ਝਲਕਦਾ ਸੀ।

"ਪਰ ਵੀਰੇ, ਸਾਡੇ ਤਾਂ ਉਨ੍ਹਾਂ ਨਾਲ ਬੜੇ ਵਧੀਆ ਰਿਲੇਸ਼ਨ ਹਨ, ਮੇਰੇ ਇੱਥੇ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਹੀ ਸਾਡੇ ਨਾਲ ਸਾਰੀ ਸ਼ਾਪਿੰਗ ਕਰਵਾਈ ਸੀ, ਦਿੱਲੀ ਏਅਰਪੋਰਟ 'ਤੇ ਮੈਨੂੰ ਚੜ੍ਹਾਉਣ ਲਈ ਵੀ ਉਹ ਮੇਰੇ ਪੇਰੈਂਟਸ ਨਾਲ ਆਏ ਸਨ। ਆਹ ਤਾਂ ਵੀਰ ਜੀ ! ਤੁਸੀਂ ਮੈਨੂੰ ਅਜੀਬ ਹੀ ਗੱਲ ਸੁਣਾ ਦਿੱਤੀ। ਇਸ ਗੱਲ 'ਤੇ ਤਾਂ ਸਿਰਫ਼ ਅਫਸੋਸ ਹੀ ਜ਼ਾਹਰ ਕੀਤਾ ਜਾ ਸਕਦਾ ਹੈ ਜੀ।" ਕੁਨਾਲ ਨੇ ਨਿਮਰਤਾ ਸਹਿਤ ਦਲੀਲ ਦਿੱਤੀ।

"ਤੈਨੂੰ ਇਹ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦੈ ਕਿ ਇਸ ਸਮੇਂ ਤੂੰ ਮੇਰੇ ਘਰ ਵਿੱਚ ਰਹਿ ਰਿਹਾ ਏਂ, ਮੇਰੀ ਆਗਿਆ ਵਿੱਚ ਰਹਿਣ ਦੀ ਤੈਨੂੰ ਤਮੀਜ਼ ਹੋਣੀ ਚਾਹੀਦੀ ਹੈ, ਕੀ ਗੱਲ ਇਹ ਮੱਤ ਦੇ ਕੇ ਨ੍ਹੀਂ ਤੋਰਿਆ ਤੈਨੂੰ ਘਰਦਿਆਂ ਨੇ ?" ਉਸ ਥੋੜ੍ਹਾ ਰੁਕ ਕੇ ਕਿਹਾ, "ਆਹੋ ਭਾਈ ! ਮੈਂ ਤਾਂ ਆਪੇ ਈ ਮਾੜਾ ਵਾਂ ਜਿਹੜਾ ਤੇਰੇ ਵਰਗੇ ਘਰੋਂ ਕੱਢੇ ਨੂੰ ਆਸਰਾ ਦੇ ਕੇ ਘਰੇ ਬਿਠਾਇਆ ਹੋਇਐ।" ਰਮਨ ਉਸ ਜਵਾਕ ਦੀ ਉਮਰ ਦਾ ਲਿਹਾਜ਼ ਕੀਤੇ ਬਿਨਾਂ ਤਾਹਨੇ-ਮਿਹਣਿਆਂ 'ਤੇ ਉਤਰ ਆਇਆ ਸੀ। ਕੁਨਾਲ ਉਦਾਸ ਜਿਹਾ ਹੋ ਗਿਆ ਤੇ ਚੁੱਪ ਕਰਕੇ ਬੈਠ ਗਿਆ। ਉਸ ਨੇ ਅੱਜ ਪਹਿਲੀ ਵਾਰ ਕਿਸੇ ਦੇ ਮੂੰਹੋਂ ਅਜਿਹੇ ਕੌੜੇ ਕੁਸੈਲੇ ਬੋਲ ਸੁਣੇ ਸਨ। ਅਜੇ ਤਾਂ ਉਸ ਨੂੰ ਇੰਡੀਆ ਤੋਂ ਆਏ ਨੂੰ ਇੱਕ ਦੋ ਹਫ਼ਤੇ ਹੀ ਹੋਏ ਸਨ। ਉਹ ਤਾਂ ਇੱਥੇ ਕਿਸੇ ਨੂੰ ਜਾਣਦਾ ਵੀ ਨਹੀਂ ਸੀ ਕਿ ਆਪਣੀ ਰਿਹਾਇਸ਼ ਦਾ ਵੱਖਰਾ ਪ੍ਰਬੰਧ ਕਰ ਲੈਂਦਾ। ਬੱਚੇ ਤਾਂ ਸਾਰੇ ਹੀ ਮਾਂ-ਬਾਪ ਦੀਆਂ ਅੱਖਾਂ ਦੇ ਤਾਰੇ ਹੁੰਦੇ ਨੇ ਪਰ ਉਹ ਤਾਂ ਕੁਝ ਵਧੇਰੇ ਹੀ ਲਾਡ ਪਿਆਰ ਨਾਲ ਪਲਿਆ ਸੀ। ਘਰ ਵਿੱਚ ਕਦੇ ਕਿਸੇ ਨੇ ਉਸ ਨੂੰ ਘੂਰਿਆ ਨਹੀਂ ਸੀ। ਮਾਂ ਬਾਪ ਨੇ ਉਸ ਨੂੰ ਸਾਰੀਆਂ ਲੋੜੀਂਦੀਆਂ ਹਦਾਇਤਾਂ ਦੇ ਕੇ ਇੰਡੀਆ ਤੋਂ ਭੇਜਿਆ ਸੀ, "ਪੁੱਤ ! ਵੀਰੇ ਨਾਲ ਬਣਾ ਕੇ ਰੱਖੀਂ, ਉਹਦੇ ਕਹਿਣੇ ਤੋਂ ਬਾਹਰ ਨਹੀਂ ਹੋਣਾ, ਕੋਈ ਵੀ ਕੰਮ ਕਰਨ ਤੋਂ ਪਹਿਲਾਂ ਉਸ ਦੀ ਸਲਾਹ ਜ਼ਰੂਰ ਲੈ ਲਿਆ ਕਰੀਂ, ਉਸ ਦੀ ਪੈੜ ਵਿੱਚ ਪੈੜ ਰੱਖਣੀ ਏ, ਮਾੜੇ ਮੁੰਡਿਆਂ ਦੀ ਸੰਗਤ 'ਚ ਭੁੱਲ ਕੇ ਵੀ ਨੀ ਪੈਣਾ, ਦੇਖੀਂ ਕਿਤੇ ਤੇਰਾ ਕੋਈ ਉਲਾਂਭਾ ਆਵੇ, ਤੂੰ ਇਹ ਸਮਝ ਕੇ ਜਾ, ਬਈ ਮੈਂ ਆਪਣੇ ਹੀ ਘਰ ਜਾ ਰਿਹਾਂ, ਨਾਲੇ ਉਹ ਕਿਹੜਾ ਕੋਈ ਬੇਗਾਨਾ ਏ, ਸਕੇ ਮਾਮੇ ਦਾ ਪੁੱਤ ਐ, ਬਥੇਰਾ ਸਾਂਭ ਲਵੇਗਾ ਤੈਨੂੰ, ਬੱਸ ਘਰ ਵਰਗਾ ਮਾਹੌਲ ਸਮਝ ਕੇ ਉਥੇ ਜੀਅ ਲਾ ਕੇ ਪੜ੍ਹਾਈ ਕਰੀਂ।" ਕੈਨੇਡਾ ਭੇਜਣ ਤੋਂ ਪਹਿਲਾਂ ਉਹ ਦਿਨ ਰਾਤ ਪੁੱਤਰ ਨੂੰ ਇਹੀ ਗੱਲਾਂ ਸਮਝਾਉਂਦੇ ਰਹਿੰਦੇ ਪਰ ਇੱਥੇ ਤਾਂ ਮਾਮਲਾ ਹੀ ਉਲਟ ਪੈ ਗਿਆ ਸੀ।

"ਉਏ ! ਤੂੰ ਮੁੰਡਾ ਏਂ ਕਿ ਕੁਸ਼ ਹੋਰ ?" ਰਮਨ ਨੇ ਇੱਕ ਹੋਰ ਬਦਰੰਗ ਪੱਤਾ ਉਸ ਵੱਲ ਸੁੱਟਿਆ।

"ਮੈਂ ਕਮਲਿਆਂ ਵਾਂਗੂੰ ਕੱਲਾ ਈ ਬੈਠਾ ਪੀਂਦਾ ਰਹਿੰਨੈਂ, ਨਾ ਭੈੜੀ ਬੂਥੀ ਵਾਲਿਆ ! ਮੈਨੂੰ ਤਾਂ ਤੇਰਾ ਕੱਖ ਦਾ ਵੀ ਭਾਅ ਭਾੜਾ ਨ੍ਹੀਂ, ਤੂੰ ਖਾਣ ਪੀਣ ਵਿੱਚ ਮੇਰੀ ਕੰਪਨੀ ਵੀ ਨਹੀਂ ਕਰ ਸਕਦਾ ? ਚੱਲ ਜੇ ਪੈੱਗ ਸ਼ੈੱਗ ਨਹੀ ਵੀ ਲਾਉਣਾ ਤਾਂ ਆਹ ਭੰਗ ਵਾਲੀਆਂ ਸਿਗਰਟਾਂ ਦੇ ਈ ਦੋ-ਚਾਰ ਸੂਟੇ ਖਿੱਚ ਲਿਆ ਕਰ, ਐਵੇਂ ਕੁੜੀਆਂ ਵਾਂਗੂੰ ਡਰਦਾ ਸੰਗਦਾ ਰਹਿਨੈ, ਇਹ ਕੈਨੇਡਾ ਏ ਕੈਨੇਡਾ, ਇੱਥੇ ਤਾਂ ਸਭ ਕੁਸ਼ ਚਲਦੈ, ਇੱਥੇ ਨ੍ਹੀਂ ਕੋਈ ਕਿਸੇ ਤੋਂ ਡਰਦਾ, ਨਾ ਇੱਥੇ ਨਸ਼ਿਆਂ 'ਤੇ ਕੋਈ ਰੋਕ ਟੋਕ ਐ।" ਰਮਨ ਉਸ ਨੂੰ ਪੁੱਠੀਆਂ ਮੱਤਾਂ ਦੇਣ ਲੱਗ ਪਿਆ ਸੀ।

ਕੁਨਾਲ ਥਰ ਥਰ ਕੰਬਣ ਲੱਗ ਪਿਆ। ਉਸ ਨੂੰ ਆਪਣੇ ਮਾਪੇ ਯਾਦ ਆਏ। ਉਨ੍ਹਾਂ ਨੇ ਤਾਂ ਅੱਜ ਤੱਕ ਨਸ਼ਾ ਕਦੇ ਘਰ ਨਹੀਂ ਸੀ ਵੜਨ ਦਿੱਤਾ। 'ਉਏ ਮੇਰਿਆ ਰੱਬਾ !! ਮੈਂ ਕਿੱਥੇ ਫਸ ਗਿਐਂ ਆ ਕੇ, ਇਹ ਮੇਰੇ ਨਾਲ ਕੀ ਹੋ ਰਿਹੈ ? ਇੱਥੇ ਆਉਣ ਲਈ ਮੈਂ ਕਾਹਤੋਂ ਘਰਦਿਆਂ ਨਾਲ ਜ਼ਿੱਦ ਕੀਤੀ ? ਮੈਂ ਤਾਂ ਇੱਥੇ ਪੜ੍ਹਨ ਲਈ ਆਇਆ ਸਾਂ, ਇਸ ਯਮਦੂਤ ਨੇ ਤਾਂ ਨ੍ਹੀਂ ਮੈਨੂੰ ਪੜ੍ਹਨ ਦੇਣਾ ! ਇਹ ਤਾਂ ਮੈਨੂੰ ਨਸ਼ੇੜੀ ਬਣਾਉਣ 'ਤੇ ਤੁਲਿਐ ! ਮੈਂ ਕਿਹੜੀ ਚੰਦਰੀ ਘੜੀ ਘਰੋਂ ਪੈਰ ਪੱਟ ਲਿਆ ?' ਕੁਨਾਲ ਇਕੱਲਾ ਬੈਠਾ ਇਹੀ ਕੁਝ ਸੋਚ-ਸੋਚ ਕੇ ਦੁਖੀ ਹੁੰਦਾ ਰਹਿੰਦਾ।

ਮਹੀਨਾ ਬੀਤ ਗਿਆ। ਰਮਨ ਨੇ ਅੱਲੜ੍ਹ ਵਰੇਸ ਮੁੰਡੇ ਦੇ ਨੱਕ ਵਿੱਚ ਦਮ ਕਰ ਦਿੱਤਾ। ਝਗੜਾ ਦਿਨ-ਬਦਿਨ ਵਧ ਰਿਹਾ ਸੀ। ਅਕਸਰ ਉਹ ਕੰਮ ਤੋਂ ਔਖਾ ਹੋਇਆ ਘਰ ਮੁੜਦਾ ਤੇ ਆ ਕੇ ਆਪਣਾ ਸਾਰਾ ਨਜ਼ਲਾ ਕੁਨਾਲ 'ਤੇ ਝਾੜ ਦਿੰਦਾ। ਬਿਨਾਂ ਗੱਲੋਂ ਹੀ ਉਸ ਨਾਲ ਲੜ ਪੈਂਦਾ। ਬਿਨਾਂ ਗੱਲੋਂ ਟੋਕਾ-ਟਾਕੀ ਕਰਦਾ। ਘਰ ਦਾ ਸਾਰਾ ਕੰਮ ਰੋਅਬ ਨਾਲ ਉਸ ਤੋਂ ਕਰਵਾਉਂਦਾ। ਕੁਨਾਲ ਦੀ ਭੋਲੀ ਸੂਰਤ ਤੇ ਸੋਹਣਾ ਸਰੀਰ ਰਮਨ ਦੇ ਨਸ਼ਿਆਂ ਨਾਲ ਸੁੰਗੜੇ ਤੇ ਮੁਰਝਾਏ ਸਰੀਰ ਨੂੰ ਦੰਦੀਆਂ ਚਿੜ੍ਹਾਉਂਦੀ ਤੇ ਇਸ ਹੀਣਤਾ ਕਰਕੇ ਉਹ ਕੁਨਾਲ ਨਾਲ ਹੋਰ ਮਾੜਾ ਵਿਹਾਰ ਕਰਦਾ। ਰਮਨ ਹਮੇਸ਼ਾ ਹੀ ਕੁਨਾਲ 'ਤੇ ਖਿਝਿਆ-ਖਪਿਆ ਰਹਿੰਦਾ। ਲੜਨ ਲੱਗਿਆਂ ਰਮਨ ਛੋਟੇ-ਵੱਡੇ ਦਾ ਲਿਹਾਜ਼ ਭੁੱਲ ਜਾਂਦਾ ਸੀ। ਅੱਕੇ ਹੋਏ ਕੁਨਾਲ ਨੇ ਘਰ ਫੋਨ ਕਰ ਦਿੱਤਾ ਕਿ ਮੈਂ ਇੱਥੇ ਬਹੁਤ ਔਖਾ ਹਾਂ ਤੇ ਘਰ ਵਾਪਸ ਆਉਣਾ ਚਾਹੁੰਦਾ ਹਾਂ। ਫੋਨ ਸੁਣ ਕੇ ਮਾਂ ਬਾਪ ਘਬਰਾ ਗਏ। ਪੁੱਤਰ ਨੂੰ ਬਾਹਰਲੇ ਮੁਲਕ ਸੈੱਟ ਕਰਨ ਲਈ ਉਨ੍ਹਾਂ ਬੜੀ ਮੁਸ਼ਕਿਲ ਨਾਲ ਪੈਸੇ ਇਕੱਠੇ ਕੀਤੇ ਸਨ। ਕਿਹੜਾ-ਕਿਹੜਾ ਖੂਹ ਨਹੀਂ ਸੀ ਪੁੱਟਿਆ ਉਨ੍ਹਾਂ। ਘੱਟ ਆਮਦਨ ਵਾਲੇ ਲੋਕਾਂ ਵਾਸਤੇ ਤੀਹ-ਚਾਲੀ ਲੱਖ ਰੁਪਏ ਦਾ ਜੁਗਾੜ ਕਰਨਾ ਖਾਲਾ ਜੀ ਦਾ ਵਾੜਾ ਨਹੀਂ ! ਉਨ੍ਹਾਂ ਮੁੰਡੇ ਨੂੰ ਖੱਟਣ ਕਮਾਉਣ ਤੇ ਵਧੀਆ ਭਵਿੱਖ ਬਣਾਉਣ ਦੇ ਆਸ਼ੇ ਨਾਲ ਬਾਹਰ ਭੇਜਿਆ ਸੀ। ਦਿਲ ਵਿੱਚ ਸੌ ਸੌ ਰੀਝਾਂ ਉਮੰਗਾਂ ਸਨ ਬਈ ਆਹ ਕਰਾਂਗੇ, ਔਹ ਕਰਾਂਗੇ ਪਰ ਇੱਥੇ ਤਾਂ ਗੱਲ ਹੀ ਕੁਝ ਹੋਰ ਬਣ ਗਈ ਸੀ। ਬੱਚੇ ਨੂੰ ਉਥੇ ਸੈੱਟ ਕਰਨ ਦਾ ਜਦੋਂ ਹੋਰ ਕੋਈ ਹੀਲਾ ਵਸੀਲਾ ਨਾ ਬਣ ਸਕਿਆ ਤਾਂ ਹਾਰ ਕੇ ਉਨ੍ਹਾਂ ਰਿਟਰਨ ਟਿਕਟ ਭੇਜ ਕੇ ਮੁੰਡਾ ਇਸ ਉਮੀਦ ਨਾਲ ਵਾਪਸ ਬੁਲਾ ਲਿਆ ਕਿ ਕਾਲਜ ਵਿੱਚ ਤਿੰਨ ਮਹੀਨੇ ਦੀਆਂ ਛੁੱਟੀਆਂ ਹਨ, ਚਲੋ ਇੰਡੀਆ ਆਉਣ ਨਾਲ ਇਸ ਦਾ ਥੋੜ੍ਹਾ ਮਹੌਲ ਬਦਲ ਜਾਵੇਗਾ ਤੇ ਮੁੜ ਤਾਜ਼ਾਦਮ ਹੋ ਕੇ ਕੈਨੇਡਾ ਪਰਤ ਜਾਵੇਗਾ। ਜਦੋਂ ਕੁਨਾਲ ਘਰ ਆਇਆ ਤਾਂ ਉਨ੍ਹਾਂ ਅਕਾਲ ਪੁਰਖ ਦਾ ਲੱਖ-ਲੱਖ ਸ਼ੁਕਰਾਨਾ ਕੀਤਾ। ਇਨ੍ਹਾਂ ਕੁਝ ਮਹੀਨਿਆਂ ਵਿੱਚ ਕੁਨਾਲ ਦੀ ਮਾਨਸਿਕ ਹਾਲਤ ਇੰਨੀ ਵਿਗੜ ਗਈ ਸੀ ਕਿ ਉਹ ਹੁਣ ਪਹਿਲਾਂ ਵਾਲਾ ਕੁਨਾਲ ਲੱਗਦਾ ਹੀ ਨਹੀਂ ਸੀ। ਮਾਪਿਆਂ ਨੇ ਸ਼ੁਕਰ ਮਨਾਇਆ ਕਿ ਇਕਲੌਤਾ ਪੁੱਤਰ ਉਨ੍ਹਾਂ ਦੀ ਝੋਲੀ ਮੁੜ ਆ ਪਿਆ ਸੀ ਮੈਨੂੰ ਮੁੜ ਰਾਬਿੰਦਰਨਾਥ ਟੈਗੋਰ ਦੀ ਕਹਾਣੀ 'ਹੋਮ ਕਮਿੰਗ' ਯਾਦ ਆ ਗਈ ਸੀ ਜਿਸ ਦਾ ਮੁੱਖ ਪਾਤਰ ਸਕੇ ਮਾਮੇ ਦੇ ਘਰ ਰਹਿਣ ਲਈ ਗਿਆ ਮੁੜ ਜਿਉਂਦਾ ਜਾਗਦਾ ਘਰ ਨਹੀਂ ਸੀ ਪਰਤ ਸਕਿਆ।

---

**ਮਿੰਨੀ ਕਹਾਣੀ**

# ਪਛਾਣ

**ਸ਼ਮਾ ਵਰਮਾ**

"ਇਹ ਤਾਂ ਬੇਹੋਸ਼ ਹੋ ਗਿਐ, ਦੇਖੋ ਕੌਣ ਏ ? ਏਹਦੀ ਜੇਬ੍ਹ ਦੇਖੋ ਤਾਂ ?ਕਿ ਪਛਾਣ ਹੋ ਸਕੇ, ਇਸ ਦਾ ਕੋਈ ਪਤਾ-ਟਿਕਾਣਾ ਲੱਭੋ।" ਨੀਮ ਬੇਹੋਸ਼ ਪਿਆ ਉਮੰਗ ਇਹ ਸ਼ਬਦ ਆਪਣੇ ਕੰਨਾਂ ਰਾਹੀਂ ਸੁਣ ਰਿਹਾ ਸੀ। ਉਸ ਦਾ ਮਨ ਕੁੜੱਤਣ ਨਾਲ ਭਰ ਗਿਆ ਕਿ ਵਿਅਕਤੀ ਦੀ ਇਹੋ ਪਛਾਣ ਐ, ਕੌਣ ਏਸ ਅਭਾਗੇ ਦੀ ਪਛਾਣ ਕਰੇ ? ਮੈਂ ਤਾਂ 24 ਵਰ੍ਹਿਆਂ ਤੋਂ ?ਆਪਣੀ ਵੀ ਪਛਾਣ ਲੱਭ ਰਿਹਾ ਹਾਂ ਕਿ ਮੈਂ ਕੌਣ ਹਾਂ ? ਕੁਝ ਲੋਕਾਂ ਨੇ ਮੈਨੂੰ ਹਸਪਤਾਲ ਪਹੁੰਚਾ ਦਿੱਤਾ ਸੀ। ਹਰ ਕੋਈ ਮੇਰੀ ਪਛਾਣ ਜਾਣਨ ਲਈ ਉਤਾਵਲਾ ਸੀ। ਜੇਕਰ ਮੈਂ ਸੜਕ ਉੱਤੇ ਹੀ ਦਮ ਤੋੜ ਦਿੰਦਾ ਤਾਂ ਕੋਈ ਫ਼ਰਕ ਨਹੀਂ ਸੀ ਪੈਣਾ। ਡਾਕਟਰ ਦੀ ਆਵਾਜ਼ ਸੁਣ ਕੇ ਉਮੰਗ ਦੀ ਨੀਂਦ ਖੁੱਲ੍ਹੀ ਸੀ, "ਹੁਣ ਕਿਸ ਤਰ੍ਹਾਂ ਹੋ ?"

ਉਮੰਗ ਨੇ ਆਪਣੇ ਆਪ ਨੂੰ ਹਸਪਤਾਲ ਦੇ ਬੈੱਡ ਉੱਤੇ ਪਾਇਆ। ਇੱਕ ਬਜ਼ੁਰਗ ਨੇ ਕਿਹਾ, "ਹੁਣ ਖ਼ਤਰਾ ਟਲ ਗਿਆ। ਤੇਰਾ ਅਪਰੇਸ਼ਨ ਸਫ਼ਲ ਹੋ ਗਿਆ।" ਉਹ ਕੁਝ ਨਾ ਬੋਲਿਆ ਤੇ ਦੁਬਾਰਾ ਨੀਮ ਬੇਹੋਸ਼ੀ 'ਚ ਚਲਾ ਗਿਆ। ਜਿਉਂ-ਜਿਉਂ ਦਵਾਈ ਦਾ ਅਸਰ ਹੋਇਆ, ਮਾਂ-ਬਾਪ ਦੀ ਯਾਦ ਆਈ, ਭੈਣ, ਭਾਈ, ਮਾਮਾ, ਮਾਮੀ, ਦਾਦਾ, ਦਾਦੀ ਸਾਰਿਆਂ ਨੂੰ ਉਸ ਨੇ ਯਾਦ ਕੀਤਾ। ਸਭ ਕੁਝ ਹੋਣ ਦੇ ਬਾਵਜੂਦ ਉਹ ਇਕੱਲਾ ਸੀ, ਜਿਸ ਦੀ ਕੋਈ ਪਛਾਣ ਨਹੀਂ ਸੀ। ਉਸ ਨੂੰ ਇਹ ਸਭ ਯਾਦ ਆਇਆ: ਮੇਰੀ ਮਾਂ ਬਹੁਤ ਬਿਮਾਰ ਰਹਿੰਦੀ ਸੀ। ਨਾਨਾ ਨਾਨੀ ਜੀ ਹੀ ਧਿਆਨ ਰੱਖਦੇ ਸਨ।

ਮੈਂ ਸਕੂਲ 'ਚ ਦਾਖਲ ਹੋਇਆ। ਘਰ 'ਚ ਖ਼ੁਸ਼ੀ ਮਨਾਈ ਗਈ। ਨਵੇਂ ਕੱਪੜੇ, ਬੂਟ ਪਹਿਨਾਏ ਗਏ। ਦੋ ਦਿਨ ਬਾਅਦ ਕਿਸੇ ਸਕੂਲੀ ਬੱਚੇ ਨਾਲ ਮੇਰਾ ਝਗੜਾ ਹੋ ਗਿਆ। ਮੇਰੇ ਸੱਟ ਲੱਗ ਗਈ। ਨਾਨੀ ਨੇ ਬਹੁਤ ਬੁਰਾ ਮਨਾਇਆ ਸੀ। ਨਾਨਾ ਜੀ ਬਹੁਤ ਪਿਆਰ ਕਰਿਆ ਕਰਦੇ ਸਨ। ਨਾਨੀ ਜੀ ਮੇਰੀ ਬਹੁਤ ਫ਼ਿਕਰ ਕਰਿਆ ਕਰਦੇ ਸਨ। ਮਾਮਾ ਜੀ ਦਾ ਵਿਆਹ ਹੋ ਗਿਆ ਸੀ। ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ ਦਾ ਭਾਰੀ ਇੱਕਠ ਸੀ। ਮੈਂ ?ਹਰ ਕੰਮ ਭੱਜ-ਭੱਜ ਕੇ ਕਰ ਰਿਹਾ ਸੀ। ਨਾਨਾ ਜੀ ਨੇ ਪਾਪਾ ਨੂੰ ਕਿਹਾ ਸੀ, "ਉਮੰਗ ਨੂੰ ਜ਼ਰੂਰ ਲੈ ਕੇ ਆਉਣਾ।" ਵਿਆਹ 'ਚ ਮੰਮੀ, ਦੀਦੀ ਸਾਰੇ ਆਏ ਸਨ। ਸਾਰੇ ਹੀ ਬਹੁਤ ਖ਼ੁਸ਼ ਸਨ। ਮੈਂ ਨਵੀਂ ਨਵੇਲੀ ਮਾਮੀ ਦੇ ਪਿੱਛੇ ਘੁੰਮਦਾ ਰਹਿੰਦਾ। ਅਚਾਨਕ ਮਾਮੀ ਬਿਮਾਰ ਹੋ ਗਈ। ਡਾਕਟਰ ਘਰ ਆਇਆ। ਸਾਰਾ ਘਰ ਖ਼ੁਸ਼ੀ ਨਾਲ ਚਹਿਕ ਉੱਠਿਆ, ਪਰ ਮੈਂ ਇਸ ਖ਼ੁਸ਼ੀ ਬਾਰੇ ਅਣਜਾਣ ਸੀ। ਕਦੇ-ਕਦੇ ਨਾਨੀ ਮੈਨੂੰ ਘੂਰ ਦਿੰਦੀ ਕਿ ਹੁਣ ਮਾਮੀ ਨੂੰ ਤੰਗ-ਪ੍ਰੇਸ਼ਾਨ ਨਹੀਂ ਕਰਨਾ, ਸਾਰੇ ਮਾਮੀ ਨੂੰ ਬਹੁਤ ਪਿਆਰ ਕਰਿਆ ਕਰਦੇ ਸਨ। ਇੱਕ ਦਿਨ ਮਾਮੀ-ਮਾਮਾ ਜੀ ਕੋਲ ਚਲੀ ਗਈ। ਘਰ 'ਚ ਹੁਣ ਛੋਟਾ ਮਾਮਾ ਅਤੇ ਨਾਨਾ ਨਾਨੀ ਰਹਿ ਗਏ ਸਨ। ਮਾਮਾ ਜੀ ਨੂੰ ਚੰਗੀ ਨੌਕਰੀ ਮਿਲ ਗਈ ਸੀ। ਹੁਣ ਉਸ ਲਈ ਚੰਗੇ-ਚੰਗੇ ਰਿਸ਼ਤੇ ਆਉਣ ਲੱਗੇ ਸਨ। ਹਰ ਕੋਈ ਮੈਨੂੰ ਇੱਕੋ ਗੱਲ ਪੁੱਛਿਆ ਕਰਦਾ, "ਪੁੱਤਰ, ਕਿਹੜੀ ਕਲਾਸ 'ਚ ਪੜ੍ਹਦੇ ਹੋ ? ਵੱਡੇ ਹੋ ਕੇ ਕੀ ਬਣੋਗੇ ?" ਨਾਨਾ ਜੀ ਰਾਤ ਨੂੰ ਸੁੱਤੇ ਹੀ ਰਹਿ ਗਏ ਸਨ। ਘਰ 'ਚ ਹਾਹਾਕਾਰ ਮੱਚ ਗਈ ਸੀ। ਮਾਮਾ ਜੀ ਅਤੇ ਮਾਮੀ ਜੀ ਵੀ ਆਏ ਸਨ। ਹੁਣ ਉਮੰਗ ਪਰਿਵਾਰ ਲਈ ਇੱਕ ਬੋਝ ਬਣ ਗਿਆ ਸੀ ਕਿਉਂਕਿ ਨਾਨਾ ਜੀ ਤੋਂ ਬਾਅਦ ਮੇਰੀ ਦੇਖਭਾਲ ਵਾਲਾ ਕੋਈ ਨਹੀਂ ਰਿਹਾ ਸੀ।

'ਕੀ ਮੈਂ ਬੋਝ ਬਣ ਗਿਆ ਹਾਂ ?' ਮੈਂ ਹੈਰਾਨ ਸਾਂ ਕਿ ਮੈਂ ਬੋਝ ਕਿਉਂ ਹਾਂ ? ਮਾਮੀ ਜੀ ਨੇ ਮਨ੍ਹਾ ਕਰ ਦਿੱਤਾ ਸੀ ਕਿ ਸਾਡੇ ਕੋਲੋਂ ਹੁਣ ਜ਼ਿਆਦਾ ਖ਼ਰਚ ਨਹੀਂ ਝੱਲਿਆ ਜਾਣਾ, ਅੰਤ ਨੂੰ ਮੰਮੀ ਮੈਨੂੰ ਆਪਣੇ ਘਰ ਲੈ ਆਈ। ਦੀਦੀ ਅਤੇ ਨਮਨ ਮੈਨੂੰ ਦੇਖ ਕੇ ਬਹੁਤ ਖ਼ੁਸ਼ ਹੋਏ। ਪਾਪਾ ਜੀ ਨੇ ਮੰਮੀ ਨੂੰ ਝਿੜਕਦਿਆਂ ਕਿਹਾ ਸੀ, "ਤੂੰ ਪਾਗ਼ਲ ਹੋ ਗਈ ਏਂ, ਇਹਨੂੰ ਆਪਣੇ ਨਾਲ ਲੈ ਆਈ ? ਨਾ ਪੜ੍ਹਾਇਆ, ਨਾ ਲਿਖਾਇਆ, ਜਿਵੇਂ ਗਿਆ ਸੀ, ਉਵੇਂ ਹੀ ਵਾਪਸ ਆ ਗਿਆ ਏ ? ਹੁਣ ਕਿਸ ਦੀ ਜ਼ਿਮੇਵਾਰੀ ਏ ਇਸ ਦੀ ਪੜ੍ਹਾਈ-ਲਿਖਾਈ ਦੀ ?" "ਜੇ ਅਜਿਹਾ ਸੀ ਤਾਂ ਤੀਸਰੇ ਬੱਚੇ ਨੂੰ ਰੋਕਿਆ ਕਿਉਂ ਨਹੀਂ ਗਿਆ। ਨਾ ਤਾਂ ਨਮਨ ਦਾ ਜਨਮ ਹੁੰਦਾ ਅਤੇ ਨਾ ਹੀ ਉਮੰਗ ਨਾਨਕੇ ਘਰ ਜਾਂਦਾ। ਮੈਂ ਦੋ ਰੋਟੀਆਂ ਖਾਂਦੀ ਹਾਂ, ਇੱਕ ਉਮੰਗ ਨੂੰ ਦੇ ਦਿਆਂ ਕਰਾਂਗੀ," ਮਾਂ ਨੇ ਕਿਹਾ ਸੀ। ਮਾਂ ਦੀ ਗੱਲ ਸੁਣ ਕੇ ਪਾਪਾ ਚੁੱਪ ਹੋ ਗਏ ਸਨ। ਮਾਂ ਦੇ ਇਸ ਰੂਪ ਕਾਰਨ ਮੈਨੂੰ ਇੱਕ ਵੱਡਾ ਸਹਾਰਾ ਮਿਲ ਗਿਆ ਸੀ। ਕਦੇ-ਕਦੇ ਮੈਂ ਘਰ ਦੀ ਜ਼ਿੰਮੇਵਾਰੀ ਚੁੱਕਣ ਦੀ ਗੱਲ ਕਰਦਾ।

ਇੱਕ ਦਿਨ ਪਾਪਾ ਦੇ ਦੋਸਤ ਘਰ ਆਏ। ਮੈਂ ਉਨ੍ਹਾਂ ਲਈ ਚਾਹ ਲੈ ਕੇ ਆਇਆ। ਇੱਕ ਅੰਕਲ ਬੋਲਿਆ, "ਇਹ ਨੌਕਰ ਕਦੋਂ ਰੱਖਿਆ ਏ ? ਬੜਾ ਸਿਆਣਾ ਲੱਗਦਾ ਏ। ਮੇਰੇ ਲਈ ਵੀ ਅਜਿਹਾ ਨੌਕਰ ਲੱਭ ਦਿਉ।" ਮੰਮੀ, ਪਾਪਾ ਨੂੰ ਘੂਰਦੀ ਰਹੀ, ਪਰ ਪਾਪਾ ਕੁਝ ਨਾ ਬੋਲੇ ਜਿਵੇਂ ਉਨ੍ਹਾਂ ਦੀ ਜੀਭ ਠਾਕੀ ਗਈ ਹੋਵੇ। ਹੁਣ ਨਮਨ ਨੂੰ ਵੀ ਸ਼ਹਿ ਮਿਲ ਗਈ ਸੀ ਕਿ ਉਮੰਗ ਮੇਰੇ ਕਮਰੇ 'ਚ ਨਹੀਂ ਰਹੇਗਾ। ਮੈਂ ਡਰਾਇੰਗ ਰੂਮ 'ਚ ਸੌਣ ਲੱਗਿਆ ਸੀ। ਹੁਣ ਦੀਦੀ ਦਾ ਵਿਹਾਰ ਵੀ ਮੇਰੇ ਪ੍ਰਤੀ ਬਦਲ ਗਿਆ ਸੀ। ਬਚਪਨ ਦਾ ਇਹੋ ਡਰ ਮੇਰੀ ਪੜ੍ਹਾਈ ਵਿੱਚ ਵੱਡੀ ਰੁਕਾਵਟ ਬਣ ਗਿਆ ਸੀ। ਇੱਕ ਦਿਨ ਪਾਪਾ ਦੇ ਦਫ਼ਤਰ ਤੋਂ ਫੋਨ ਆਇਆ ਕਿ ਉਨ੍ਹਾਂ ਨਾਲ ਹਾਦਸਾ ਵਾਪਰ ਗਿਆ ਹੈ। ਅਸੀਂ ਸਾਰੇ ਹਸਪਤਾਲ ਆਏ। ਉਨ੍ਹਾਂ ਨੂੰ ਗੰਭੀਰ ਸੱਟ ਲੱਗੀ ਸੀ। ਨਮਨ ਨੇ ਹਸਪਤਾਲ ਰਹਿਣ ਤੋਂ ਮਨ੍ਹਾ ਕਰ ਦਿੱਤਾ ਕਿ ਉਸ ਨੂੰ ਦਵਾਈਆਂ ਦੀ ਬਦਬੂ ਆ ਰਹੀ ਹੈ। ਨਮਨ ਦੀ ਗੱਲ ਸੁਣ ਕੇ ਪਾਪਾ ਪ੍ਰੇਸ਼ਾਨ ਹੋਏ ਸਨ। ਇੱਕ ਦਿਨ ਉਹ ਮੰਮੀ ਨੂੰ ਕਹਿ ਰਹੇ ਸਨ, "ਦੇਖੋ ਨਮਨ ਅਤੇ ਉਮੰਗ ਦਾ ਕਿੰਨਾ ਫ਼ਰਕ ਐ ?" ਮਾਂ ਸਮਝਾ ਰਹੀ ਸੀ ਕਿ ਵੱਡਾ ਹੋ ਕੇ ਸਮਝ ਜਾਵੇਗਾ। ਬੱਚੇ ਹੀ ਤਪਦੇ ਸੀਨੇ ਨੂੰ ਠਾਰ ਦਿੰਦੇ ਹਨ। ਹਸਪਤਾਲ ਤੋਂ ਘਰ ਆ ਕੇ ਕੁਝ ਦੇਰ ਬਾਅਦ ਪਾਪਾ ਇਸ ਦੁਨੀਆ ਤੋਂ ਚਲੇ ਗਏ ਸਨ। ਪਾਪਾ ਦੀ ਅੰਤਿਮ ਯਾਤਰਾ ਦੀ ਤਿਆਰੀ ਹੋ ਰਹੀ ਸੀ। ਘਰ 'ਚ ਕੋਹਰਾਮ ਮਚਿਆ ਹੋਇਆ ਸੀ। ਮੈਂ ਭੱਜ-ਨੱਠ ਕਰਦਿਆਂ ਸਾਰਿਆਂ ਨੂੰ ਸੰਭਾਲ ਰਿਹਾ ਸੀ। ਅੰਤਿਮ ਕਿਰਿਆ ਲਈ ਜਦੋਂ ਮੈਂ ਅੱਗੇ ਆਇਆ ਤਾਂ ਪੰਡਿਤ ਜੀ ਨੇ ਗੁੱਸੇ ਨਾਲ ਬੋਲੇ, "ਅੰਤਿਮ ਕਿਰਿਆ ਦਾ ਅਧਿਕਾਰੀ ਮ੍ਰਿਤਕ ਦਾ ਪੁੱਤਰ ਹੁੰਦਾ ਏ, ਹੋਰ ਕੋਈ ਨਹੀਂ। ਆ ਪੁੱਤਰ ਨਮਨ, ਤੂੰ ਹੀ ਆਸ ਦੀ ਕਿਰਨ ਏ। ਤੂੰ ਅੱਗੇ ਆ।"

ਇਸ ਮਗਰੋਂ ਮੈਂ ਘਰੋਂ ਬਾਹਰ ਨਿਕਲ ਗਿਆ। ਬਿਨਾਂ ਪਿੱਛੇ ਮੁੜੇ ਦਿਸ਼ਾਹੀਣ ਰਾਹ 'ਤੇ। ਮੈਨੂੰ ਮਾਂ ਨੇ ਵਾਰ-ਵਾਰ ਰੋਕਿਆ ਵੀ, ਪਰ ਮੈਂ ਨਹੀਂ ਸੀ ਰੁਕਿਆ। ਮੈਂ ਜਦੋਂ ਹੋਸ਼ 'ਚ ਆਇਆ ਤਾਂ ਪਤਾ ਲੱਗਿਆ ਕਿ ਲੋਕ ਮੇਰੀ ਪਛਾਣ ਕਰਨਾ ਚਾਹੁੰਦੇ ਸਨ, ਜੋ ਮੇਰੇ ਲਈ ਇੱਕ ਮ੍ਰਿਗ ਤ੍ਰਿਸ਼ਨਾ ਸੀ।

# ਮੇਰੀ ਕਲਮ






## ਅੱਧ ਅਧੂਰਾ ਬੰਦਾ

**ਮਨਜੀਤ ਕੌਰ ਧੀਮਾਨ**

ਮੈਂ ਅੱਧ ਅਧੂਰਾ ਬੰਦਾ,
ਮੈਨੂੰ ਮੁਕੰਮਲ ਕਰ ਦੇ ਤੂੰ।
ਸਭ ਜਿੱਤਾਂ ਪਾਸੇ ਕਰਕੇ
ਮੇਰੇ 'ਤੇ ਦਿਲ ਹਰ ਦੇ ਤੂੰ।
ਮੈਂ ਅੱਧ ਅਧੂਰਾ
ਮੈਂ ਤੈਥੋਂ ਮੰਗਦਾ ਤੈਨੂੰ,
ਮੇਰੀ ਝੋਲ਼ੀ ਖ਼ੈਰ ਪਾਵੀਂ।
ਤੇਰੇ ਰਾਹਾਂ ਵਿੱਚ ਜਿਹੜਾ,
ਸਾਗਰ ਵੀ ਤੈਰ ਜਾਵੀਂ।
ਮੇਰੇ ਅੰਦਰੋਂ ਖ਼ਾਲੀ ਗਾਗਰ,
ਹਾਸਿਆਂ ਨਾਲ ਭਰ ਦੇ ਤੂੰ।
ਮੈਂ ਅੱਧ ਅਧੂਰਾ
ਕੁਝ ਨਖ਼ਰੇ ਕਰ ਵੇਖੀਂ,
ਹੱਸ ਹੱਸ ਕੇ ਚੁੱਕਾਂਗਾ।
ਜੇ ਤੂੰ ਨਾ ਆਈ ਤਾਂ,
'ਕੱਲਿਆਂ ਹੀ ਮੁੱਕਾਂਗਾ।
ਮੈਂ ਬੇਫ਼ਿਕਰਾ ਜਿਹਾ ਹਾਂ,
ਮੈਨੂੰ ਕੋਈ ਡਰ ਦੇ ਤੂੰ।
ਮੈਂ ਅੱਧ ਅਧੂਰਾ
ਮੇਰੀ ਦੁਨੀਆ ਤੂੰ ਹੀ ਐਂ,
ਤੇਰਾ ਜਗ ਮੈਂ ਬਣ ਜਾਵਾਂ।
ਤੇਰੇ ਅੱਗੇ ਵਧਣੇ ਲਈ,
ਮੈਂ ਪੁਲ ਬਣ ਖੜ੍ਹ ਜਾਵਾਂ।
ਮੇਰਾ ਸੁੰਨਾ ਜਿਹਾ ਹੈ ਮਨ,
ਇਹਨੂੰ ਭਰਨ ਦਾ ਵਰ ਦੇ ਤੂੰ।
ਮੈਂ ਅੱਧ ਅਧੂਰਾ
ਤੇਰੇ ਸਾਰੇ ਸ਼ੌਕ ਪੁਗਾਵਾਂ,
ਤੂੰ ਮੇਰੇ ਸਾਹਾਂ ਨਾਲ ਜੀਵੀਂ।
ਮੇਰੇ ਪਾਟੇ ਸੁਪਨਿਆਂ ਨੂੰ,
ਸਬਰਾਂ ਦੇ ਧਾਗੇ ਨਾਲ ਸੀਵੀਂ।
ਜਿੱਥੇ ਪੂਜਾ ਕਰ ਲਾਂ, 'ਮਨਜੀਤ'
ਮੈਨੂੰ ਐਹੋ ਜਿਹਾ ਦਰ ਦੇ ਤੂੰ।
ਮੈਂ ਅੱਧ ਅਧੂਰਾ

***




## ਗੀਤ ਕਿਸੇ ਨੇ ਛੋਹਿਆ ਏ

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

ਗੀਤ ਕਿਸੇ ਨੇ ਛੋਹਿਆ ਏ।
ਦਿਲ ਮੇਰਾ ਫਿਰ ਰੋਇਆ ਏ।
ਹੂਕ ਜਹੀ ਇੱਕ ਨਿਕਲੀ ਏ,
ਦਰਦ ਕਲੇਜੇ ਹੋਇਆ ਏ।
ਬੰਨ ਸਬਰ ਦਾ ਟੁਟਿਆ ਏ,
ਖ਼ੂਨ ਅੱਖਾਂ ਚੋਂ ਚੋਇਆ ਏ।
ਅੱਖ ਬਿਰਹਣ ਦੀ ਰੋਈ ਏ,
ਸਾਗਰ ਖ਼ਾਰਾ ਹੋਇਆ ਏ।
ਦਿਨੇ ਤੜਪਦਾ ਰਹਿੰਦਾ ਏ,
ਰਾਤ ਕਦੀ ਨਾ ਸੋਇਆ ਏ।
ਦਰਦ ਮੈਂ ਸਾਰੀ ਦੁਨੀਆਂ ਦਾ,
ਸ਼ਬਦਾਂ ਵਿੱਚ ਲਕੋਇਆ ਏ।
ਤਨ ਦੀ ਚਾਦਰ ਛਿੱਜਦੀ ਗਈ,
ਜਿਉਂ ਜਿਉਂ ਇਸਨੂੰ ਧੋਇਆ ਏ।
ਕੱਲੀ ਬਹਿ ਕੇ ਰੋਂਦੀ ਰਹੀ,
ਕੀ ਸੁਰਜੀਤ ਨੂੰ ਹੋਇਆ ਏ।

## .ਗ਼ਜ਼ਲ

**ਬਲਵਿੰਦਰ ਬਾਲਮ**
**ਗੁਰਦਾਸਪੁਰ**



ਨਾ ਕਿਸੇ ਤੋਂ ਜਿਤਦੀ ਨਾ ਹਾਰਦੀ।
ਜ਼ਿੰਦਗੀ ਜਾਂਦੀ ਛਲਾਂਗਾਂ ਮਾਰਦੀ।
ਯੁੱਧ 'ਚ ਵੱਡੇ-ਵੱਡੇ ਯੋਧੇ ਹਰ ਜਾਂਦੇ,
ਧਾਰ ਖੁੰਢੀ ਹੋਵੇ ਜੇ ਤਲਵਾਰ ਦੀ।
ਗਿਆਨ ਵਾਧੂ ਮਗਰ ਸ਼ਿਸ਼ਟਾਚਾਰ ਨਈਂ,
ਬਦਲ ਗਈ ਹੈ ਸੋਚ ਅੱਜ ਮੁਟਿਆਰ ਦੀ।
ਇੱਕ ਛਰਾਟੇ ਨਾਲ ਇਹ ਭੁਰ ਜਾਵਣੀ,
ਸਹੁੰ ਨਾ ਚੁੱਕੀਂ ਰੇਤ ਦੀ ਦੀਵਾਰ ਦੀ।
ਪਿਆਰ ਦੀ ਕਿਸ਼ਤੀ ਨਜ਼ਰ ਆਉਂਦੀ ਨਹੀਂ,
ਸੁੱਕ ਗਈ ਹੈ ਇੱਕ ਨਦੀ ਸਤਿਕਾਰ ਦੀ।
ਨ੍ਹੇਰੀਆਂ ਨਾਲ ਦੋਸਤੀ ਕੀ ਕਰ ਲਈ,
ਦੁਰਦਸ਼ਾ ਕੀ ਹੋ ਗਈ ਕਚਨਾਰ ਦੀ।
ਚੰਨ ਦੀ ਇੱਕ ਰਾਤ ਮੇਰੇ ਨਾਲ ਰਹੀ,
ਨਾ ਗਰਮ ਰੱਖਦੀ ਤੇ ਨਾ ਹੀ ਠਾਰਦੀ।
ਮਿਹਨਤਾਂ ਪਿੱਛੋਂ ਹੀ ਰੰਗਤ ਆ ਰਹੀ,
ਫੁੱਟ ਰਹੀ ਲਾਲੀ ਕਿਵੇਂ ਆਨਾਰ ਦੀ।
ਸ਼ਹਿਰ ਅੰਦਰ ਰੌਸ਼ਨੀ ਹੀ ਰੌਸ਼ਨੀ,
ਜ਼ਿਦ ਜਦੋਂ ਟੁੱਟੀ ਉਹਦੇ ਹੰਕਾਰ ਦੀ।
ਕੌਣ ਕਰਦਾ ਯਾਦ ਜਿਹੜੇ ਤੁਰ ਗਏ,
ਗੀਤ ਚਲਦੀ ਆ ਰਹੀ ਸੰਸਾਰ ਦੀ।
ਬੰਦ ਮੁੱਠੀ ਵਿੱਚ ਭਲਾ ਦੱਸ ਕੀ ਏ ?
ਬੁੱਝ ਲਵੇਂ ਤਾਂ ਸਾਰੀ ਦੁਨੀਆਂ ਪਿਆਰ ਦੀ।
ਕੌਣ ਲੰਘਿਆ ਆਹਟਾਂ ਵਿੱਚ ਸਿਸਕੀਆਂ,
ਇੱਕ ਮਾਮੂਲੀ ਭਿਣਕ ਹੈ ਦੀਦਾਰ ਦੀ।
ਕੌਣ ਹੈ ਉਹ ਜਿੱਤ ਦਾ ਪ੍ਰਤੀਕ ਹੈ,
ਰਾਹ ਨੁਮਾਈ ਕਰ ਰਿਹਾ ਤਲਵਾਰ ਦੀ।
ਜੀ ਲਵੇ ਦੂਜੇ ਦੇ ਹਿੱਤਾਂ ਵਾਸਤੇ,
ਹੋਂਦ ਬਣਦੀ ਤਾਂ ਹੀ ਇੱਕ ਸਰਦਾਰ ਦੀ।
ਬਾਲਮਾ ਬੇਸ਼ਕ ਜੁਦਾ ਉਹ ਹੋ ਗਿਆ,
ਹੋਂਦ ਜ਼ਖ਼ਮਾਂ ਵਿੱਚ ਰਹੀ ਇਕਰਾਰ ਦੀ।

**ਆ.ਗਾ ਨਿਸਾਰ**

## ਖ਼ਾਹਸ਼ਾਂ ਦੀ ਧੂੜ ਦੇ ਤੂ.ਫਾਨ ਵਿੱਚ



ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ।
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ।

ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਸਲਾ ਹੋਵੇ ਨਾ ਜੇ ਇਨਸਾਨ ਵਿੱਚ।

ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ।

ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ।

ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ।

ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ।


ਜਦ ਕਸ਼ਿਸ਼ 'ਆ.ਗਾ' ਵਿਖਾਈ ਕੁ.ਫਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ।



## ਸਰਦਾਰ

**ਸਿਮਰਤ ਗਗਨ**

ਮੈ ਕਦੀ ਅਪਣੇ ਪਿਓ ਦੀ ਪੱਗ ਦੇ
ਬੋਝ ਹੇਠਾਂ ਨਹੀਂ ਰਹੀ।
ਅਸਲ 'ਚ,
ਉਸਨੇ
ਰਹਿਣ ਹੀ ਨਹੀਂ ਦਿੱਤਾ।
ਉਸ ਉੱਡਣ ਦਾ ਵਲ਼ ਦਸਿਆ
ਤੇ ਚਿੜੀ ਨੇ ਅਪਣਾ
ਆਸਮਾਨ ਲੱਭ ਲਿਆ
ਉਸ ਕਿਹਾ
ਕੁਝ ਵੀ ਕਰਨ ਲਈ
ਤੈਨੂੰ ਮੁੰਡਾ ਹੋਣ ਦੀ ਲੋੜ ਨਹੀਂ
ਤੂੰ ਜੋ ਹੈ
ਓਹ ਹੀ ਰਹੀਂ
ਤੇਰੇ ਅਪਣੇ
ਕਨੂੰਨ ਤੇ ਅਸੂਲ ਹੋਣਗੇ
ਤੇਰੇ ਸਾਰੇ .ਫੈਸਲੇ
ਮੈਨੂੰ ਕਬੂਲ ਹੋਣਗੇ।
ਪਰ,
ਉਸ ਅੱਖ 'ਚ ਅੱਖ ਪਾ ਕੇ ਕਿਹਾ ਸੀ
ਤੇਰਾ ਹੱਕ ਹੈ ਤੇਰੀ ਅਜ਼ਾਦੀ
ਬਸ ਜ਼ਿੰਮੇਵਾਰੀ ਨਾਲ ਸਾਂਭੀਂ।
ਬੜੀ ਬੇਬਾਕੀ ਨਾਲ
ਉਸ ਮੇਰਾ
ਕਿਰਦਾਰ ਸਜਾਇਆ
ਤੇ ਧੀ ਨੂੰ
ਸਰਦਾਰ ਬਣਾਇਆ ...




## .ਗ਼ਜ਼ਲ

**ਜਗਤਾਰ ਪੱਖੋ**

ਵੇਖ ਤੇਰੇ ਇਸ਼ਕ ਦੀ ਜਾਦੂਗਰੀ।
ਮੰਤਰਾਂ ਨੂੰ ਭੁੱਲ ਗਏ ਨੇ ਮਾਂਦਰੀ।
ਭੌਰ ਇਹ ਸਭ ਵੇਖ ਕੇ ਭੈਅਭੀਤ ਹੈ,
ਵਾਸ਼ਨਾ ਦੀ ਹੋ ਰਹੀ ਹੈ ਤਸਕਰੀ।
ਇਹ ਸਮੇਂ ਦਾ ਅੱਥਰਾ ਬਦਲਾਵ ਹੈ,
ਮੋਹ ਦੀ ਭਾਸ਼ਾ ਹੋ ਰਹੀ ਹੈ ਖੁਰਦਰੀ।
ਡੇਰਿਆਂ ਦੀ ਨੀਤ ਹੁਣ ਬਦਰੰਗ ਹੈ,
ਆਸਥਾ ਦੀ ਸੋਚ ਹੋਈ ਜਰਜਰੀ।
ਨੇਰ੍ਹਿਆਂ ਦਾ ਪਸਤ ਹੋਇਆ ਹੌਸਲਾ,
ਵੇਖ ਵਧਦੀ ਦੀਵਿਆਂ ਦੀ ਹਾਜ਼ਰੀ।
ਹਰ ਘੜੀ ਨੂੰ ਰੁੱਤ ਵਾਂਗੂੰ ਮਾਣਦੇ,
ਸ਼ਾਇਰ ਕਰਦੇ ਜਜ਼ਬਿਆਂ ਦੀ ਪਰਵਰੀ।

# ਹਰਮਨਪ੍ਰੀਤ ਕੌਰ

## ਜਿਸ ਨੂੰ ਬਚਪਨ ਤੋਂ ਹੈ ਖੇਡਾਂ ਪ੍ਰਤੀ ਜਨੂੰਨ










8 ਮਾਰਚ 1989 ਨੂੰ ਪੰਜਾਬ ਦੇ ਮੋਗਾ ਵਿੱਚ ਜਨਮੀ ਹਰਮਨਪ੍ਰੀਤ ਕੌਰ ਦਾ ਸਟਾਰਡਮ ਵੱਲ ਵਧਣਾ ਅਣਥੱਕ ਸਮਰਪਣ ਰਾਹੀਂ ਨਿਖਾਰੀ ਗਈ ਇੱਕ ਕੱਚੀ ਪ੍ਰਤਿਭਾ ਦੀ ਕਹਾਣੀ ਹੈ। ਸਥਾਨਕ ਜ਼ਿਲ੍ਹਾ ਅਦਾਲਤ ਵਿੱਚ ਇੱਕ ਕਲਰਕ ਹਰਮਿੰਦਰ ਸਿੰਘ ਅਤੇ ਸਤਵਿੰਦਰ ਕੌਰ ਦੀ ਧੀ, ਹਰਮਨਪ੍ਰੀਤ ਇੱਕ ਸਾਧਾਰਨ ਪਰਿਵਾਰ ਵਿੱਚ ਪਲੀ ਹੈ, ਜਿੱਥੇ ਖੇਡਾਂ ਪ੍ਰਤੀ ਉਸਦੇ ਪਿਆਰ ਨੂੰ ਸ਼ੁਰੂ ਵਿੱਚ ਹੀ ਹੁਲਾਰਾ ਮਿਲਿਆ।

ਹਰਮਨ ਅਕਸਰ ਆਪਣੇ ਪਿਤਾ, ਜੋ ਇੱਕ ਉਤਸ਼ਾਹੀ ਖੇਡ ਪ੍ਰੇਮੀ ਸਨ ਅਤੇ ਬਾਸਕਟਬਾਲ, ਹੈਂਡਬਾਲ ਅਤੇ ਫੁੱਟਬਾਲ ਖੇਡਦੇ ਸਨ, ਦੇ ਨਾਲ ਸਥਾਨਕ ਖੇਡ ਦੇ ਮੈਦਾਨਾਂ ਵਿੱਚ ਜਾਂਦੀ ਸੀ, ਜਿੱਥੇ ਖੇਡਾਂ ਪ੍ਰਤੀ ਉਸ ਦਾ ਜਨੂੰਨ ਪਹਿਲੀ ਵਾਰ ਪੈਦਾ ਹੋਇਆ।

ਹਰਮਨਪ੍ਰੀਤ ਨੇ ਆਪਣੀ ਸਿੱਖਿਆ ਮੋਗਾ ਦੇ ਇੱਕ ਸਰਕਾਰੀ ਗਰਲਜ਼ ਸਕੂਲ ਵਿੱਚ ਸ਼ੁਰੂ ਕੀਤੀ, ਇਸ ਤੋਂ ਬਾਅਦ ਕ੍ਰਿਕਟ ਨੂੰ ਹੋਰ ਗੰਭੀਰਤਾ ਨਾਲ ਅੱਗੇ ਵਧਾਉਣ ਲਈ ਇੱਕ ਪ੍ਰਾਈਵੇਟ ਸੰਸਥਾ ਵਿੱਚ ਚਲੀ ਗਈ। ਉਸ ਦੀ ਅਥਾਹ ਸਮਰੱਥਾ ਨੂੰ ਪਛਾਣਦੇ ਹੋਏ, ਮੋਗਾ-ਫਿਰੋਜ਼ਪੁਰ ਰੋਡ 'ਤੇ ਸਥਿਤ ਦਾਰਾਪੁਰ ਪਿੰਡ ਵਿੱਚ ਇੱਕ ਨਿੱਜੀ ਕ੍ਰਿਕਟ ਅਕੈਡਮੀ ਅਤੇ ਗਿਆਨ ਜੋਤੀ ਸਕੂਲ ਦੇ ਮਾਲਕ ਕਮਲਦੀਸ਼ ਸਿੰਘ ਸੋਢੀ ਨੇ ਉਸ ਨੂੰ ਦਾਖਲਾ ਦਿੱਤਾ ਅਤੇ ਹੁਨਰ ਨੂੰ ਨਿਖਾਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ।

ਇਸ ਸਫਰ ਦੌਰਾਨ ਹਰਮਨ ਪਰਿਵਾਰ ਦਾ ਵੀ ਅਟੁੱਟ ਸਮਰਥਨ ਮਿਲਿਆ ਹੈ। ਹਰਮਨਪ੍ਰੀਤ ਦੇ ਦੋ ਛੋਟੇ ਭੈਣ-ਭਰਾ ਹਨ—ਇੱਕ ਭੈਣ ਕੈਨੇਡਾ ਵਿੱਚ ਵੱਸਦੀ ਹੈ ਅਤੇ ਇੱਕ ਭਰਾ ਆਸਟ੍ਰੇਲੀਆ ਵਿੱਚ—ਜਦੋਂ ਕਿ ਉਸਦੇ ਮਾਣਮੱਤੇ ਮਾਤਾ-ਪਿਤਾ ਇਸ ਸਮੇਂ ਮੁੰਬਈ ਵਿੱਚ ਉਸਦਾ ਹੌਸਲਾ ਵਧਾ ਰਹੇ ਹਨ।

ਸੱਜੇ ਹੱਥ ਦੀ ਬੱਲੇਬਾਜ਼ ਅਤੇ ਇੱਕ ਕਾਰਗਰ ਆਫ-ਸਪਿਨ ਗੇਂਦਬਾਜ਼ ਹਰਮਨਪ੍ਰੀਤ ਨੇ ਲਗਾਤਾਰ ਭਾਰਤੀ ਮਹਿਲਾ ਕ੍ਰਿਕਟ ਦੀਆਂ ਸੀਮਾਵਾਂ ਨੂੰ ਅੱਗੇ ਵਧਾਇਆ ਹੈ। ਸ਼ਾਨਦਾਰ ਖਿਡਾਰੀ ਹਰਮਨਪ੍ਰੀਤ 2017 ਵਿਸ਼ਵ ਕੱਪ ਸੈਮੀਫਾਈਨਲ ਵਿੱਚ ਆਸਟਰੇਲੀਆ ਦੇ ਖ਼ਿਲਾਫ਼ 115 ਗੇਂਦਾਂ ਵਿੱਚ ਨਾਬਾਦ 171 ਦੌੜਾਂ ਬਣਾ ਕੇ ਇਤਹਾਸਕ ਪਲ ਭਾਰਤ ਦੀ ਝੋਲੀ ਪਾ ਚੁੱਕੀ ਹੈ।

ਹਰਮਨਪ੍ਰੀਤ ਵਿਦੇਸ਼ੀ ਟੀ-20 ਫਰੈਂਚਾਇਜ਼ੀ ਵੱਲੋਂ ਸਾਈਨ ਕੀਤੀ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ ਸੀ, ਜਿਸ ਨੇ ਆਸਟ੍ਰੇਲੀਆ ਦੀ ਮਹਿਲਾ ਬਿੱਗ ਬੈਸ਼ ਲੀਗ ਵਿੱਚ ਆਪਣਾ ਡੈਬਿਊ ਕੀਤਾ।

ਉਹ ਟੀ-20 ਅੰਤਰਰਾਸ਼ਟਰੀ ਸੈਂਕੜਾ ਬਣਾਉਣ ਵਾਲੀ ਵੀ ਪਹਿਲੀ ਭਾਰਤੀ ਮਹਿਲਾ ਹੈ ਅਤੇ ਟੀ-20 ਅੰਤਰਰਾਸ਼ਟਰੀ ਵਿੱਚ 3,000 ਤੋਂ ਵੱਧ ਦੌੜਾਂ ਬਣਾਉਣ ਵਾਲੀ ਇਕਲੌਤੀ ਭਾਰਤੀ ਮਹਿਲਾ ਕ੍ਰਿਕਟਰ ਬਣੀ ਹੋਈ ਹੈ। ਸਾਰੇ ਫਾਰਮੈਟਾਂ ਵਿੱਚ ਉਸਨੇ 8,000 ਤੋਂ ਵੱਧ ਅੰਤਰਰਾਸ਼ਟਰੀ ਦੌੜਾਂ ਬਣਾਈਆਂ ਹਨ।

**ਹਰਮਨਪ੍ਰੀਤ ਕੌਰ ਟੀਮ ਲਈ ਕਪਤਾਨ ਤੋਂ ਵਧਕੇ ਹੈ**

ਭਾਰਤੀ ਟੀਮ ਦੀ ਕਪਤਾਨ ਹਰਮਨਪ੍ਰੀਤ ਇੱਕ ਨਵੇਂ ਆਤਮਵਿਸ਼ਵਾਸੀ ਭਾਰਤ ਦਾ ਪ੍ਰਤੀਕ ਹੈ, ਜੋ ਲੱਖਾਂ ਨੌਜਵਾਨ ਲੜਕੀਆਂ ਨੂੰ ਆਪਣੇ ਸੁਪਨਿਆਂ ਦਾ ਬਿਨਾਂ ਕਿਸੇ ਡਰ ਦੇ ਪਿੱਛਾ ਕਰਨ ਲਈ ਪ੍ਰੇਰਿਤ ਕਰਦੀ ਹੈ। ਉਸ ਦਾ ਮੋਗਾ ਦੇ ਧੂੜ ਭਰੇ ਮੈਦਾਨਾਂ ਤੋਂ ਲੈ ਕੇ ਕੋਮਾਂਤਰੀ ਕ੍ਰਿਕਟ ਦੇ ਪੜਾਅ ਤੱਕ ਦਾ ਸਫ਼ਰ ਦ੍ਰਿੜਤਾ, ਜਨੂੰਨ ਅਤੇ ਮਾਣ ਦੀ ਇੱਕ ਚਮਕਦਾਰ ਮਿਸਾਲ ਵਜੋਂ ਹੈ।

## ਭਾਰਤੀ ਕੁੜੀਆਂ ਲਈ ਪ੍ਰੇਰਨਾ ਸਰੋਤ ਬਣੀ ਮਹਿਲਾ ਕ੍ਰਿਕਟ ਟੀਮ: ਮੁਰਮੂ

ਨਵੀਂ ਦਿੱਲੀ/ਏ.ਟੀ.ਨਿਊਜ਼: ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਆਈ.ਸੀ.ਸੀ. ਇੱਕ ਰੋਜ਼ਾ ਵਿਸ਼ਵ ਕੱਪ ਜਿੱਤ ਕੇ ਇਤਿਹਾਸ ਸਿਰਜਣ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਇਨ੍ਹਾਂ ਖਿਡਾਰਨਾਂ ਨੇ ਸਿਰਫ ਇਤਿਹਾਸ ਹੀ ਨਹੀਂ ਰਚਿਆ ਬਲਕਿ ਉਹ ਨੌਜਵਾਨ ਪੀੜ੍ਹੀ, ਖਾਸਕਰ ਲੜਕੀਆਂ ਲਈ ਆਦਰਸ਼ ਬਣ ਗਈਆਂ ਹਨ।



ਰਾਸ਼ਟਰਪਤੀ ਮੁਰਮੂ ਨੇ ਇੱਥੇ ਰਾਸ਼ਟਰਪਤੀ ਭਵਨ ਵਿੱਚ ਆਈ.ਸੀ.ਸੀ. ਵਿਸ਼ਵ ਕੱਪ ਜੇਤੂ ਮਹਿਲਾ ਕ੍ਰਿਕਟ ਟੀਮ ਨਾਲ ਮੁਲਾਕਾਤ ਕੀਤੀ। ਇਸ ਮੌਕੇ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਉਨ੍ਹਾਂ ਨੂੰ ਸਾਰੀਆਂ ਖਿਡਾਰਨਾਂ ਦੇ ਦਸਤਖਤਾਂ ਵਾਲੀ ਟੀਮ ਦੀ ਜਰਸੀ ਭੇਟ ਕੀਤੀ। ਭਾਰਤ ਨੇ ਪਿਛਲੇ ਦਿਨੀਂ ਦੱਖਣੀ ਅਫਰੀਕਾ ਨੂੰ ਹਰਾ ਕੇ ਪਹਿਲੀ ਵਾਰ ਵਿਸ਼ਵ ਮਹਿਲਾ ਕ੍ਰਿਕਟ ਵਿਸ਼ਵ ਕੱਪ ਜਿੱਤਿਆ ਸੀ।

ਰਾਸ਼ਟਰਪਤੀ ਦਫ਼ਤਰ ਵੱਲੋਂ ਜਾਰੀ ਬਿਆਨ 'ਚ ਉਨ੍ਹਾਂ ਦੇ ਹਵਾਲੇ ਨਾਲ ਕਿਹਾ ਗਿਆ, "ਨੌਜਵਾਨ ਪੀੜ੍ਹੀ, ਖਾਸਕਰ ਲੜਕੀਆਂ (ਮਹਿਲਾ ਕ੍ਰਿਕਟ ਟੀਮ ਦੀ) ਇਸ ਪ੍ਰਾਪਤੀ ਤੋਂ ਜ਼ਿੰਦਗੀ 'ਚ ਅੱਗੇ ਵਧਣ ਲਈ ਪ੍ਰੇਰਿਤ ਹੋਣਗੀਆਂ।" ਉਨ੍ਹਾਂ ਭਵਿੱਖ ਵਿੱਚ ਵੀ ਇਸ ਟੀਮ ਵੱਲੋਂ ਭਾਰਤੀ ਕ੍ਰਿਕਟ ਨੂੰ ਸਿਖਰ 'ਤੇ ਰੱਖਣ ਦਾ ਭਰੋਸਾ ਜਤਾਇਆ ਤੇ ਖਿਡਾਰਨਾਂ ਦੇ ਕ੍ਰਿਕਟ ਸਫਰ 'ਚ ਆਈਆਂ ਮੁਸ਼ਕਿਲਾਂ ਬਾਰੇ ਕਿਹਾ, "ਕਦੇ-ਕਦੇ ਤਾਂ ਖਿਡਾਰਨਾਂ ਨੂੰ ਨੀਂਦ ਵੀ ਨਹੀਂ ਆਈ ਹੋਵੇਗੀ, ਪਰ ਉਨ੍ਹਾਂ ਨੇ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ।" ਰਾਸ਼ਟਰਪਤੀ ਮੁਰਮੂ ਨੇ ਆਖਿਆ ਕਿ ਇਨ੍ਹਾਂ ਖਿਡਾਰਨਾਂ ਦੀ ਕਾਮਯਾਬੀ ਵਿੱਚ ਉਨ੍ਹਾਂ ਦੀ ਸਖਤ ਮਿਹਨਤ, ਹੁਨਰ, ਦ੍ਰਿੜ੍ਹ ਇਰਾਦੇ ਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਇਲਾਵਾ ਕ੍ਰਿਕਟ ਪ੍ਰੇਮੀਆਂ ਦੇ ਪਿਆਰ ਦੇ ਅਸ਼ੀਰਵਾਦ ਦਾ ਹੱਥ ਰਿਹਾ। ਉਨ੍ਹਾਂ ਨੇ ਟੀਮ ਦੀ ਹਰ ਮੈਂਬਰ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਦੇਸ਼ ਤੇ ਵਿਦੇਸ਼ 'ਚ ਲੱਖਾਂ ਭਾਰਤੀ ਉਨ੍ਹਾਂ ਦੀ ਜਿੱਤ ਦਾ ਜਸ਼ਨ ਮਨਾ ਰਹੇ ਹਨ।

## ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ 'ਮਹੀਨੇ ਦੀ ਸਰਵੋਤਮ ਖਿਡਾਰਨ' ਪੁਰਸਕਾਰ ਲਈ ਨਾਮਜ਼ਦ




ਦੁਬਈ/ਏ.ਟੀ.ਨਿਊਜ਼: ਭਾਰਤ ਦੀ ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ ਨੂੰ ਮਹਿਲਾ ਕ੍ਰਿਕਟ ਵਿਸ਼ਵ ਕੱਪ 'ਚ ਸ਼ਾਨਦਾਰ ਪ੍ਰਦਰਸ਼ਨ ਸਦਕਾ ਆਈ.ਸੀ.ਸੀ. ਦੀ ਅਕਤੂਬਰ ਮਹੀਨੇ ਦੀ ਸਰਵੋਤਮ ਮਹਿਲਾ ਖਿਡਾਰਨ ਦੇ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਉਪ ਕਪਤਾਨ ਮੰਧਾਨਾ ਦਾ ਇਸ ਪੁਰਸਕਾਰ ਲਈ ਮੁਕਾਬਲਾ ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੌਲਵਾਰਟ ਅਤੇ ਆਸਟ੍ਰੇਲੀਆ ਦੀ ਹਮਲਾਵਰ ਬੱਲੇਬਾਜ਼ ਐਸ਼ਲੇ ਗਾਰਡਨਰ ਨਾਲ ਹੋਵੇਗਾ। ਸਮ੍ਰਿਤੀ ਨੇ ਇੱਕ ਸੈਂਕੜੇ ਅਤੇ ਇਕ ਨੀਮ ਸੈਂਕੜੇ ਸਦਕਾ ਟੂਰਨਾਮੈਂਟ 'ਚ 434 ਦੌੜਾਂ ਬਣਾਈਆਂ ਸਨ ਤੇ ਸਭ ਤੋਂ ਵੱਧ ਦੌੜਾਂ ਬਣਾਉਣ ਦੇ ਮਾਮਲੇ 'ਚ ਉਹ ਦੂਜੇ ਸਥਾਨ 'ਤੇ ਹੈ।

ਮਹੀਨੇ ਦੀ ਸਰਵੋਤਮ ਮਹਿਲਾ ਖਿਡਾਰਨ ਦੇ ਪੁਰਸਕਾਰ ਦੀ ਦੌੜ 'ਚ ਸ਼ਾਮਲ ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੌਲਵਾਰਟ ਨੇ ਦੋ ਸੈਂਕੜਿਆਂ ਤੇ ਇੱਕ ਨੀਮ ਸੈਂਕੜੇ ਸਦਕਾ ਟੂਰਨਾਮੈਂਟ 'ਚ ਸਭ ਤੋਂ ਵੱਧ 571 ਦੌੜਾਂ ਬਣਾਈਆਂ ਸਨ।

ਵਿਸ਼ਵ ਕੱਪ 'ਚ ਸਭ ਤੋਂ ਵੱਧ ਦੌੜਾਂ ਦੇ ਬਣਾਉਣ ਦੇ ਮਾਮਲੇ 'ਚ ਆਸਟ੍ਰੇਲੀਆ ਦੀ ਐਸ਼ਲੇ ਗਾਰਡਨਰ ਤੀਜੇ ਸਥਾਨ 'ਤੇ ਰਹੀ, ਜਿਸ ਨੇ ਦੋ ਸੈਂਕੜੇ ਜੜਦਿਆਂ ਕੁੱਲ 328 ਦੌੜਾਂ ਬਣਾਈਆਂ। ਗੇਂਦਬਾਜ਼ੀ ਮੁਹਾਜ਼ 'ਤੇ ਵਧੀਆ ਪ੍ਰਦਰਸ਼ਨ ਕਰਦਿਆਂ ਉਸ ਨੇ ਸੱਤ ਵਿਕਟਾਂ ਵੀ ਹਾਸਲ ਕੀਤੀਆਂ ਸਨ।

# ਗੋਲ਼ਫ ਦਾ ਬਾਦਸ਼ਾਹ ਟਾਈਗਰ ਵੁੱਡਜ਼



ਪ੍ਰਿੰ. ਸਰਵਣ ਸਿੰਘ
+1-905-779-1661




ਟਾਈਗਰ ਵੁੱਡਜ਼ ਦਾ ਜਮਾਂਦਰੂ ਨਾਂ ਐਲਡ੍ਰਿਕ ਟੌਂਟ ਵੁੱਡਜ਼ ਸੀ। 'ਟਾਈਗਰ' ਉਸ ਦਾ ਨਿੱਕ ਨੇਮ ਹੈ ਜੋ ਉਸ ਨੇ ਆਪ ਰਜਿਸਟਰਡ ਕਰਵਾਇਆ। ਉਹ ਕੇਵਲ ਦੋ ਸਾਲਾਂ ਦਾ ਸੀ ਜਦੋਂ ਉਸ ਨੇ ਗੋਲ਼ਫ ਦੀ ਛੜੀ ਫੜੀ। ਤਿੰਨ ਸਾਲਾਂ ਦਾ ਹੋਇਆ ਤਾਂ ਟੀਵੀ 'ਤੇ ਆਪਣੀ ਖੇਡ ਵਿਖਾਉਣ ਲੱਗਾ। ਦੁਨੀਆ ਉਸ ਨੂੰ ਗੋਲ਼ਫ ਦਾ ਮਹਾਨਤਮ ਖਿਡਾਰੀ ਮੰਨਦੀ ਹੈ। ਉਸ ਦੀਆਂ ਕਈ ਗੱਲਾਂ ਅਦਭੁੱਤ ਹਨ। ਗੋਲ਼ਫ ਦੀ ਖੇਡ 'ਚ ਜਿੱਥੇ ਉਸ ਨੇ ਗਲੋਬਲ ਪੱਧਰ 'ਤੇ ਨਾਮਣਾ ਖੱਟਿਆ, ਉੱਥੇ ਨਾਵਾਂ ਵੀ ਏਨਾ ਕਮਾਇਆ ਕਿ ਉਹਦੀ ਆਮਦਨ ਜਾਣ ਕੇ ਹੈਰਤ ਹੁੰਦੀ ਹੈ। 2025 ਤੱਕ ਉਹ 1.3 ਬਿਲੀਅਨ ਅਮਰੀਕਨ ਡਾਲਰ ਕਮਾ ਚੁੱਕਾ ਹੈ। ਭਾਰਤੀ ਅੰਕੜਿਆਂ ਮੁਤਾਬਿਕ 1 ਅਰਬ 30 ਕਰੋੜ ਡਾਲਰ। ਜਿਵੇਂ 100 ਕਰੋੜ ਦੇ ਜੋੜ ਨਾਲ 1 ਅਰਬ ਬਣਦਾ ਹੈ, ਉਵੇਂ 1000 ਮਿਲੀਅਨਜ਼ ਦੇ ਜੋੜ ਨਾਲ 1 ਬਿਲੀਅਨ ਬਣਦੈ। ਇਉਂ ਅੰਗਰੇਜ਼ੀ ਦਾ ਇੱਕ ਬਿਲੀਅਨ ਪੰਜਾਬੀ ਦਾ ਇੱਕ ਅਰਬ ਹੈ।

ਟਾਈਗਰ ਦਾ ਜਨਮ 30 ਦਸੰਬਰ 1975 ਨੂੰ ਸਾਈਪਰਸ, ਕੈਲੀਫੋਰਨੀਆ ਦੇ ਇੱਕ ਪੇਸ਼ਾਵਰ ਗੋਲ਼ਫਰ ਅਰਲ ਵੁੱਡਜ਼ ਦੇ ਘਰ ਹੋਇਆ ਸੀ। ਅਰਲ ਵੁੱਡਜ਼ ਅਮਰੀਕਾ ਦੀ ਫ਼ੌਜ ਵਿੱਚ ਨੌਕਰੀ ਕਰਦਾ ਸੀ। ਉਹ ਵੀਅਤਨਾਮ ਦੇ ਯੁੱਧ ਵਿੱਚ ਲੜਿਆ ਰਿਟਾਇਰਡ ਫ਼ੌਜੀ ਸੀ। ਟਾਈਗਰ ਦੀ ਮਾਂ ਕੁਲਟੀਡਾ 'ਟੀਡਾ' ਵੁੱਡਜ਼ ਥਾਈਲੈਂਡ ਵੱਲ ਦੀ ਬੋਧੀ ਸੀ।




ਟਾਈਗਰ ਦਾ ਬਚਪਨ ਕੈਲੀਫੋਰਨੀਆ ਦੀ ਔਰੇਂਜ ਕਾਉਂਟੀ ਵਿੱਚ ਬੀਤਿਆ। ਉਹ ਮਸੀਂ ਦੋ ਸਾਲਾਂ ਦਾ ਹੋਇਆ ਸੀ ਕਿ ਪਿਤਾ ਨੇ ਉਹਦੇ ਹੱਥ ਛੜੀ ਫੜਾ ਦਿੱਤੀ। ਪਿਤਾ ਖ਼ੁਦ ਗੋਲ਼ਫਰ ਸੀ ਜੋ ਲਾਸ ਏਂਜਲਸ ਦੇ ਲੌਂਗ ਵੀਕ 'ਤੇ ਗੋਲ਼ਫ ਖੇਡਿਆ ਕਰਦਾ ਸੀ। 1978 ਵਿੱਚ ਜਦੋਂ ਟਾਈਗਰ 3 ਸਾਲਾਂ ਦਾ ਹੀ ਹੋਇਆ ਸੀ ਤਾਂ ਉਸ ਨੇ ਪੁੱਤਰ ਨੂੰ ਇੱਕ ਟੀਵੀ ਸ਼ੋਅ 'ਤੇ ਗੋਲ਼ਫ ਖੇਡਦਾ ਵਿਖਾਇਆ। 5 ਸਾਲ ਦੀ ਉਮਰੇ ਉਹ 'ਗੋਲ਼ਫ ਡਾਈਜੈਸਟ' ਵਿੱਚ ਆ ਗਿਆ। 7 ਸਾਲ ਦੀ ਉਮਰੇ 10 ਸਾਲ ਦੀ ਉਮਰ ਵਾਲਿਆਂ 'ਚ ਗੋਲ਼ਫ ਮੁਕਾਬਲਾ ਜਿੱਤ ਗਿਆ ਤੇ 9-10 ਸਾਲ ਦੀ ਉਮਰੇ ਜੂਨੀਅਰ ਵਰਲਡ ਗੋਲ਼ਫ ਚੈਂਪੀਅਨ ਬਣ ਗਿਆ। ਟਾਈਗਰ ਨੇ ਕੈਲੀਫੋਰਨੀਆ ਦੇ ਵੈਸਟਰਨ ਹਾਈ ਸਕੂਲ ਐਨਾਹਾਈਮ ਤੋਂ ਸਕੂਲੀ ਪੜ੍ਹਾਈ ਕੀਤੀ। ਉਹ ਜਮਾਤਾਂ ਵੀ ਚੜ੍ਹਦਾ ਗਿਆ ਤੇ ਜੂਨੀਅਰ ਪੱਧਰ 'ਤੇ ਗੋਲ਼ਫ ਮੁਕਾਬਲਿਆਂ ਦੀਆਂ ਜਿੱਤਾਂ ਵੀ ਜਿੱਤਦਾ ਗਿਆ। ਉਸ ਨੇ ਯੂ.ਐੱਸ.ਏ. ਜੂਨੀਅਰ ਐਮੇਚਿਓਰ ਚੈਂਪੀਅਨਸ਼ਿਪ 1991, 92, 93 ਤਿੰਨ ਸਾਲ ਲਗਾਤਾਰ ਜਿੱਤੀ। ਉਦੋਂ ਉਹ ਯੂ.ਐੱਸ. ਐਮੇਚਿਓਰ ਗੋਲ਼ਫ ਚੈਂਪੀਅਨਸ਼ਿਪ ਜਿੱਤਣ ਵਾਲਾ ਸਭ ਤੋਂ ਛੋਟੀ ਉਮਰ ਦਾ ਖਿਡਾਰੀ ਸੀ। ਉਸ ਦੇ ਐਮੇਚਿਓਰ ਕੈਰੀਅਰ ਨੇ ਹੀ ਸੰਭਾਵਨਾ ਦਰਸਾ ਦਿੱਤੀ ਸੀ ਕਿ ਇਹ ਨੌਜਵਾਨ ਭਵਿੱਖ ਵਿੱਚ ਗੋਲ਼ਫ ਦੀ ਦੁਨੀਆ ਦਾ ਸ਼ਹਿਨਸ਼ਾਹ ਬਣੇਗਾ। ਸਕੂਲ ਦੀ ਪੜ੍ਹਾਈ ਪੂਰੀ ਕਰ ਕੇ ਉਹ ਸਟੈਨਫੋਰਡ ਯੂਨੀਵਰਸਿਟੀ ਦੇ ਕਾਲਜ ਵਿੱਚ ਦਾਖਲ ਹੋਇਆ। ਉੱਥੇ 1996 ਵਿੱਚ ਐੱਨਸੀਏਏ ਵਿਅਕਤੀਗਤ ਗੋਲ਼ਫ ਚੈਂਪੀਅਨਸ਼ਿਪ ਜਿੱਤੀ।

ਅਗਸਤ 1996 'ਚ ਉਸ ਨੇ ਪ੍ਰੋਫੈਸ਼ਨਲ ਗੋਲ਼ਫ ਵਿੱਚ ਐਂਟਰੀ ਕੀਤੀ। ਕੁਝ ਸਮੇਂ ਬਾਅਦ ਟਾਈਗਰ ਨਾਲ ਨਾਈਕ ਤੇ ਟਾਈਟਲਿਸਟ ਕੰਪਨੀਆਂ ਨੇ ਐਡ ਦੇ ਵੱਡੇ ਇਕਰਾਰਨਾਮੇ ਕੀਤੇ। (ਬਾਕੀ ਸਫ਼ਾ 27 'ਤੇ)



# ਮੇਰਾ ਦੋਸਤ, ਓਮ ਪੁਰੀ

## ਨਸੀਰੂਦੀਨ ਸ਼ਾਹ



ਕੁਝ ਲੋਕਾਂ ਨੂੰ ਸ਼ਾਇਦ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮੈਂ ਜਿਨ੍ਹਾਂ ਲੋਕਾਂ ਨੂੰ ਜਾਣਦਾ ਹਾਂ, ਓਮ ਪੁਰੀ ਉਨ੍ਹਾਂ 'ਚੋਂ ਸਭ ਤੋਂ ਮਜ਼ਾਹੀਆ ਸ਼ਖ਼ਸ ਸੀ। 'ਆਕ੍ਰੋਸ਼' ਅਤੇ 'ਅਰਧ ਸੱਤਿਆ' ਵਰਗੀਆਂ ਫਿਲਮਾਂ ਵਿਚਲੀ ਪੇਸ਼ਕਾਰੀ ਜੋ ਲੰਮਾ ਅਰਸਾ ਦੱਬੀ ਪੀੜ ਤੇ ਗੁੱਸੇ 'ਚੋਂ ਨਿਕਲੀ ਸੀ, ਉਸ ਅੰਦਰਲੀ ਇਕਮਾਤਰ ਖ਼ੂਬੀ ਨਹੀਂ ਸੀ। 'ਜਾਨੇ ਭੀ ਦੋ ਯਾਰੋ' ਅਤੇ 'ਹੇਰਾ ਫੇਰੀ' ਵਿੱਚ ਉਸ ਦੀਆਂ ਮਜ਼ਾਹੀਆ ਭੂਮਿਕਾਵਾਂ ਮਨ ਅੰਦਰ ਲੁਕੀ ਹੋਈ ਸ਼ਰਾਰਤ ਅਤੇ ਸ਼ੁਗਲਪੁਣੇ 'ਚੋਂ ਨਿਕਲੀਆਂ ਸਨ। ਇਹ ਦੋਵੇਂ ਤਰ੍ਹਾਂ ਦੀਆਂ ਪੇਸ਼ਕਾਰੀਆਂ ਉਸ ਦੇ ਅਸਲ ਖ਼ਾਸੇ 'ਚੋਂ ਉਪਜੀਆਂ ਸਨ। ਮੇਰੇ ਬੱਚੇ ਉਸ ਨੂੰ ਓਮ ਪਾਪਾ ਕਹਿੰਦੇ ਸਨ, ਉਸ ਨਾਲੋਂ ਵੀ ਜ਼ਿਆਦਾ ਮਜ਼ਾਹੀਆ ਸਿਰਫ਼ ਉਨ੍ਹਾਂ ਦੇ ਪਿਤਾ ਸਨ ਜੋ ਪ੍ਰਿਥਵੀ ਥੀਏਟਰ ਦੇ ਭੂਗੋਲ ਤੋਂ ਜਾਣੂ ਸਨ ਤੇ ਇੱਕ ਦਿਨ ਇੱਕ ਸ਼ੋਅ ਦੌਰਾਨ ਦੋ ਦੋਸਤਾਂ ਨਾਲ ਸਟੇਜ ਦੇ ਪਿਛਲੇ ਪਾਸੇ ਆਏ ਅਤੇ ਆਪ ਦਰਸ਼ਕਾਂ ਵਿੱਚ ਜਾ ਕੇ ਬੈਠ ਗਏ ਸਨ।

ਓਮ ਨੇ ਹੁਣ 75 ਸਾਲ ਦੇ ਹੋ ਜਾਣਾ ਸੀ ਅਤੇ ਅਕਸਰ ਮੈਨੂੰ ਹੈਰਤ ਹੁੰਦੀ ਹੈ ਕਿ ਉਹ ਕਿਹੋ ਜਿਹਾ ਦਿਸਦਾ। ਇੱਕ ਬੇਢਬਾ ਜਿਹਾ ਬੁੱਢਾ ਆਦਮੀ ਜਿਸ ਨੂੰ ਜ਼ਿੰਦਗੀ ਨੇ ਨਘੋਚੀ ਬਣਾ ਦਿੱਤਾ, ਜਾਂ ਕੀ ਉਹ ਉਦਾਰਤਾ, ਸੱਜਣਤਾਈ, ਦੂਜਿਆਂ ਲਈ ਵਿਚਾਰਸ਼ੀਲਤਾ, ਜ਼ਿੰਦਗੀ ਪ੍ਰਤੀ ਉਤਸ਼ਾਹ ਅਤੇ ਖੋਜ ਨੂੰ ਮੁੜ ਪ੍ਰਾਪਤ ਕਰ ਲੈਂਦਾ? ਕਹਿਣਾ ਨਾਮੁਮਕਿਨ ਹੈ, ਪਰ ਇਹ ਸੱਚ ਹੈ ਕਿ ਆਪਣੇ ਕੰਮ ਵਿੱਚ (ਸ਼ਾਇਦ ਆਪਣੀ ਜ਼ਿੰਦਗੀ ਵਿੱਚ ਵੀ) ਉਸ ਦੀ ਦਿਲਚਸਪੀ ਕਾਫ਼ੀ ਹੱਦ ਤੱਕ ਘਟ ਗਈ ਸੀ। ਮੈਨੂੰ ਇਹ ਦੇਖ ਕੇ ਦੁੱਖ ਹੋਇਆ ਕਿ ਦੇਹਾਂਤ ਤੋਂ ਪਹਿਲਾਂ ਸ਼ੁਹਰਤ ਤੇ ਮਾਇਕ ਭੋਗ ਨੇ ਉਸ ਉੱਪਰ ਆਪਣਾ ਸਪੱਸ਼ਟ ਪ੍ਰਭਾਵ ਛੱਡਣਾ ਸ਼ੁਰੂ ਕਰ ਦਿੱਤਾ ਸੀ। ਫਿਰ ਵੀ ਓਮ ਇੱਕ ਅਜਿਹਾ ਇਨਸਾਨ ਸੀ, ਜਿਸ ਨੇ ਅਣਜਾਣੇ ਹੀ ਮੈਨੂੰ ਕੰਮ ਕਰਨ ਦਾ ਰਾਹ ਦਿਖਾਇਆ ਸੀ ਜਿਸ ਲਈ ਮੈਂ ਉਸ ਦਾ ਬਹੁਤ ਰਿਣੀ ਹਾਂ।

1970 ਵਿੱਚ ਨੈਸ਼ਨਲ ਸਕੂਲ ਆਫ ਡਰਾਮਾ (ਐੱਨਐੱਸਡੀ) ਵਿੱਚ ਦਾਖ਼ਲੇ ਲਈ ਆਡੀਸ਼ਨ ਵਿੱਚ ਆਪਣੀ ਵਾਰੀ ਦੀ ਉਡੀਕ ਕਰਦਿਆਂ ਮੈਂ ਉੱਥੇ ਇੱਕ ਅਦਾਕਾਰ ਨੂੰ ਇੱਕ ਨਾਟਕ ਦੀ ਪੇਸ਼ਕਾਰੀ ਦੌਰਾਨ ਪੰਜਾਬੀ ਦੀਆਂ ਕੁਝ ਸਤਰਾਂ ਬੋਲਦਿਆਂ ਸੁਣਿਆ ਸੀ। ਉਦੋਂ ਮੈਨੂੰ ਪੰਜਾਬੀ ਦੀ ਬਹੁਤੀ ਸਮਝ ਨਹੀਂ ਸੀ ਪਰ ਇਹ ਕੁਝ ਐਸੀ ਆਵਾਜ਼ ਸੀ ਜਿਵੇਂ ਰੇਸ਼ਮ ਵਿੱਚ ਲੋਹਾ ਲਿਪਟਿਆ ਹੋਵੇ - ਅੱਖੜ ਤੇ ਸਖ਼ਤ ਜੋ ਦਰਦ ਨਾਲ ਭਿੱਜੀ ਹੋਵੇ, ਬਹੁਤ ਖਿੱਚਪਾਊ ਤੇ ਇੱਕ ਇੱਕ ਸ਼ਬਦ ਅਰਥ ਭਰਪੂਰ। ਮੈਂ ਇਹੋ ਜਿਹੀ ਉਮਦਾ ਬੋਲਚਾਲ ਪਹਿਲਾਂ ਕਦੇ ਨਹੀਂ ਸੁਣੀ ਸੀ। ਉਸ ਆਵਾਜ਼ ਦਾ ਮਾਲਕ ਆਪਣਾ ਕੰਮ ਮੁਕਾ ਚੁੱਕਿਆ ਸੀ ਤੇ ਛੇਤੀ ਹੀ ਇੱਕ ਦੁਬਲੇ ਪਤਲੇ ਸੁਡੌਲ ਸਰੀਰ, ਖੁਰਦਰੇ ਚਿਹਰੇ ਵਾਲਾ ਵਿਅਕਤੀ ਫਟੇ ਪੁਰਾਣੇ ਕੱਪੜੇ ਤੇ ਚੱਪਲਾਂ ਪਾ ਕੇ ਸਾਹਮਣੇ ਆਇਆ ਜਦੋਂਕਿ ਮੈਂ ਸ਼ੰਮੀ ਕਪੂਰ ਵਾਂਗ ਵਾਲ ਬਣਾ ਕੇ, ਬੀਟਲ ਦੇ ਜੁੱਤੇ ਤੇ ਜੀਨਸ ਪਹਿਨ ਕੇ ਅੰਦਰ ਜਾ ਰਿਹਾ ਸੀ।

ਬਹੁਤੀ ਲੰਮੀ ਕਹਾਣੀ ਨਾ ਪਾਉਂਦਿਆਂ ਮੈਂ ਇੱਥੇ ਇੰਨਾ ਹੀ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਦੋਵਾਂ ਨੇ ਹੀ ਚੋਣਕਾਰ ਕਮੇਟੀ ਨੂੰ ਪ੍ਰਭਾਵਿਤ ਕੀਤਾ। ਉਦੋਂ ਐੱਨ.ਐੱਸ.ਡੀ. ਵਿੱਚ ਕੋਈ ਹੋਸਟਲ ਨਹੀਂ ਹੁੰਦਾ ਸੀ; ਠਾਹਰ ਦਾ ਜ਼ਿੰਮਾ ਵਿਦਿਆਰਥੀਆਂ ਦਾ ਆਪਣਾ ਹੁੰਦਾ ਸੀ। ਕੁੜੀਆਂ ਨੂੰ ਲਾਗੇ ਕਾਲਜ ਹੋਸਟਲ ਮਿਲ ਗਿਆ ਸੀ ਤੇ ਮੁੰਡਿਆਂ ਨੂੰ ਪੀਜੀ ਰਿਹਾਇਸ਼ ਲੱਭਣੀ ਪੈਂਦੀ ਸੀ। ਮੇਰੀ ਚੰਗੀ ਕਿਸਮਤ ਸੀ ਕਿ ਐੱਨ.ਐੱਸ.ਡੀ. ਦੇ ਨੇੜੇ ਹੀ ਮੈਨੂੰ ਮੇਰੇ ਪਿਤਾ ਦੇ ਦੋਸਤ ਇੱਕ ਸਾਬਕਾ ਐੱਮ.ਪੀ. ਦੇ ਬੰਗਲੇ 'ਚ ਆਰਾਮਦਾਇਕ ਕਮਰਾ ਮਿਲ ਗਿਆ ਸੀ। ਮੈਂ ਹੈਰਾਨ ਸਾਂ ਕਿ ਉਹ ਦਮਦਾਰ ਆਵਾਜ਼ ਵਾਲਾ ਮੁੰਡਾ ਕਿੱਥੇ ਰਹੇਗਾ। ਛੇਤੀ ਹੀ ਮੈਨੂੰ ਪਤਾ ਲੱਗ ਗਿਆ।

ਮੈਨੂੰ ਯਕੀਨ ਸੀ ਕਿ ਅਕਾਦਮਿਕ ਸਾਲ ਦੀ ਪਹਿਲੀ ਸਵੇਰ ਉੱਥੇ ਮਿਲੇਗਾ ਅਤੇ ਯਕੀਨਨ ਉਹ ਪਟਿਆਲੇ ਤੋਂ ਆਪਣੇ ਇੱਕ ਦੋਸਤ ਨਾਲ ਉੱਥੇ ਪਹੁੰਚਿਆ ਹੋਇਆ ਸੀ ਜਿਸ ਦਾ ਨਾਂ ਸੀ ਰਾਜਿੰਦਰ ਜਸਪਾਲ। ਜਸਪਾਲ ਤਕੜੇ ਪਰ ਗੋਲ ਮਟੋਲ ਸਰੀਰ ਤੇ ਭਰਵੀਂ ਦਿੱਖ ਵਾਲਾ ਪੰਜਾਬੀ ਨੌਜਵਾਨ ਸੀ ਜਦੋਂਕਿ ਓਮ ਪਤਲੂ ਜਿਹਾ ਮੁੰਡਾ ਸੀ ਪਰ ਉਸ ਦਾ ਚਿਹਰਾ ਇੱਕ ਲੈਂਡਸਕੇਪ ਸੀ।

ਐੱਨ.ਐੱਸ.ਡੀ. ਵਿੱਚ ਸਭ ਤੋਂ ਪਹਿਲਾਂ ਮੇਰੇ ਦੋਸਤ ਬਣਨ ਵਾਲੇ ਐੱਮ ਕੇ ਰੈਨਾ, ਜਸਪਾਲ ਤੇ ਓਮ ਹੁਰੀਂ ਸਨ। ਕਨਾਟ ਪਲੇਸ ਵਿੱਚ ਘੁੰਮਦਿਆਂ ਰੈਨਾ ਨੇ ਮੈਨੂੰ ਥੀਏਟਰ, ਸਾਹਿਤ ਤੇ ਕਲਾ ਉਪਰ ਮੁਫ਼ਤ ਪਾਠ ਪੜ੍ਹਾਇਆ ਸੀ ਜਦੋਂਕਿ ਜਸਪਾਲ ਅਤੇ ਪੁਰੀ ਦੋ ਅਜਿਹੇ ਬੰਦੇ ਸਨ, ਜਿਨ੍ਹਾਂ ਨਾਲ ਮੈਂ ਆਪਣਾ ਸੁਫ਼ਨਾ ਸਾਂਝਾ ਕਰ ਸਕਦਾ ਸੀ। ਜਸਪਾਲ ਪੁਰਾਣੀ ਦਿੱਲੀ ਸਟੇਸ਼ਨ ਦੇ ਸਾਹਮਣੇ ਆਪਣੇ ਚਾਚੇ ਨਾਲ ਰਹਿੰਦਾ ਸੀ ਜੋ ਉੱਥੇ ਗਾਰਡ ਲੱਗੇ ਹੋਏ ਸਨ ਅਤੇ ਜ਼ਾਹਿਰ ਹੈ ਕਿ ਓਮ ਵੀ ਉੱਥੇ ਹੀ ਰਹਿ ਰਿਹਾ ਸੀ।



ਇਸ ਲਈ ਜਦੋਂ ਇੱਕ ਵਾਰ ਰਾਤ ਦੇ ਖਾਣੇ 'ਤੇ ਉਨ੍ਹਾਂ ਮੈਨੂੰ ਸੱਦਾ ਦਿੱਤਾ ਤਾਂ ਮੈਂ ਸੁਆਦਲੇ ਪੰਜਾਬੀ ਖਾਣੇ ਬਾਰੇ ਮਨੋ ਮਨੀ ਸੋਚ ਕੇ ਖ਼ੁਸ਼ੀ ਨਾਲ ਇਹ ਸਵੀਕਾਰ ਕਰ ਲਿਆ।

ਮੈਂ ਇਹ ਸੋਚਦਾ ਹੋਇਆ ਉੱਥੇ ਪਹੁੰਚਿਆ ਕਿ ਘਰ ਦਾ ਬਣਿਆ ਬਟਰ ਚਿਕਨ ਪਰੋਸਿਆ ਜਾਵੇਗਾ। ਜਸਪਾਲ ਕਿਤੇ ਗਿਆ ਹੋਇਆ ਸੀ ਤੇ ਖਾਣਾ ਬਣਾਉਣ ਦਾ ਜ਼ਿੰਮਾ ਓਮ ਦੇ ਹਵਾਲੇ ਸੀ। ਉਹ ਮੈਨੂੰ ਫਲੈਟ ਦੇ ਬਾਹਰਵਾਰ ਗੈਲਰੀ ਦੇ ਇੱਕ ਕੋਨੇ ਵਿੱਚ ਲੈ ਗਿਆ ਜਿੱਥੇ ਉਸ ਨੇ ਟਿਕਾਣਾ ਬਣਾ ਰੱਖਿਆ ਸੀ। ਉੱਥੇ ਧੁੱਪ, ਛਾਂ ਹੀ ਨਹੀਂ ਸਗੋਂ ਰੇਲਵੇ ਸਟੇਸ਼ਨ ਵਾਲਾ ਸਾਰਾ ਰੌਲਾ ਰੱਪਾ ਸੁਣਦਾ ਸੀ। ਉੱਥੇ ਇੱਕ ਮੰਜਾ, ਬੁੱਕਰੈਕ, ਕਿੱਲੀ 'ਤੇ ਟੰਗੇ ਕੁਝ ਕੱਪੜੇ ਅਤੇ ਮਿੱਟੀ ਦੇ ਤੇਲ ਵਾਲਾ ਸਟੋਵ ਪਿਆ ਸੀ ਜਿਸ ਉਪਰ ਕੁਝ ਰਿੱਝ ਰਿਹਾ ਸੀ। ਅੰਡਾ ਤਰੀ ਅਤੇ ਚੌਲ ਪਕਾਏ ਜਾ ਰਹੇ ਸਨ ਤੇ ਜਦੋਂ ਜਸਪਾਲ ਮੁੜਿਆ ਤਾਂ ਅਸੀਂ ਤਿੰਨਾਂ ਨੇ ਖਾਣਾ ਖਾਧਾ। ਉਸ ਦਿਨ ਮੈਂ ਜਾਣਿਆ ਕਿ ਚੰਗੇ ਖਾਣੇ ਦੀ ਗੁੱਝੀ ਸਮੱਗਰੀ ਮੋਹ ਹੁੰਦੀ ਹੈ।

ਬਾਅਦ ਵਿੱਚ 'ਭੂਮਿਕਾ', 'ਗੋਧੂਲੀ' ਅਤੇ 'ਪਾਰ' ਜਿਹੀਆਂ ਫਿਲਮਾਂ ਵਿੱਚ ਓਮ ਦਾ ਕੈਰੀਅਰ ਬਣਦਿਆਂ ਦੇਖਿਆ ਤੇ ਫਿਰ 'ਆਕ੍ਰੋਸ਼' ਨਾਲ ਤਰਥੱਲੀ ਮੱਚ ਗਈ, ਇੱਕ ਥੀਏਟਰ ਕੰਪਨੀ ਸ਼ੁਰੂ ਕੀਤੀ ਗਈ ਤੇ 'ਅਰਧ ਸੱਤਿਆ' ਅਤੇ 'ਸਿਟੀ ਆਫ ਜੌਇ' ਦੀ ਕਮਾਈ ਨਾਲ ਸਾਰੇ ਰੋਣੇ ਧੋਣੇ ਚੁੱਕੇ ਗਏ। ਫਿਰ ਕੌਮਾਂਤਰੀ ਫਿਲਮਾਂ ਵਿੱਚ ਕੰਮ ਮਿਲਣਾ ਸ਼ੁਰੂ ਹੋਇਆ ਤੇ ਜੈਕ ਨਿਕਲਸਨ ਨਾਲ ਸਿਗਰਟਨੋਸ਼ੀ ਸਾਂਝੀ ਕੀਤੀ। ਮੈਂ ਹੁਣ ਤੱਕ ਦੀ ਸਭ ਤੋਂ ਵਧੀਆ ਅੰਡਾ ਤਰੀ ਵਾਲੀ ਉਸ ਸ਼ਾਮ ਤੋਂ ਲੈ ਕੇ ਓਮ ਪੁਰੀ ਦੀ ਹੈਰਤਅੰਗੇਜ਼ ਯਾਤਰਾ ਦੇ ਜਾਦੂਈ ਯਥਾਰਥਵਾਦ ਉੱਪਰ ਆਪਣੇ ਆਪ ਨੂੰ ਹੈਰਾਨ ਹੋਣ ਤੋਂ ਰੋਕ ਨਹੀਂ ਸਕਦਾ।

ਵਿਦਿਆਰਥੀ ਵਜੋਂ ਓਮ ਸ਼ਾਂਤ, ਮਿਹਨਤੀ, ਨਿਮਰ ਤੇ ਜਗਿਆਸੂ ਸੀ; ਮੈਂ ਹੰਕਾਰੀ, ਸ਼ੇਖੀਬਾਜ਼ ਅਤੇ ਅਤਿ ਦਾ ਆਤਮ-ਵਿਸ਼ਵਾਸੀ ਸੀ - ਧਿਆਨ ਆਕਰਸ਼ਿਤ ਕਰਨ ਵਾਲਾ। ਉਹ ਰਿਹਰਸਲ ਤੋਂ ਬਾਅਦ ਹਮੇਸ਼ਾ ਆਪਣੀ ਸਕਿਰਪਟ ਦਾ ਅਧਿਐਨ ਕਰ ਰਿਹਾ ਹੁੰਦਾ ਸੀ ਜਦੋਂਕਿ ਮੈਂ ਫਿਲਮ ਦੇਖਣ ਤੁਰ ਪੈਂਦਾ ਸੀ ਜਾਂ ਸੁਪਨੇ ਦੇਖਦੇ ਹੋਏ ਇਧਰ ਉਧਰ ਘੁੰਮਦਾ ਰਹਿੰਦਾ ਸੀ। ਮੇਰਾ ਐੱਨ.ਐੱਸ.ਡੀ. ਵਿਚਲਾ ਸਮਾਂ ਬਹੁਤ ਤੇਜ਼ੀ ਨਾਲ ਬੀਤ ਗਿਆ ਪਰ ਖ਼ੁਦ ਨੂੰ ਬਿਹਤਰ ਬਣਾਉਣ ਲਈ ਇਹ ਬਹੁਤ ਕਠਿਨ ਸਮਾਂ ਸੀ। ਓਮ ਦਾ ਸ਼ਰਮੀਲਾਪਣ ਹੌਲੀ ਹੌਲੀ ਲਹਿ ਗਿਆ। ਉਸ ਦੀ ਆਵਾਜ਼ ਦੀ ਰੇਂਜ ਹੋਰ ਵਡੇਰੀ ਹੋ ਗਈ। ਉਸ ਦਾ ਮਾੜਚੂ ਜਿਹਾ ਸਰੀਰ ਭਰਨ ਲੱਗ ਪਿਆ। ਉਸ ਦੀ ਦਿੱਖ ਪ੍ਰਭਾਵਸ਼ਾਲੀ ਹੋ ਗਈ ਤੇ ਉਸ ਨੇ ਹਰ ਕਿਰਦਾਰ ਖੁੱਭ ਕੇ ਨਿਭਾਇਆ। ਉਸ ਨੇ ਪਹਿਲਾਂ ਮਿਲੇ ਕਿਰਦਾਰਾਂ ਵਿੱਚ ਵੀ ਗਹਿਰਾਈ ਪਾਈ ਸੀ ਤੇ ਹੁਣ ਤਾਂ ਉਹ ਮੋਹਰੀ ਕਿਰਦਾਰ ਨਿਭਾਅ ਰਿਹਾ ਸੀ ਜਿਸ ਨਾਲ ਉਸ ਦਾ ਆਤਮ-ਵਿਸ਼ਵਾਸ ਚਮਕਣ ਲੱਗਿਆ। ਦੂਜੇ ਬੰਨੇ, ਮੈਂ ਅਜੇ ਵੀ ਕਾਲਜ ਦੇ ਦਿਨਾਂ ਵਾਲੀ ਸ਼ੋਅਬਾਜ਼ੀ ਕਰੀ ਜਾ ਰਿਹਾ ਸੀ; ਮੈਂ ਰੱਤੀ ਭਰ ਵੀ ਅਗਾਂਹ ਨਹੀਂ ਵਧ ਸਕਿਆ ਜਦੋਂਕਿ ਓਮ ਇੱਕ ਛੋਟੇ ਜਿਹੇ ਬੂਟੇ ਤੋਂ ਵਿਸ਼ਾਲ ਬੋਹੜ ਬਣ ਗਿਆ ਸੀ। ਇਹ ਕੌੜੀ ਗੋਲੀ ਸੀ ਪਰ ਮੈਨੂੰ ਇਹ ਖਾਣੀ ਪੈਣੀ ਸੀ ਤੇ ਇਸ ਬਦਲੇ ਹੋਰ ਕਿਸੇ ਦਾ ਨਹੀਂ ਸਗੋਂ ਓਮ ਦਾ ਰਿਣੀ ਹਾਂ ਜਿਸ ਦੀਆਂ ਪੈੜਾਂ 'ਤੇ ਚੱਲਦਿਆਂ ਆਖ਼ਰਕਾਰ ਮੈਂ ਵੀ ਹੌਲੀ ਹੌਲੀ ਤਰੱਕੀ ਕਰਨੀ ਸ਼ੁਰੂ ਕੀਤੀ।

ਸਾਫ਼ ਜ਼ਾਹਿਰ ਹੈ ਕਿ ਉਸ ਦੀ ਮੌਤ ਮੇਰੇ ਲਈ ਕਿੱਡਾ ਵੱਡਾ ਘਾਟਾ ਸੀ ਤੇ ਮੈਂ ਉਸ ਦੀ ਘਾਟ ਮਹਿਸੂਸ ਕਰਦਾ ਰਹਾਂਗਾ। ਮੈਨੂੰ ਦੁੱਖ ਹੈ ਕਿ ਉਸ ਨੂੰ ਆਪਣਾ ਖ਼ਿਆਲ ਰੱਖਣਾ ਚਾਹੀਦਾ ਸੀ। ਉਸ ਦੀ ਸੰਗਤ ਤੋਂ ਮੈਂ ਬਹੁਤ ਕੁਝ ਹਾਸਿਲ ਕੀਤਾ ਸੀ ਅਤੇ ਉਹ ਹਮੇਸ਼ਾ ਮੇਰੇ ਆਦਰ ਦਾ ਪਾਤਰ ਬਣਿਆ ਰਿਹਾ। ਉਸ ਅਜੇ ਬਹੁਤ ਕੁਝ ਕਰਨਾ ਸੀ, ਬਸ਼ਰਤੇ ਉਸ ਨੂੰ ਇਹ ਪਤਾ ਹੁੰਦਾ ਕਿ ਜਦੋਂ ਜ਼ਿੰਦਗੀ 'ਚ ਤੁਹਾਡੇ 'ਤੇ ਕੋਈ ਬੁਰਾ ਵਕਤ ਆ ਪਵੇ ਤਾਂ ਉਸ ਨਾਲ ਕਿਵੇਂ ਸਿੱਝਿਆ ਜਾਣਾ ਚਾਹੀਦਾ ਹੈ।

ਸਾਹਸ, ਦਿਆਨਤਦਾਰੀ ਅਤੇ ਸਾਦਗੀ ਦੇ ਹੁੰਦੇ ਸੁੰਦੇ ਉਹ ਫਿਲਮ ਨਗਰੀ ਵਿੱਚ ਅਜਨਬੀ ਸੀ ਪਰ ਉਹ ਇਸ ਵਿੱਚ ਫਿੱਟ ਬੈਠਣ ਦੀ ਕੋਸ਼ਿਸ਼ ਕਰਦਾ ਰਿਹਾ। ਮੈਨੂੰ

ਆਸ ਹੈ ਕਿ ਉਹ ਹੁਣ ਕਿਸੇ ਜ਼ਿਆਦਾ ਖੁਸ਼ਨੁਮਾ ਜਗ੍ਹਾ 'ਤੇ ਹੋਵੇਗਾ। ਉਸ ਬਾਰੇ ਸੋਚਦਿਆਂ ਜ਼ਿਹਨ 'ਚ ਇਹੋ ਆਉਂਦਾ ਹੈ:

ਲਾਜ਼ਿਮ ਥਾ ਕਿ ਦੇਖੋ ਮੇਰਾ
ਰਸਤਾ ਕੋਈ ਦਿਨ ਔਰ
ਤਨਹਾ ਗਏ ਕਯੂੰ, ਅਬ ਰਹੋ
ਤਨਹਾ ਕੋਈ ਦਿਨ ਔਰ।



## ਕੀ ਜ਼ੇਨ-ਜ਼ੀ ਵਰਗਾ ਹੈ ਪੰਜਾਬ ਯੂਨੀਵਰਸਿਟੀ ਦਾ ਅੰਦੋਲਨ ?

ਇਹ ਪੰਜਾਬ ਦੇ ਪਾਣੀ, ਚੰਡੀਗੜ੍ਹ ਅਤੇ ਹੋਰ ਹੱਕਾਂ ਦੀ ਲੜਾਈ ਹੈ। ਸਾਡੇ ਨਾਲ ਠੱਗੀ ਹੋਈ ਹੈ। ਇਸ ਮੌਕੇ ਦਲ ਖ਼ਾਲਸਾ, ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਬਸਪਾ ਵਰਗੀਆਂ ਜਥੇਬੰਦੀਆਂ ਵੀ ਪਹੁੰਚੀਆਂ ਹਨ। ਰਾਜਨੀਤਿਕ ਵਿਗਿਆਨੀ ਪ੍ਰੋ. ਮੁਹੰਮਦ ਖ਼ਾਲਿਦ ਨੇ ਕਿਹਾ, 'ਮੇਰੇ 46 ਸਾਲਾਂ ਦੇ ਤਜਰਬੇ ਵਿੱਚ ਅਜਿਹਾ ਵੱਡਾ ਪ੍ਰਦਰਸ਼ਨ ਨਹੀਂ ਵੇਖਿਆ। ਇਹ ਭਾਵਨਾਤਮਕ ਜੁੜਾਅ ਹੈ - ਯੂਨੀਵਰਸਿਟੀ ਪੰਜਾਬ ਦਾ ਇਤਿਹਾਸਕ ਹਿੱਸਾ ਹੈ। ਕੇਂਦਰ ਨੂੰ ਨੋਟੀਫ਼ਿਕੇਸ਼ਨ ਜਾਰੀ ਕਰਨਾ ਚਾਹੀਦਾ ਹੈ।'

ਬੁੱਧੀਜੀਵੀ ਪਿਆਰੇ ਲਾਲ ਗਰਗ ਨੇ ਇਸ ਨੂੰ 'ਪੰਜਾਬ ਦੀ ਖੁਦਮੁਖ਼ਤਿਆਰੀ ਅਤੇ ਆਰ.ਐੱਸ.ਐੱਸ. ਏਜੰਡੇ ਵਿਰੁੱਧ ਵਿਦਰੋਹ' ਕਿਹਾ।

### ਕੀ ਇਹ ਅੰਦੋਲਨ ਜੈਨ ਜੀ ਵਰਗਾ ਹੈ ?

ਇਹ ਅੰਦੋਲਨ ਸਿਰਫ਼ ਲੋਕਲ ਨਹੀਂ - ਇਹ ਏਸ਼ੀਆ ਵਿੱਚ ਫ਼ੈਲ ਰਹੇ ਜ਼ੈਨ-ਜ਼ੀ ਅੰਦੋਲਨ ਵਰਗਾ ਲੱਗਦਾ ਹੈ।

ਹਾਲ ਹੀ ਵਰ੍ਹਿਆਂ ਵਿੱਚ ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਅਤੇ ਫ਼ਿਲੀਪੀਨਜ਼ ਵਿੱਚ ਨੌਜਵਾਨਾਂ ਨੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਖ਼ਰਾਬ ਸ਼ਾਸਨ ਵਿਰੁੱਧ ਵੱਡੇ ਅੰਦੋਲਨ ਖੜ੍ਹੇ ਕੀਤੇ ਹਨ। ਨੇਪਾਲ ਵਿੱਚ ਸਤੰਬਰ 2025 ਦੇ ਵਿਰੋਧ ਨੇ ਸਰਕਾਰ ਡੇਗ ਦਿੱਤੀ ਸੀ, ਜਦਕਿ ਲੱਦਾਖ ਵਿੱਚ ਰਾਜਸਥਾਨ ਵਰਗੀ ਸਥਿਤੀ ਦੀ ਮੰਗ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਸੀ। ਇਹ ਅੰਦੋਲਨ ਸੋਸ਼ਲ ਮੀਡੀਆ - ਟਿਕਟੌਕ, ਐਕਸ (ਪਹਿਲਾਂ ਟਵਿੱਟਰ) - ਨਾਲ ਫ਼ੈਲਦੇ ਹਨ, ਜਿੱਥੇ ਨੌਜਵਾਨ ਤੇਜ਼ੀ ਨਾਲ ਜੁੜਦੇ ਹਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਅਜੇ ਤੱਕ ਅਜਿਹਾ ਵਿਆਪਕ ਵਿਦਰੋਹ ਨਹੀਂ ਹੋਇਆ, ਪਰ 37 ਕਰੋੜ ਨੌਜਵਾਨਾਂ (25 ਸਾਲ ਤੋਂ ਘੱਟ ਉਮਰ ਵਾਲੇ) ਵਿੱਚ ਵਧਦੀ ਨਿਰਾਸ਼ਾ ਖ਼ਤਰਨਾਕ ਸੰਕੇਤ ਦੇ ਰਹੀ ਹੈ। 8 ਫ਼ੀਸਦੀ ਬੇਰੁਜ਼ਗਾਰੀ, ਨੌਕਰੀ ਘੋਟਾਲੇ ਅਤੇ ਕੇਂਦਰ-ਰਾਜ ਵਿਚਕਾਰ ਵਿਤਕਰੇ ਨੇ ਬੇਚੈਨੀ ਵਧਾ ਦਿੱਤੀ ਹੈ। ਕਰਨਾਟਕ ਅਤੇ ਉੱਤਰਾਖੰਡ ਵਿੱਚ ਵਿਦਿਆਰਥੀ ਵਿਰੋਧ ਇਸ ਦੇ ਚਿੰਨ੍ਹ ਹਨ। ਕੀ ਪੀ.ਯੂ. ਦਾ ਅੰਦੋਲਨ ਇਸ ਕ੍ਰਾਂਤੀ ਦੀ ਪਹਿਲੀ ਕੜੀ ਹੈ ? ਸਿਆਸੀ ਮਾਹਿਰ ਕਹਿੰਦੇ ਹਨ, ਹਾਂ - ਕਿਉਂਕਿ ਇਹ ਨਾ ਸਿਰਫ਼ ਸਿੱਖਿਆ ਨਾਲ ਜੁੜਿਆ, ਸਗੋਂ ਫ਼ੈਡਰਲ ਮੁੱਦਿਆਂ ਨੌਜਵਾਨਾਂ ਦੀ ਬੇਚੈਨੀ ਨਾਲ ਵੀ ਜੁੜ ਗਿਆ ਹੈ।

ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਹਾਲ ਹੀ ਵਿੱਚ ਦਿੱਤਾ ਭਾਸ਼ਣ ਇਸ ਚਿੰਤਾ ਨੂੰ ਖੁੱਲ੍ਹ ਕੇ ਬਿਆਨ ਕਰਦਾ ਹੈ। ਨਵੰਬਰ 2025 ਵਿੱਚ ਦਿੱਤੇ ਭਾਸ਼ਣ ਵਿੱਚ ਉਨ੍ਹਾਂ ਨੇ ਗੁਆਂਢੀ ਦੇਸ਼ਾਂ ਵਿੱਚ 'ਗੈਰ-ਸੰਵਿਧਾਨਕ ਸੱਤਾ ਪਰਿਵਰਤਨ' ਨੂੰ ਖ਼ਰਾਬ ਸ਼ਾਸਨ ਦਾ ਨਤੀਜਾ ਦੱਸਿਆ। ਉਨ੍ਹਾਂ ਕਿਹਾ, 'ਕੋਈ ਸ਼ਕਤੀ ਉਸ ਰਾਸ਼ਟਰ ਦੀ ਰਾਖੀ ਨਹੀਂ ਕਰ ਸਕਦੀ ਜਿੱਥੇ ਲੋਕ ਸ਼ਾਸਨ ਵਿੱਚ ਵਿਸ਼ਵਾਸ ਗੁਆ ਬੈਠਣ।' ਡੋਵਾਲ ਮੁਤਾਬਕ, ਲੋਕਤੰਤਰ 'ਦਲਗਤ ਰਾਜਨੀਤੀ' ਅਤੇ 'ਵੰਡ' ਪੈਦਾ ਕਰਦੀ ਹੈ, ਜਿੱਥੇ 25 ਫ਼ੀਸਦੀ ਸਮਰਥਨ ਨਾਲ ਸੱਤਾ ਹਾਸਲ ਕਰਨ ਲਈ ਸਮਾਜ ਨੂੰ ਟੁਕੜਿਆਂ ਵਿੱਚ ਵੰਡਿਆ ਜਾਂਦਾ ਹੈ। ਉਹ ਜ਼ੈਨ-ਜ਼ੀ ਅੰਦੋਲਨਾਂ ਨੂੰ 'ਨਕਾਰਾਤਮਕ ਧਾਰਨਾਵਾਂ' ਨਾਲ ਜੋੜਦੇ ਹਨ, ਜੋ ਵਿਦੇਸ਼ੀ ਏਜੰਸੀਆਂ ਜਾਂ ਅੰਦਰੂਨੀ ਆਲੋਚਕਾਂ ਤੋਂ ਆਉਂਦੀਆਂ ਹਨ ਅਤੇ ਨੌਜਵਾਨਾਂ ਨੂੰ ਉਤੇਜਿਤ ਕਰ ਸਕਦੀਆਂ ਹਨ। ਡੋਵਾਲ ਸਰਕਾਰੀ ਨੀਤੀਆਂ ਨੂੰ ਲੋਕ ਪੱਖੀ ਬਣਾਉਣ ਅਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਉੱਤੇ ਜ਼ੋਰ ਦਿੰਦੇ ਹਨ। ਉਨ੍ਹਾਂ ਨੇ ਮੋਦੀ ਸਰਕਾਰ ਦੀਆਂ 'ਕਾਮਯਾਬੀਆਂ' - ਭ੍ਰਿਸ਼ਟਾਚਾਰ ਉੱਤੇ ਲਗਾਮ ਅਤੇ ਪਾਰਦਰਸ਼ਿਤਾ ਨੂੰ ਗਿਣਾਇਆ ਹੈ, ਪਰ ਨਕਾਰਾਤਮਕ ਧਾਰਨਾਵਾਂ ਨੂੰ ਚੁਣੌਤੀ ਦੇਣ ਵਾਲੀ 'ਪ੍ਰਭਾਵੀ ਰਣਨੀਤੀ' ਦੀ ਪੈਰਵੀ ਕੀਤੀ। ਡੋਵਾਲ ਜਾਣਦੇ ਹਨ ਕਿ ਪ੍ਰਚਾਰ ਤੰਤਰ (ਮੀਡੀਆ ਮੈਨੇਜ਼ਮੈਂਟ) ਕਮਜ਼ੋਰ ਪੈ ਰਿਹਾ ਹੈ ਅਤੇ ਜ਼ਮੀਨੀ ਹਕੀਕਤ ਕੁਝ ਹੋਰ ਹੈ। ਉਹ ਸੁਧਾਰਾਂ ਉੱਤੇ ਜ਼ੋਰ ਦਿੰਦੇ ਹਨ।

### ਭਾਰਤ ਸਰਕਾਰ ਦਾ ਸੰਕਟ ਕੀ ਹੈ, ਕੀ ਸੁਧਾਰ ਦੀ ਲੋੜ ?

ਜ਼ਮੀਨੀ ਹਕੀਕਤਾਂ ਬਹੁਤ ਸਖ਼ਤ ਹਨ। 2014 ਵਿੱਚ 'ਅੱਛੇ ਦਿਨਾਂ' ਦੇ ਵਾਅਦੇ ਤੋਂ ਬਾਅਦ, ਅੱਜ ਨੌਜਵਾਨਾਂ ਵਿੱਚ ਨਿਰਾਸ਼ਾ ਵਧ ਰਹੀ ਹੈ। ਪੁਲ ਡਿੱਗਣਾ, ਟਰੇਨ ਹਾਦਸੇ, ਟਰੰਪ ਦੇ ਟੈਰਿਫ਼ ਵਾਰ ਅਤੇ ਐਚ-1ਬੀ ਵੀਜ਼ਾ ਵਿਵਾਦ ਨੇ 'ਵਿਕਾਸ ਕਥਾ' ਦੀ ਮਿਥ ਨੂੰ ਭੰਨ ਦਿੱਤਾ ਹੈ। ਬੇਰੁਜ਼ਗਾਰੀ ਦਰ 8 ਫ਼ੀਸਦੀ ਤੋਂ ਵੱਧ ਹੈ, ਅਤੇ ਨੌਕਰੀ ਘੋਟਾਲੇ ਨੇ ਨੌਜਵਾਨਾਂ ਨੂੰ ਨਿਰਾਸ਼ ਕੀਤਾ ਹੈ। 2024 ਚੋਣਾਂ ਵਿੱਚ ਭਾਜਪਾ ਨੂੰ ਨੁਕਸਾਨ ਹੋਇਆ, ਜੋ ਇਸ ਨਿਰਾਸ਼ਾ ਦਾ ਨਤੀਜਾ ਸੀ। ਕੇਂਦਰ-ਰਾਜ ਵਿਚਕਾਰ ਵਿਤਕਰੇ - ਜਿਵੇਂ ਪੰਜਾਬ ਨੂੰ ਵਧੇਰੇ ਫ਼ੰਡ ਨਾ ਦੇਣਾ - ਨੇ ਰਾਜਾਂ ਵਿੱਚ ਬੇਚੈਨੀ ਵਧਾ ਦਿੱਤੀ ਹੈ। ਪੀ.ਯੂ. ਵਰਗੇ ਅੰਦੋਲਨ ਇਸ ਨੂੰ ਕੌਮਾਂਤਰੀ ਰੰਗ ਦਿੰਦੇ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਸਰਕਾਰ ਤਾਨਾਸ਼ਾਹੀ ਨਾਲ ਅੰਦੋਲਨਾਂ ਨੂੰ ਹਮੇਸ਼ਾ ਨਹੀਂ ਦਬਾ ਸਕਦੀ - ਲੋਕ ਪੱਖੀ ਨੀਤੀਆਂ ਅਪਣਾਉਣੀਆਂ ਪੈਣਗੀਆਂ।

### ਵਿਦਿਆ ਦੇ ਭਗਵੇਂਕਰਨ ਵਿਰੁੱਧ ਵਿਦਿਆਰਥੀ ਅੰਦੋਲਨ ਤੇ ਸਟੇਟ ਦੀ ਨੀਤੀ

ਚੰਡੀਗੜ੍ਹ ਦੀਆਂ ਘਟਨਾਵਾਂ ਨੇ ਕੇਂਦਰੀ ਹੁਕਮਰਾਨ ਧਿਰ ਨੂੰ ਓਨਾ ਹੀ ਖਿਝਾਇਆ ਹੋਇਆ ਹੈ ਜਿੰਨਾ ਇਸ ਨੂੰ ਲੱਦਾਖੀਆਂ ਦੀ ਸਟੇਟਹੁੱਡ ਵਾਲੀ ਤਹਿਰੀਕ ਨੇ ਪਰੇਸ਼ਾਨ ਕਰ ਰਖਿਆ ਸੀ। ਪੰਜਾਬ ਦੀ ਜਵਾਨੀ ਦੇ ਅੱਜ ਵਾਲੇ ਮਹਾਂ ਸੰਮੇਲਨ ਦੀ ਮਹਾਨਤਾ ਇਸ ਗਲ ਵਿਚ ਹੈ ਕਿ ਇਹ, ਕਿਸਾਨ ਤਹਿਰੀਕ ਤੋਂ ਬਾਅਦ, ਹੋ ਰਿਹਾ ਪਹਿਲਾ ਵੱਡਾ ਰਾਜਸੀ ਐਕਸ਼ਨ ਹੈ। ਵਿਦਿਆ ਦੇ ਭਗਵੇਂਕਰਨ ਵਿਰੁੱਧ ਭਾਰਤ ਦੇ ਕਿਸੇ ਯੂਨੀਵਰਸਿਟੀ ਕੈਂਪਸ ਉੱਪਰ ਸੰਘ ਪਰਿਵਾਰ ਨੂੰ ਅਜਿਹੇ ਕਿਸੇ ਖੁੱਲ੍ਹੇ ਹਮਲੇ ਦਾ ਸਾਹਮਣਾ ਨਹੀ ਕਰਨਾ ਪਿਆ।

ਪੰਜਾਬ ਵਿਚੋਂ ਉਭਰ ਰਹੇ ਇਸ 'ਖਤਰੇ' ਦੀਆਂ ਜੜ੍ਹਾਂ ਤਰਨ ਤਾਰਨ ਦੀ ਚੋਣ ਮੁਹਿੰਮ ਵਿੱਚ ਵਾਰਸ ਪੰਜਾਬ ਵਾਲੇ ਨੌਜਵਾਨਾਂ ਦੀ ਤਹਿਰੀਕ ਨੂੰ ਵੇਖਿਆ ਜਾ ਰਿਹਾ ਹੈ। ਸੰਘ ਪਰਿਵਾਰ ਅਤੇ ਬਾਦਲ ਅਕਾਲੀ ਦਲ ਦੋਵੇਂ ਇਸ ਸਥਿਤੀ ਨੂੰ ਬਹੁਤ ਖਤਰਨਾਕ ਰੁਝਾਨ ਵੇਖਦੇ ਹਨ। ***

## ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਲੈ ਕੇ

ਪੁੰਛ ਦੇ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨਰਿੰਦਰ ਸਿੰਘ ਕਹਿੰਦੇ ਨੇ, ਸਾਡੀ ਵਸੋਂ ਕਾਫ਼ੀ ਹੈ, ਪਰ ਰਾਜਨੀਤਿਕ ਪ੍ਰਤੀਨਿੱਧਤਾ ਹੱਕ ਮੁਤਾਬਕ ਨਹੀਂ ਮਿਲੀ। ਪੁਲਿਸ ਵਿੱਚ ਵੱਡੇ ਅਹੁਦੇ ਘੱਟ, ਘੱਟ-ਗਿਣਤੀ ਵਾਲੇ ਲਾਭ ਨਹੀਂ ਮਿਲ ਰਹੇ। ਸਾਡੇ ਬੱਚੇ ਪੜ੍ਹ ਲਿਖ ਕੇ ਦਿੱਲੀ ਜਾਂ ਵਿਦੇਸ਼ਾਂ ਵਿੱਚ ਜਾ ਰਹੇ ਨੇ, ਜਿਸ ਨਾਲ ਸਾਡੀ ਗਿਣਤੀ ਤੇ ਪ੍ਰਭਾਵ ਘਟ ਰਿਹਾ ਹੈ।

ਕੋਮਲ ਜੀ.ਬੀ. ਸਿੰਘ ਅੱਗੇ ਕਹਿੰਦੇ ਨੇ, ਇੱਥੇ ਨੌਜਵਾਨਾਂ ਲਈ ਮੌਕੇ ਘੱਟ ਨੇ, ਇਸ ਲਈ ਸਿੱਖਾਂ ਦੀ ਹੋਂਦ ਉੱਤੇ ਸਵਾਲ ਉੱਠ ਰਹੇ ਨੇ। ਸਾਡੇ ਨੌਜਵਾਨ ਬਾਹਰ ਜਾ ਰਹੇ ਨੇ ਅਤੇ ਵਾਦੀ ਵਿੱਚ ਸਿਰਫ਼ ਬਜ਼ੁਰਗ ਰਹਿ ਗਏ ਨੇ। ਲੋਕਾਂ ਨੂੰ ਡਰ ਹੈ ਕਿ ਅਗਲੇ 10-20 ਸਾਲਾਂ ਵਿੱਚ ਸਾਡੀ ਹੋਂਦ ਹੀ ਖ਼ਤਮ ਨਾ ਹੋ ਜਾਵੇ। ਸ਼ੰਮੀ ਓਬਰਾਏ ਦਾ ਰਾਜ ਸਭਾ ਜਾਣਾ ਇੱਕ ਵਧੀਆ ਕਦਮ ਹੈ, ਪਰ ਉਹ ਚੁਣੇ ਹੋਏ ਨਹੀਂ। ਕੋਮਲ ਜੀ.ਬੀ. ਸਿੰਘ ਕਹਿੰਦੇ ਨੇ, ਜੇਕਰ ਸਿੱਖ ਆਗੂ ਚੁਣੇ ਨਹੀਂ ਜਾ ਰਹੇ ਤਾਂ ਇਸ ਦਾ ਮਤਲਬ ਹੈ ਕਿ ਗਰਾਊਂਡ 'ਤੇ ਬਹੁਤ ਸਾਰੇ ਗੈਪ ਨੇ। ਭਾਰਤ ਵਿੱਚ ਅਜੇ ਵੀ ਵੋਟ ਜਾਤ, ਜਮਾਤ ਤੇ ਧਰਮ ਦੇ ਨਾਂਅ ਉੱਤੇ ਪੈਂਦੀ ਹੈ। ਮੌਜੂਦਾ ਸਮੇਂ ਵਿੱਚ ਵਿਧਾਨ ਸਭਾ ਵਿੱਚ ਸਿੱਖ ਭਾਈਚਾਰੇ ਨਾਲ ਸਬੰਧਤ ਇੱਕ ਵਿਧਾਇਕ ਨਰਿੰਦਰ ਸਿੰਘ ਰੈਣਾ ਨੇ, ਜੋ ਬੀ.ਜੇ.ਪੀ. ਦੇ ਆਰ.ਐੱਸ.ਪੁਰਾ, ਜੰਮੂ ਦੱਖਣ ਤੋਂ 2024 ਵਿੱਚ ਚੁਣੇ ਗਏ ਸਨ। ਉਹ ਕਹਿੰਦੇ ਨੇ, ਹਾਲਾਂਕਿ ਅਸੀਂ 2 ਫੀਸਦੀ ਤੋਂ ਘੱਟ ਹਾਂ, ਪਰ ਰਾਜਨੀਤਿਕ ਪਾਰਟੀਆਂ ਟਿਕਟ ਦਿੰਦੀਆਂ ਨੇ। ਸ਼ੰਮੀ ਓਬਰਾਏ ਵੀ ਚੁਣੇ ਗਏ ਨੇ। ਮੈਂ ਵਿਧਾਇਕ ਹਾਂ। ਇਸ ਤੋਂ ਪਹਿਲਾਂ ਮਨਜੀਤ ਸਿੰਘ ਜੀ ਪੀ.ਡੀ.ਪੀ. ਸਰਕਾਰ ਵਿੱਚ ਮੰਤਰੀ ਰਹੇ ਹਨ।

### ਪੰਜਾਬੀ ਭਾਸ਼ਾ ਦਾ ਮੁੱਦਾ ਤੇ ਸਿੱਖੀ ਪਛਾਣ

ਕਸ਼ਮੀਰੀ ਸਿੱਖ ਪੰਜਾਬੀ, ਪਹਾੜੀ, ਹਿੰਦਕੋ ਤੇ ਕਸ਼ਮੀਰੀ ਭਾਸ਼ਾਵਾਂ ਬੋਲਦੇ ਨੇ। ਨਰਿੰਦਰ ਸਿੰਘ ਕਹਿੰਦੇ ਨੇ, ਕਿਸੇ ਸਮੇਂ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਸੀ, ਪਰ ਇਸ ਨੂੰ ਜਾਣ-ਬੁੱਝ ਕੇ ਖ਼ਤਮ ਕਰ ਦਿੱਤਾ ਗਿਆ। ਇਹ ਮੁੱਦਾ ਸਿੱਖ ਪਛਾਣ ਨਾਲ ਜੁੜਿਆ ਹੈ। ਪੰਜਾਬੀ ਨੂੰ ਵਾਦੀ ਵਿੱਚ ਮੁੜ ਲਾਜ਼ਮੀ ਕਰਨ ਦੀ ਮੰਗ ਲੰਮੇ ਸਮੇਂ ਤੋਂ ਚੱਲ ਰਹੀ ਹੈ।

ਸਿੱਖ ਭਾਈਚਾਰਾ ਕੇਂਦਰ ਸਰਕਾਰ ਤੋਂ ਮੰਗ ਕਰ ਰਿਹਾ ਹੈ ਕਿ ਸਿੱਖਾਂ ਨੂੰ ਕਸ਼ਮੀਰੀ ਪੰਡਤਾਂ ਵਾਂਗ ਪੁਨਰਵਾਸ ਤੇ ਹੱਕ ਮਿਲਣ, ਰਾਜਨੀਤਿਕ ਪ੍ਰਤੀਨਿੱਧਤਾ ਵਿੱਚ ਵਾਧਾ ਹੋਵੇ, ਸਰਕਾਰੀ ਨੌਕਰੀਆਂ ਵਿੱਚ ਘੱਟ-ਗਿਣਤੀ ਕੋਟਾ ਹੋਵੇ, ਨੌਜਵਾਨਾਂ ਲਈ ਰੁਜ਼ਗਾਰ ਤੇ ਵਪਾਰਕ ਮੌਕੇ ਮਿਲਣ। ਪੰਜਾਬੀ ਭਾਸ਼ਾ ਨੂੰ ਸਿੱਖਿਆ ਵਿੱਚ ਮੁੜ ਸਥਾਨ ਮਿਲੇ।

ਕਸ਼ਮੀਰੀ ਸਿੱਖਾਂ ਦੀ ਸਾਖੀ ਸਿਰਫ਼ ਇਤਿਹਾਸ ਨਹੀਂ, ਇੱਕ ਜਿਊਂਦੀ ਜਾਗਦੀ ਦਾਸਤਾਨ ਹੈ - ਜਿਸ ਨੂੰ ਸਮਝਣਾ ਤੇ ਸੁਣਨਾ ਸਾਡਾ ਸਭਨਾਂ ਦਾ ਫ਼ਰਜ਼ ਹੈ।

***

## ਸਿਹਤ ਸਮੱਸਿਆਵਾਂ ਵਾਲੇ ਪਰਵਾਸੀਆਂ ਨੂੰ ਹੁਣ ਅਮਰੀਕਾ

ਸਲੀਪ ਐਪਨੀਆ ਅਤੇ ਹਾਈ ਬਲੱਡ ਪ੍ਰੈਸ਼ਰ ਦਾ ਕਾਰਨ ਬਣ ਸਕਦੀ ਹੈ।

ਰਿਪੋਰਟ ਅਨੁਸਾਰ ਨਵੀਂਆਂ ਸੇਧਾਂ ਵੀਜ਼ਾ ਅਧਿਕਾਰੀਆਂ ਨੂੰ ਕਈ ਨਵੇਂ ਕਾਰਨਾਂ ਕਰਕੇ ਅਮਰੀਕਾ ਵਿੱਚ ਦਾਖਲ ਹੋਣ ਲਈ ਅਯੋਗ ਸਮਝਣ ਲਈ ਨਿਰਦੇਸ਼ਿਤ ਕਰਦਾ ਹੈ, ਜਿਸ ਵਿੱਚ ਉਮਰ ਜਾਂ ਸੰਭਾਵਨਾ ਸ਼ਾਮਲ ਹੈ ਕਿ ਉਹ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦੇ ਹਨ।

ਇਹ ਸੇਧ ਵੀਜ਼ਾ ਅਧਿਕਾਰੀਆਂ ਨੂੰ ਪਰਿਵਾਰਕ ਮੈਂਬਰਾਂ, ਜਿਨ੍ਹਾਂ ਵਿੱਚ ਬੱਚੇ ਜਾਂ ਬਜ਼ੁਰਗ ਮਾਪੇ ਸ਼ਾਮਲ ਹਨ, ਦੀ ਸਿਹਤ 'ਤੇ ਵਿਚਾਰ ਕਰਨ ਲਈ ਵੀ ਨਿਰਦੇਸ਼ਿਤ ਕਰਦੀ ਹੈ।

ਟਰੰਪ ਪ੍ਰਸ਼ਾਸਨ ਦੁਆਰਾ ਇਮੀਗਰੇਸ਼ਨ 'ਤੇ ਵਧ ਰਹੀ ਸਖ਼ਤ ਕਾਰਵਾਈ ਦੇ ਵਿਚਕਾਰ ਇਹ ਹੁਕਮ ਦਿੱਤੇ ਗਏ ਹਨ।

***

## ਅਮਰੀਕਾ ਨੇ ਪ੍ਰਮਾਣੂ ਟੈਸਟਿੰਗ ਸ਼ੁਰੂ ਕਰਨ

2,100 ਹਥਿਆਰ ਹਾਈ ਅਲਰਟ 'ਤੇ ਸਿਪਰੀ ਦੀ ਯੀਅਰਬੁੱਕ 2025 ਦਾਅਵਾ ਕਰਦੀ ਹੈ ਕਿ ਇਹ ਸਾਰੇ ਦੇਸ਼ ਪ੍ਰਮਾਣੂ ਆਧੁਨਿਕੀਕਰਨ ਪ੍ਰੋਗਰਾਮ 2024 ਨੂੰ ਵੀ ਅਪਨਾ ਰਹੇ ਹਨ, ਜੋ ਆਪਣੇ ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਕਰ ਰਹੇ ਹਨ। 12,241 ਪ੍ਰਮਾਣੂ ਹਥਿਆਰਾਂ ਵਿੱਚੋਂ, 3,912 ਮਿਜ਼ਾਈਲਾਂ ਅਤੇ ਹਵਾਈ ਜਹਾਜ਼ਾਂ 'ਤੇ ਤਾਇਨਾਤ ਹਨ। ਇਸ ਦੌਰਾਨ, 2,100 ਹਥਿਆਰ ਬੈਲਿਸਟਿਕ ਮਿਜ਼ਾਈਲਾਂ 'ਤੇ ਹਾਈ ਅਲਰਟ 'ਤੇ ਹਨ।

ਹਾਲਾਂਕਿ, ਸਿਪਰੀ ਰਿਪੋਰਟ ਦਾ ਦਾਅਵਾ ਹੈ ਕਿ ਦੁਨੀਆ ਵਿੱਚ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਘੱਟ ਗਈ ਹੈ। ਅਮਰੀਕਾ ਅਤੇ ਰੂਸ ਸਮੇਤ ਬਹੁਤ ਸਾਰੇ ਦੇਸ਼ ਪੁਰਾਣੇ ਹਥਿਆਰਾਂ ਨੂੰ ਖਤਮ ਕਰ ਰਹੇ ਹਨ। ਹਾਲਾਂਕਿ, ਹਰ ਸਾਲ ਨਸ਼ਟ ਕੀਤੇ ਗਏ ਹਥਿਆਰਾਂ ਦੀ ਗਿਣਤੀ ਦੀ ਥਾਂ ਨਵੇਂ ਹਥਿਆਰ ਲੈਂਦੇ ਹਨ।

***

## 'ਗੰਨ ਕਲਚਰ'

ਆਮ ਲੋਕ ਹਥਿਆਰਾਂ 'ਤੇ ਰੋਕ ਲਗਾਉਣ ਦੇ ਹੱਕ 'ਚ ਹਨ, ਪਰ ਆਪਣੇ ਸਵਾਰਥੀ ਹਿੱਤਾਂ ਕਾਰਨ ਅਮਰੀਕਾ 'ਚ ਹਥਿਆਰਾਂ ਦੀ ਤਾਕਤਵਰ ਲਾਬੀ ਅਤੇ ਸਿਆਸਤ ਨਾਲ ਜੁੜੇ ਲੋਕ ਇਸ 'ਤੇ ਰੋਕ ਨਹੀਂ ਲੱਗਣ ਦਿੰਦੇ। ਜਦੋਂ ਵੀ ਬੰਦੂਕ ਕਲਚਰ ਨੂੰ ਕੰਟਰੋਲ ਕਰਨ ਦਾ ਮੁੱਦਾ ਉੱਠਦਾ ਹੈ ਤਾਂ ਹਥਿਆਰ ਚੁੱਕਣ ਦੇ ਸੰਵਿਧਾਨਕ ਅਧਿਕਾਰ ਦੀ ਕੱਟੜ ਸਮਰਥਕ ਮੰਨੀ ਜਾਂਦੀ 'ਰਿਪਬਲਿਕਨ ਪਾਰਟੀ' ਦੇ ਆਗੂ ਅਤੇ ਉਨ੍ਹਾਂ ਦੇ ਸਮਰਥਕ ਇਸ ਦਾ ਵਿਰੋਧ ਕਰਦੇ ਹਨ, ਜਿਸ ਦੇ ਸਾਹਮਣੇ ਡੈਮੋਕ੍ਰੇਟਿਕ ਪਾਰਟੀ ਬੇਵੱਸ ਹੋ ਜਾਂਦੀ ਹੈ।

ਅਮਰੀਕਾ ਆਪਣੇ ਬੰਦੂਕ ਸੱਭਿਆਚਾਰ 'ਤੇ ਕਾਬੂ ਪਾਉਣ ਵਿੱਚ ਅਸਮਰੱਥ ਹੈ। ਜਨਤਕ ਥਾਂਵਾਂ, ਸਕੂਲਾਂ, ਸੰਗੀਤ ਸਮਾਰੋਹਾਂ ਅਤੇ ਹੋਰ ਥਾਵਾਂ 'ਤੇ ਰੋਜ਼ਾਨਾ ਗੋਲੀਬਾਰੀ ਦੀ ਆਵਾਜ਼ ਸੁਣਾਈ ਦਿੰਦੀ ਹੈ। ਨਤੀਜੇ ਵਜੋਂ, ਸੰਯੁਕਤ ਰਾਜ ਅਮਰੀਕਾ ਵਿੱਚ ਇਹ ਬੰਦੂਕ ਸੱਭਿਆਚਾਰ ਸੰਯੁਕਤ ਰਾਜ ਅਮਰੀਕਾ ਲਈ ਇੱਕ ਆਤਮਘਾਤੀ ਦਸਤਾ ਸਾਬਤ ਹੋ ਰਿਹਾ ਹੈ। ਨਤੀਜੇ ਵਜੋਂ, ਅਮਰੀਕਾ ਵਿੱਚ ਹਰ ਰੋਜ਼ 53 ਲੋਕਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਹੋਣ ਵਾਲੇ ਸਾਰੇ ਕਤਲਾਂ ਦਾ 79 ਪ੍ਰਤੀਸ਼ਤ ਬੰਦੂਕਾਂ ਦਾ ਹੈ। ਅਮਰੀਕਾ ਦੀ ਕੁੱਲ ਆਬਾਦੀ ਲਗਭਗ 330 ਮਿਲੀਅਨ ਹੈ, ਜਦੋਂ ਕਿ ਇੱਥੇ ਨਿੱਜੀ ਹਥਿਆਰਾਂ ਦੀ ਗਿਣਤੀ 390 ਮਿਲੀਅਨ ਹੈ।

ਅਮਰੀਕਾ ਸਰਕਾਰ ਵੱਲੋਂ ਹੀ ਕਰਵਾਏ ਗਏ ਇੱਕ ਅਧਿਐਨ ਵਿੱਚ ਇਹ ਤੱਥ ਸਾਹਮਣੇ ਆਇਆ ਸੀ ਕਿ ਅਮਰੀਕਾ ਵਿੱਚ ਸਤਾਰਾਂ ਸਾਲ ਤੋਂ ਘੱਟ ਉਮਰ ਦੇ ਕਰੀਬ ਤੇਰਾਂ ਸੌ ਬੱਚੇ ਹਰ ਸਾਲ ਬੰਦੂਕਾਂ ਨਾਲ ਜ਼ਖਮੀ ਹੁੰਦੇ ਹਨ। ਅਮਰੀਕੀ ਪ੍ਰਸ਼ਾਸਨ ਨੂੰ ਸਿਰਫ਼ 'ਬੰਦੂਕ ਕਲਚਰ' ਹੀ ਨਹੀਂ, ਸਗੋਂ ਹਥਿਆਰਾਂ ਦੇ ਕਲਚਰ 'ਤੇ ਵੀ ਰੋਕ ਲਗਾਉਣੀ ਪਵੇਗੀ, ਹੁਣ ਦੁਨੀਆ ਨੂੰ ਰਹਿਣ ਯੋਗ ਬਣਾਉਣ ਲਈ ਆਪਣੀ ਮਾਨਸਿਕਤਾ ਨੂੰ ਬਦਲਣਾ ਹੋਵੇਗਾ। ਕਿਸੇ ਵੀ ਸੰਵੇਦਨਸ਼ੀਲ ਸਮਾਜ ਨੂੰ ਇਸ ਸਥਿਤੀ ਨੂੰ ਗੰਭੀਰ ਸਮੱਸਿਆ ਵਜੋਂ ਦੇਖਣਾ ਅਤੇ ਸਮਝਣਾ ਚਾਹੀਦਾ ਹੈ। ਇਹ ਬਿਨਾਂ ਕਾਰਨ ਨਹੀਂ ਹੈ ਕਿ ਅਮਰੀਕਾ ਵਿੱਚ, ਜਿੱਥੇ ਜ਼ਿਆਦਾਤਰ ਪਰਿਵਾਰਾਂ ਕੋਲ ਵੱਖ-ਵੱਖ ਤਰ੍ਹਾਂ ਦੀਆਂ ਬੰਦੂਕਾਂ ਹਨ। ਹੁਣ ਇਸ ਹਥਿਆਰ ਸੱਭਿਆਚਾਰ ਦੇ ਵਿਰੁੱਧ ਆਵਾਜ਼ ਉਠਾਉਣੀ ਸ਼ੁਰੂ ਹੋ ਗਈ ਹੈ। ਜੇਕਰ ਅਮਰੀਕਾ ਹੁਣ ਵੀ 'ਗੰਨ ਕਲਚਰ' ਤੋਂ ਦੂਰ ਹੋਣ ਲਈ ਯਤਨ ਕਰਦਾ ਹੈ ਤਾਂ ਸ਼ਾਂਤੀ ਅਤੇ ਅਹਿੰਸਾ ਦਾ ਸੰਦੇਸ਼ ਅਮਰੀਕਾ ਦੇ ਨਾਲ ਨਾਲ ਪੂਰੀ ਦੁਨੀਆ ਵਿੱਚ ਜਾਵੇਗਾ।

***

## ਰੂਸ ਨੇ ਯੂਕ੍ਰੇਨ 'ਤੇ ਕੀਤਾ ਸਭ ਤੋਂ ਵੱਡਾ ਮਿਜ਼ਾਈਲ ਹਮਲਾ

ਪਹੁੰਚਿਆ ਹੈ, ਜੋ ਕਿ ਸਰਦੀਆਂ ਦੇ ਸਮੇਂ ਵਿੱਚ ਬਹੁਤ ਖਤਰਨਾਕ ਹੈ। ਹਸਪਤਾਲਾਂ ਵਿੱਚ ਜਨਰੇਟਰ ਚੱਲ ਰਹੇ ਹਨ, ਪਰ ਬੱਚਿਆਂ ਅਤੇ ਬਜ਼ੁਰਗਾਂ ਲਈ ਇਹ ਸਥਿਤੀ ਜਾਨਲੇਵਾ ਬਣ ਸਕਦੀ ਹੈ। ਯੂਕ੍ਰੇਨੀ ਰਾਸ਼ਟਰਪਤੀ ਵਲੋਡੀਮੀਰ ਜ਼ੇਲੰਸਕੀ ਨੇ ਕਿਹਾ, 'ਰੂਸ ਨੇ ਸਾਡੀ ਜ਼ਿੰਦਗੀ ਨੂੰ ਹਨੇਰੇ ਵਿੱਚ ਧੱਕ ਦਿੱਤਾ ਹੈ, ਪਰ ਅਸੀਂ ਹਾਰ ਨਹੀਂ ਮੰਨਾਂਗੇ।' ਉਹਨਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਤੋਂ ਰੂਸ ਦੇ ਊਰਜਾ ਖੇਤਰ ਉੱਤੇ ਵਧੇਰੇ ਸਖ਼ਤ ਪਾਬੰਦੀਆਂ ਲਗਾਉਣ ਦੀ ਅਪੀਲ ਕੀਤੀ ਹੈ।

ਸੂਤਰਾਂ ਅਨੁਸਾਰ ਰੂਸ ਨੇ ਜਾਣਬੁਝ ਕੇ ਖਮੇਲਨਿਤਸਕੀ ਅਤੇ ਰਿਵਨੇ ਪ੍ਰਮਾਣੂ ਪਲਾਂਟਾਂ ਨੂੰ ਬਿਜਲੀ ਪਹੁੰਚਾਉਣ ਵਾਲੇ ਸਬ-ਸਟੇਸ਼ਨਾਂ ਨੂੰ ਨਿਸ਼ਾਨਾ ਬਣਾਇਆ ਹੈ, ਜੋ ਕਿ ਯੂਰਪ ਦੇ ਸਭ ਤੋਂ ਵੱਡੇ ਐਟਮੀ ਪਲਾਂਟ ਜ਼ਾਪੋਰੀਜ਼ੀਆ ਨਾਲ ਵੀ ਜੁੜੇ ਹੋਏ ਹਨ। ਯੂਕਰੇਨ ਦੇ ਵਿਦੇਸ਼ ਮੰਤਰੀ ਆਂਦਰੀ ਸਿਬੀਹਾ ਨੇ ਇਸ ਨੂੰ 'ਐਟਮੀ ਬਲੈਕਮੇਲ' ਕਿਹਾ ਹੈ ਅਤੇ ਕਿਹਾ ਕਿ ਇਹ ਹਮਲੇ ਯਾਨੀ ਕੋਈ ਵੀ ਸਮੇਂ ਇੱਕ ਵਿਨਾਸ਼ਕਾਰੀ ਐਟਮੀ ਦੁਰਘਟਨਾ ਪੈਦਾ ਕਰ ਸਕਦੇ ਹਨ। ਉਹਨਾਂ ਨੇ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੇ ਬੋਰਡ ਆਫ਼ ਗਵਰਨਰਜ਼ ਦੀ ਤੁਰੰਤ ਬੈਠਕ ਬੁਲਾਉਣ ਦੀ ਮੰਗ ਕੀਤੀ ਹੈ। ਸਿਬੀਹਾ ਨੇ ਭਾਰਤ ਅਤੇ ਚੀਨ ਵਰਗੇ ਵੱਡੇ ਦੇਸ਼ਾਂ ਤੋਂ ਵੀ ਅਪੀਲ ਕੀਤੀ ਹੈ ਕਿ ਉਹ ਰੂਸ ਉੱਤੇ ਦਬਾਅ ਪਾਉਣ ਤਾਂ ਜੋ ਅਜਿਹੇ ਹਮਲੇ ਰੁਕ ਜਾਣ। ਇਹ ਅਪੀਲ ਜ਼ਾਪੋਰੀਜ਼ੀਆ ਪਲਾਂਟ ਨੇੜੇ ਹੋਈ ਪਿਛਲੀ ਗੋਲਾਬਾਰੀ ਦੀ ਯਾਦ ਤਾਜ਼ਾ ਕਰਦੀ ਹੈ, ਜਿਸ ਨਾਲ ਯੂਰਪ ਵਿੱਚ ਰੇਡੀਏਸ਼ਨ ਖਤਰੇ ਦੀ ਸਥਿਤੀ ਪੈਦਾ ਹੋ ਗਈ ਸੀ।

ਅੰਤ ਵਿੱਚ, ਇਹ ਹਮਲਾ ਨਾ ਸਿਰਫ਼ ਯੂਕ੍ਰੇਨ ਦੇ ਲੋਕਾਂ ਲਈ ਤਬਾਹੀ ਹੈ, ਸਗੋਂ ਪੂਰੇ ਵਿਸ਼ਵ ਲਈ ਚੇਤਾਵਨੀ। ਯੂਰਪ ਦਾ ਡਰ ਜਾਇਜ਼ ਹੈ, ਕਿਉਂਕਿ ਐਟਮੀ ਯੁੱਧ ਦਾ ਖਤਰਾ ਅਸਲੀ ਹੈ। ਇਹ ਯੁੱਧ ਸਦਾ ਲਈ ਰੁਕਣਾ ਚਾਹੀਦਾ ਹੈ।

***

## ਬਰਤਾਨਵੀ ਖੁਫ਼ੀਆ ਦਸਤਾਵੇਜ਼ਾਂ 'ਚ ਨਿੱਝਰ ਦੀ

ਇਹ ਮਾਮਲਾ ਸਿੱਖ ਡਾਇਸਪੋਰਾ ਲਈ ਵੱਡਾ ਮੁੱਦਾ ਹੈ। ਪੰਜਾਬ ਵਿੱਚ ਵੀ ਲੋਕ ਚਿੰਤਤ ਹਨ ਕਿ ਖਾਲਿਸਤਾਨੀ ਅੰਦੋਲਨ ਨੂੰ ਨਿਸ਼ਾਨਾ ਬਣਾਉਣ ਨਾਲ ਅੰਤਰਰਾਸ਼ਟਰੀ ਰਿਸ਼ਤੇ ਖਰਾਬ ਹੋ ਰਹੇ ਹਨ। ਡਾਕੂਮੈਂਟਰੀ ਨੇ ਦੱਸਿਆ ਕਿ ਇਹ ਹੱਤਿਆਵਾਂ ਨੇ ਭਾਰਤ ਤੇ ਪੱਛਮ ਵਿਚਾਲੇ ਤਣਾਅ ਪੈਦਾ ਕੀਤਾ ਹੈ। ਅੱਗੇ ਤਫ਼ਤੀਸ਼ ਜਾਰੀ ਹੈ ਅਤੇ ਅਦਾਲਤ ਵਿੱਚ ਕੇਸ ਚੱਲ ਰਹੇ ਹਨ। ਇਹ ਘਟਨਾ ਸਾਬਿਤ ਕਰਦੀ ਹੈ ਕਿ ਖੁਫ਼ੀਆ ਗਠਜੋੜ ਕਿਵੇਂ ਵਿਸ਼ਵ ਰਾਜਨੀਤੀ ਨੂੰ ਬਦਲ ਸਕਦੇ ਹਨ।

***

## ਸੁਪਰੀਮ ਕੋਰਟ ਬਨਾਮ

ਕੁਝ ਸਮਾਂ ਪਹਿਲਾਂ ਸੁਪਰੀਮ ਕੋਰਟ ਨੇ ਮੁੱਖ ਸੜਕਾਂ ਤੋਂ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਦੇ ਹੁਕਮ ਵੀ ਜਾਰੀ ਕੀਤੇ ਸਨ। ਜਦੋਂ ਇਹ ਹੁਕਮ ਜਾਰੀ ਹੋਏ ਸਨ ਤਾਂ ਮੁੱਖ ਸੜਕਾਂ ਤੋਂ ਸ਼ਰਾਬ ਦੇ ਠੇਕੇ ਬੰਦ ਹੋ ਗਏ ਸਨ ਪਰ ਬਾਅਦ ਵਿੱਚ ਸਰਕਾਰ ਅਤੇ ਸ਼ਰਾਬ ਦੇ ਠੇਕੇਦਾਰਾਂ ਦੇ ਚੋਰ ਮੋਰੀ ਲੱਭਦਿਆਂ ਮੁੱਖ ਸੜਕਾਂ ਦੇ ਨਾਲ ਮਿਲਦੀਆਂ ਹੋਰ ਸੜਕਾਂ 'ਤੇ ਸ਼ਰਾਬ ਦੇ ਠੇਕੇ ਖੋਲ੍ਹ ਦਿੱਤੇ, ਜਿਸ ਕਾਰਨ ਮੁੱਖ ਸੜਕ ਦੇ ਜਾਂਦੇ ਵਾਹਨ ਚਾਲਕਾਂ ਨੂੰ ਸ਼ਰਾਬ ਮੁੜ ਆਸਾਨੀ ਨਾਲ ਮਿਲਣ ਲੱਗ ਪਈ। ਸੁਪਰੀਮ ਕੋਰਟ ਨੇ ਮੁੱਖ ਸੜਕਾਂ ਤੋਂ ਸ਼ਰਾਬ ਦੇ ਠੇਕੇ ਹਟਾਉਣ ਤੇ ਬੰਦ ਕਰਨ ਦੇ ਆਦੇਸ਼ ਇਸ ਲਈ ਦਿੱਤੇ ਸਨ, ਕਿਉਂਕਿ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਅਨੇਕਾਂ ਵਾਹਨ ਚਾਲਕਾਂ ਇਹਨਾਂ ਸ਼ਰਾਬ ਦੇ ਠੇਕਿਆਂ ਤੋਂ ਸ਼ਰਾਬ ਖਰੀਦ ਕੇ, ਪੀ ਕੇ ਵਾਹਨ ਚਲਾਉਂਦੇ ਸਨ ਅਤੇ ਸ਼ਰਾਬ ਦੇ ਨਸ਼ੇ ਵਿੱਚ ਉਹ ਕੋਈ ਨਾ ਕੋਈ ਹਾਦਸਾ ਕਰ ਦਿੰਦੇ ਸਨ। ਅਜਿਹੇ ਨਸ਼ੇ ਵਿੱਚ ਧੁੱਤ ਵਾਹਨ ਚਾਲਕ ਖੁਦ ਆਪਣੀ ਜ਼ਿੰਦਗੀ ਲਈ ਵੀ ਖਤਰਾ ਬਣਦੇ ਸਨ ਅਤੇ ਹੋਰਨਾਂ ਵਾਹਨ ਚਾਲਕਾਂ ਅਤੇ ਵਾਹਨ ਸਵਾਰਾਂ ਦੀ ਜ਼ਿੰਦਗੀ ਲਈ ਵੀ ਖਤਰਾ ਬਣਦੇ ਸਨ। ਸੁਪਰੀਮ ਕੋਰਟ ਦੇ ਇਹਨਾਂ ਹੁਕਮਾਂ ਦੀ ਸ਼ੁਰੂਆਤ ਵਿੱਚ ਕਾਫ਼ੀ ਪਾਲਣਾ ਕੀਤੀ ਗਈ, ਬਾਅਦ ਵਿੱਚ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਜ਼ੋਰ ਪਾਉਣ 'ਤੇ ਵੱਖ- ਵੱਖ ਰਾਜਾਂ ਦੀਆਂ ਸਰਕਾਰਾਂ ਵੱਲੋਂ ਮੁੱਖ ਸੜਕਾਂ ਨਾਲ ਲੱਗਦੀਆਂ ਆਮ ਸੜਕਾਂ 'ਤੇ ਸ਼ਰਾਬ ਦੇ ਠੇਕੇ ਖੋਲ੍ਹਣ ਦੀ ਆਗਿਆ ਦੇ ਦਿੱਤੀ। ਸੁਪਰੀਮ ਕੋਰਟ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਾਉਣ 'ਤੇ ਪਾਬੰਦੀ ਦੇ ਹੁਕਮ ਵੀ ਦੇ ਚੁੱਕੀ ਹੈ। ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਦੇਸ਼ ਦੇ ਵੱਖ -ਵੱਖ ਇਲਾਕਿਆਂ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਨ ਦਾ ਰੁਝਾਨ ਜਾਰੀ ਹੈ। ਪੰਜਾਬ ਸਮੇਤ ਵੱਖ- ਵੱਖ ਰਾਜਾਂ ਦੀਆਂ ਸਰਕਾਰਾਂ ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਦੇ ਯਤਨ ਵੀ ਕੀਤੇ ਜਾਂਦੇ ਹਨ ਪਰ ਦੇਸ਼ ਦੇ ਕਿਸਾਨ ਪਰਾਲੀ ਨੂੰ ਅੱਗ ਲਗਾਉਣ ਲਈ ਬਜ਼ਿੱਦ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਪਰਾਲੀ ਨੂੰ ਖੇਤਾਂ ਵਿੱਚ ਵਾਹੁਣਾ ਬਹੁਤ ਮੁਸ਼ਕਿਲ ਅਤੇ ਬਹੁਤ ਮਹਿੰਗਾ ਹੈ, ਇਸ ਲਈ ਪਰਾਲੀ ਨੂੰ ਅੱਗ ਲਗਾਉਣਾ ਕਿਸਾਨਾਂ ਦੀ ਮਜਬੂਰੀ ਹੈ। ਵੇਖਣ ਵਿੱਚ ਆਇਆ ਹੈ ਕਿ ਸੁਪਰੀਮ ਕੋਰਟ ਵੱਲੋਂ ਵੱਖ- ਵੱਖ ਅਹਿਮ ਮਸਲਿਆਂ ਸਬੰਧੀ ਵਿਸ਼ੇਸ਼ ਹੁਕਮ ਜਾਰੀ ਕੀਤੇ ਜਾਂਦੇ ਹਨ ਪਰ ਸਰਕਾਰਾਂ ਅਤੇ ਲੋਕਲ ਪ੍ਰਸ਼ਾਸਨ ਵੱਲੋਂ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿੱਚ ਢਿੱਲ-ਮੱਠ ਦਿਖਾਈ ਜਾਂਦੀ ਹੈ, ਜਿਸ ਕਾਰਨ ਸੁਪਰੀਮ ਕੋਰਟ ਦੇ ਹੁਕਮ ਸਹੀ ਤਰੀਕੇ ਨਾਲ ਲਾਗੂ ਨਹੀਂ ਹੁੰਦੇ। ਚਾਹੀਦਾ ਤਾਂ ਇਹ ਹੈ ਕਿ ਸੁਪਰੀਮ ਕੋਰਟ ਦੇ ਸਾਰੇ ਹੁਕਮਾਂ ਨੂੰ ਸਰਕਾਰਾਂ ਅਤੇ ਲੋਕਲ ਪ੍ਰਸ਼ਾਸਨ ਵੱਲੋਂ ਇੰਨ ਬਿੰਨ ਪੂਰੀ ਤਰ੍ਹਾਂ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾਂ ਕਿ ਇਹਨਾਂ ਹੁਕਮਾਂ ਨੂੰ ਜਾਰੀ ਕਰਨ ਦਾ ਉਦੇਸ਼ ਪੂਰਾ ਹੋ ਸਕੇ।

***

## ਸੰਘ ਮੁਖੀ ਭਾਗਵਤ ਦਾ ਫਿਰਕੂ ਬਿਆਨ,

ਇਸ ਨੂੰ ਅੰਗਰੇਜ਼ੀ ਵਿੱਚ 'ਹਿੰਦੂ ਰਾਸ਼ਟਰ' ਵਜੋਂ ਵਰਣਿਤ ਕੀਤਾ ਗਿਆ ਹੈ, ਜਿੱਥੇ ਇਸਲਾਮ ਅਤੇ ਈਸਾਈ ਧਰਮ ਨੂੰ ਵਿਦੇਸ਼ੀ ਦੱਸਿਆ ਗਿਆ। ਆਰਐੱਸਐੱਸ ਨੇ ਆਪਣੇ ਸੰਗਠਨਾਂ - ਹਿੰਦੂ ਮਹਾਸਭਾ, ਵੀ.ਐੱਚ.ਪੀ., ਬਜਰੰਗ ਦਲ ਤੱਕ - ਰਾਹੀਂ ਇਸ ਵਿਚਾਰ ਨੂੰ ਅੱਗੇ ਵਧਾਇਆ ਹੈ। ਭਾਰਤ ਨੂੰ ਪਾਕਿਸਤਾਨ ਵਾਂਗ ਬਣਾਉਣ ਦਾ ਡਰ ਇਸ ਲਈ ਹੈ, ਕਿਉਂਕਿ ਆਰ.ਐੱਸ.ਐੱਸ. ਨੇ ਧਾਰਮਿਕ ਧਰੁਵੀਕਰਨ ਨੂੰ ਹਥਿਆਰ ਬਣਾਇਆ ਹੈ। ਲਵ ਜਿਹਾਦ, ਘਰ ਵਾਪਸੀ ਅਤੇ ਘੱਟਗਿਣਤੀਆਂ ਵਿਰੁੱਧ ਨਫ਼ਰਤੀ ਭਾਸ਼ਣਾਂ ਨਾਲ ਉਹ ਹਿੰਦੂ ਬਹੁਗਿਣਤੀ ਨੂੰ ਡਰਾਉਂਦੇ ਹਨ। ਬੀਜੇਪੀ ਸੱਤਾ ਵਿੱਚ ਆਉਣ ਤੋਂ ਬਾਅਦ, ਇਹ ਫਿਰਕੂਵਾਦ ਵਧਿਆ ਹੈ। ਵਿਸ਼ਲੇਸ਼ਕ ਕਹਿੰਦੇ ਹਨ ਕਿ ਇਹ ਚੋਣਾਂ ਜਿੱਤਣ ਅਤੇ ਸੱਤਾ ਬਣਾਈ ਰੱਖਣ ਲਈ ਹੈ, ਪਰ ਇਹ ਧਰਮ ਆਧਾਰਿਤ ਵੰਡ ਹੈ। ਜੇ ਭਾਰਤ ਧਰਮ ਨਿਰਪੱਖ ਨਹੀਂ ਰਿਹਾ ਤਾਂ ਇਹ ਏਸ਼ੀਆ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਖ਼ਤਰੇ ਵਿੱਚ ਪਾ ਦੇਵੇਗਾ।

ਕਾਨੂੰਨ ਅਨੁਸਾਰ ਵਰਗੀਕਰਨ ਜ਼ਰੂਰੀ ਕਿਉਂ ਨਹੀਂ ?

### ਸਿੱਖ ਕਿਉਂ ਕਰਦੇ ਹਨ ਸਭ ਤੋਂ ਵੱਧ ਵਿਰੋਧ ?

ਸਿੱਖ ਪੰਥ ਆਰ.ਐੱਸ.ਐੱਸ. ਪਰਿਵਾਰ ਦਾ ਸਭ ਤੋਂ ਵੱਡਾ ਵਿਰੋਧੀ ਰਿਹਾ ਹੈ। ਇਸ ਦੇ ਕਈ ਕਾਰਨ ਹਨ। ਪਹਿਲਾਂ, ਆਰ.ਐੱਸ.ਐੱਸ. ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਮੰਨਣ ਦੀ ਕੋਸ਼ਿਸ਼ ਕਰਦੀ ਹੈ। ਉਹ 'ਰਾਸ਼ਟਰੀ ਸਿੱਖ ਸੰਗਤ' ਵਰਗੀ ਸੰਸਥਾ ਬਣਾਉਂਦੀ ਹੈ ਤਾਂ ਜੋ ਸਿੱਖ ਧਰਮ ਨੂੰ ਹਿੰਦੂਤਵ ਵਿੱਚ ਸਮਾ ਲਿਆ ਜਾਵੇ। ਪਰ ਸਿੱਖ ਪੰਥ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਇਸ ਫਿਰਕੂਵਾਦ ਨੂੰ ਰੱਦ ਕੀਤਾ ਹੈ। ਸਿੱਖ ਧਰਮ ਇੱਕ ਵੱਖਰਾ ਧਰਮ ਹੈ, ਜੋ ਬਰਾਬਰੀ ਅਤੇ ਧਰਮ ਨਿਰਪੱਖਤਾ ਸਿਖਾਉਂਦਾ ਹੈ।

ਦੂਜਾ, 1984 ਦੇ ਸਿੱਖ ਵਿਰੋਧੀ ਕਤਲੇਆਮ ਵਿੱਚ ਆਰ.ਐੱਸ.ਐੱਸ. ਨੂੰ ਨਿੱਜੀ ਭੂਮਿਕਾ ਨਿਭਾਉਣ ਦਾ ਇਲਜ਼ਾਮ ਹੈ। ਬਾਅਦ ਵਿੱਚ ਉਨ੍ਹਾਂ ਨੇ ਇਹ ਝੂਠੀਆਂ ਕਹਾਣੀਆਂ ਗੜ੍ਹੀਆਂ ਕਿ ਉਨ੍ਹਾਂ ਨੇ ਸਿੱਖਾਂ ਨੂੰ ਬਚਾਇਆ, ਪਰ ਇਹ ਝੂਠ ਹੈ। ਖੁਸ਼ਵੰਤ ਸਿੰਘ ਵਰਗੇ ਲੇਖਕਾਂ ਨੇ ਇਸ ਨੂੰ ਬੇਨਕਾਬ ਕੀਤਾ ਹੈ।

ਅਕਾਲ ਤਖ਼ਤ ਸਾਹਿਬ ਨੇ ਵੀ ਆਰ.ਐੱਸ.ਐੱਸ. ਨੂੰ ਸਿੱਖ ਵਿਰੋਧੀ ਘੋਸ਼ਿਤ ਕੀਤਾ ਹੈ। ਸਿੱਖ ਇਸ ਲਈ ਵਿਰੋਧ ਕਰਦੇ ਹਨ ਕਿਉਂਕਿ ਆਰ.ਐੱਸ.ਐੱਸ. ਉਨ੍ਹਾਂ ਦੀ ਵੱਖਰੀ ਪਛਾਣ ਨੂੰ ਮਿਟਾਉਣਾ ਚਾਹੁੰਦੀ ਹੈ ਅਤੇ ਧਰਮ ਨਿਰਪੱਖ ਭਾਰਤ ਨੂੰ ਖ਼ਤਰੇ ਵਿੱਚ ਪਾ ਰਹੀ ਹੈ।

### ਵਿਰੋਧੀ ਧਿਰਾਂ ਅਤੇ ਵਿਸ਼ਲੇਸ਼ਕਾਂ ਦੀ ਰਾਏ

ਕਾਂਗਰਸ ਨੇਤਾ ਦਿਗਵਿਜੈ ਸਿੰਘ ਨੇ ਟਵੀਟ ਕੀਤਾ: 'ਮੋਹਨ ਭਾਗਵਤ ਹੁਣ ਆਰ.ਐੱਸ.ਐੱਸ. ਨੂੰ ਸਨਾਤਨ ਧਰਮ ਨਾਲ ਤੁਲਨਾ ਕਰ ਰਹੇ ਹਨ ਜੋ ਕਿ ਵੈਦਿਕ ਧਰਮ ਦੇ ਉਲਟ ਹੈ। ਸੀ.ਪੀ.ਆਈ. ਜਨਰਲ ਸੈਕਟਰੀ ਡੀ. ਰਾਜਾ ਨੇ ਕਿਹਾ: ਆਰ.ਐੱਸ.ਐੱਸ. ਫਿਰਕੂਵਾਦ ਨੂੰ ਉਤਸ਼ਾਹਿਤ ਕਰਦੀ ਹੈ। ਪੰਜਾਬ ਵਿੱਚ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ। ਵਿਸ਼ਲੇਸ਼ਕ ਗੁਰਤੇਜ ਸਿੰਘ ਕਹਿੰਦੇ ਹਨ: 'ਆਰ.ਐੱਸ.ਐੱਸ. ਨੇ ਕਦੇ ਸਿੱਖਾਂ ਦਾ ਸਾਥ ਨਹੀਂ ਦਿੱਤਾ। 1984 ਵਿੱਚ ਉਹ ਖਾਮੋਸ਼ ਸਨ।' ਜੇ ਆਰ.ਐੱਸ.ਐੱਸ. ਨੂੰ ਜਵਾਬਦੇਹ ਨਾ ਬਣਾਇਆ ਗਿਆ ਤਾਂ ਧਰਮ ਨਿਰਪੱਖਤਾ ਖ਼ਤਰੇ ਵਿੱਚ ਪੈ ਜਾਵੇਗੀ।

***

## ਗੋਲਫ਼ ਦਾ ਬਾਦਸ਼ਾਹ ਟਾਈਗਰ...

21ਵੇਂ ਸਾਲ ਦੀ ਉਮਰੇ ਉਹਨੇ ਵਿਸ਼ਵ ਪੱਧਰੀ ਸੁਰਖੀਆਂ ਬਟੋਰਨੀਆ ਸ਼ੁਰੂ ਕਰ ਦਿੱਤੀਆਂ।1997 ਵਿੱਚ ਉਸ ਨੇ ਔਗੁਸਤਾ 'ਚ ਆਪਣਾ ਪਹਿਲਾ ਮਹਾਨ ਖ਼ਿਤਾਬ ਮੇਜਰ ਮਾਸਟਰਜ਼ ਟੂਰਨਾਮੈਂਟ ਜਿੱਤਿਆ। ਵਿਸ਼ਵ ਦਾ ਸਭ ਤੋਂ ਵੱਡਾ ਖ਼ਿਤਾਬ ਜਿੱਤਣ ਵਾਲਾ ਉਦੋਂ ਉਹ ਸਭ ਤੋਂ ਛੋਟੀ ਉਮਰ ਦਾ ਗੋਲਫ਼ਰ ਸੀ।ਉਹਦੀ ਜਿੱਤ ਵੀ 12 ਸਟਰੋਕਾਂ ਦੇ ਫ਼ਰਕ ਵਾਲੀ ਰਿਕਾਰਡ ਜਿੱਤ ਸੀ। ਫਿਰ ਜਿੱਤਾਂ ਦੀ ਚੱਲ ਸੋ ਚੱਲ ਹੋ ਗਈ।1997 ਤੋਂ 2008 ਤੱਕ ਟਾਈਗਰ ਦੀਆਂ ਜਿੱਤਾਂ ਦਾ ਸੁਨਹਿਰੀ ਦੌਰ ਰਿਹਾ। ਉਸ ਨੇ 14 ਮੇਜਰ ਖ਼ਿਤਾਬ ਜਿੱਤੇ ਤੇ 81 ਪੀਜੀਏ ਟੂਰ ਜਿੱਤਾਂ ਹਾਸਲ ਕੀਤੀਆਂ।2000 ਵਿੱਚ ਉਸ ਨੇ ਲਗਾਤਾਰ 6 ਟੂਰਨਾਮੈਂਟ ਜਿੱਤੇ ਜਿਨ੍ਹਾਂ 'ਚ ਯੂ.ਐੱਸ. ਓਪਨ ਵੀ ਸ਼ਾਮਲ ਸੀ।ਉਹ ਉਸ ਨੇ 15 ਸਟਰੋਕਾਂ ਦੇ ਵੱਡੇ ਫ਼ਰਕ ਨਾਲ ਜਿੱਤਿਆ ਜੋ ਗੋਲਫ਼ ਦੇ ਇਤਿਹਾਸ ਦੀ ਸਭ ਤੋਂ ਵੱਡੀ ਜਿੱਤ ਮੰਨੀ ਜਾਂਦੀ ਹੈ। 2000-2001 ਵਿੱਚ ਉਸ ਨੇ 4 ਮੇਜਰ ਟੂਰਨਾਮੈਂਟ ਜਿੱਤ ਕੇ ਕਮਾਲਾਂ ਕਰ ਦਿੱਤੀਆਂ।ਇੰਜ ਉਸ ਨੇ ਟਾਈਗਰ ਸਲੈਮ ਨਾਂ ਦਾ ਨਵਾਂ ਇਤਿਹਾਸ ਸਿਰਜਿਆ।25-26 ਸਾਲ ਦੀ ਉਮਰੇ ਉਸ ਨੂੰ ਵਿਸ਼ਵ ਦਾ ਮਹਾਨ ਖਿਡਾਰੀ ਮੰਨਿਆ ਗਿਆ। ਟਾਈਗਰ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਉਸ ਨੇ ਯੂਰਪੀਅਨ ਟੂਰ ਦੀਆਂ 41, ਜਾਪਾਨ ਗੋਲਫ਼ ਟੂਰ ਦੀਆਂ 3, ਏਸ਼ੀਆ ਪੀਜੀਏ ਟੂਰ ਦੀਆਂ 2, ਪੀਜੀਏ ਟੂਰ ਆਸਟਰੇਲੀਆਂ ਦੀਆਂ 3, ਸ਼ੌਕੀਆ 21 ਤੇ ਹੋਰ 17 ਵੱਡੀਆਂ ਜਿੱਤਾਂ ਜਿੱਤੀਆਂ ਹਨ। 15 ਮੇਜਰ ਚੈਂਪੀਅਨਸ਼ਿਪਾਂ ਜਿੱਤਣੀਆਂ ਉਸ ਦਾ ਸਭ ਤੋਂ ਵੱਡਾ ਰਿਕਾਰਡ ਹੈ। ਉਸ ਨੂੰ ਜਿੱਥੇ ਦੁਨੀਆ ਦੇ ਵੱਡੇ ਐਵਾਰਡ ਮਿਲੇ ਹਨ, ਉੱਥੇ ਉਹਦਾ ਨਾਂ ਗੋਲਫ਼ ਦੇ ਹਾਲ ਆਫ ਫੇਮ ਵਿੱਚ ਦੇਰ ਤੱਕ ਚਮਕਦਾ ਰਹੇਗਾ।

***

## ਪੰਜਾਬ ਬਹੁਪਰਤੀ ਸੰਕਟ ਦੇ ਦੌਰ ਵਿੱਚ

ਕੇਂਦਰ ਸਰਕਾਰ ਵਲੋਂ ਸੂਬਿਆਂ ਦੀ ਖੁਦਮੁਖ਼ਤਿਆਰੀ ਦੀ ਸੰਘੀ ਘੁੱਟਣ ਦੇ ਨਾਲ-ਨਾਲ ਪੰਜਾਬ ਦੇ ਖਿਲਾਫ਼ ਗੈਰ-ਸਿਧਾਂਤਕ ਫ਼ੈਸਲੇ ਲਏ ਜਾ ਰਹੇ ਹਨ। ਪੁਰਾਣੇ ਮਸਲੇ- ਚੰਡੀਗੜ੍ਹ ਦਾ ਰੇੜਕਾ, ਪੰਜਾਬ ਤੋਂ ਬਾਹਰ ਰਹਿੰਦੇ ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਈ ਪਾਣੀਆਂ ਦੀ ਨਿਆਂਪੂਰਨ ਵੰਡ ਕਰਨਾ ਲਟਕੇ ਪਏ ਹਨ ਤੇ ਹੋਰ ਕਈ ਮਸਲੇ ਪੈਦਾ ਕਰ ਦਿੱਤੇ ਗਏ ਹਨ, ਜਿਵੇਂ- ਬੀ.ਐੱਸ.ਐੱਫ. ਲਈ ਬਾਰਡਰ ਏਰੀਆ ਦਾ ਘੇਰਾ 5 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰਨਾ, ਵਾਹਗਾ ਬਾਰਡਰ ਤੋਂ ਵਪਾਰ ਬੰਦ ਕਰਨਾ, ਭਾਖੜਾ-ਬਿਆਸ ਮੈਨੇਜਮੈਂਟ ਤੋਂ ਪੰਜਾਬ ਨੂੰ ਲਾਂਭੇ ਕਰਨਾ, ਹੈੱਡਵਰਕਸਾਂ ਤੇ ਕੇਂਦਰੀ ਬਲਾਂ ਦੀ ਤਾਇਨਾਤੀ ਕਰਨਾ, ਪੰਜਾਬ ਦੇ ਪੇਂਡੂ ਵਿਕਾਸ ਫੰਡਾਂ ਨੂੰ ਰੋਕਣਾ ਆਦਿ। ਕੇਂਦਰ ਸਰਕਾਰ ਦੀ ਸੂਬੇ ਅੰਦਰ ਦਖਲਅੰਦਾਜ਼ੀ ਵਧ ਗਈ ਹੈ, ਪਰ ਉਹ ਕੋਈ ਜ਼ਿੰਮੇਵਾਰੀ ਨਿਭਾਉਣ ਤੋਂ ਇਨਕਾਰੀ ਹੈ। ਇਸ ਸਾਲ ਦਰਿਆਵਾਂ 'ਚ ਆਏ ਹੜ੍ਹਾਂ ਦੌਰਾਨ ਪੰਜਾਬ ਦੇ ਲੋਕਾਂ ਨੂੰ ਪਈ ਮਾਰ ਸਮੇਂ ਕੇਂਦਰ ਸਰਕਾਰ ਮੰਤਰੀਆਂ ਨੂੰ ਪੰਜਾਬ ਭੇਜ ਕੇ ਡਰਾਮੇ ਕਰਦੀ ਰਹੀ ਹੈ।ਪੰਜਾਬ ਦੇ ਦਰਿਆਵਾਂ ਵੱਲੋਂ 5000 ਏਕੜ ਤੋਂ ਵੱਧ ਜ਼ਮੀਨ ਨੂੰ ਖੋਰਾ ਲਾ ਕੇ ਖਤਮ ਕਰਨ 'ਤੇ ਸਰਕਾਰ ਵੱਲੋਂ ਕਿਸਾਨਾਂ ਦੀ ਬਾਂਹ ਫੜਨ ਦੀ ਕੋਈ ਪਹਿਲ ਨਹੀਂ ਕੀਤੀ ਗਈ।ਪੰਜਾਬ ਦੀ ਸੱਤਾਧਾਰੀ ਪਾਰਟੀ ਤੇ ਮੁੱਖ ਵਿਰੋਧੀ ਪਾਰਟੀਆਂ ਜ਼ੁਬਾਨ ਖੋਲ੍ਹਣ ਲਈ ਤਿਆਰ ਨਹੀ, ਲੋਕ ਪੱਖੀ ਖੱਬੀਆਂ ਪਾਰਟੀਆਂ ਇਸ ਸਮਰੱਥ ਨਹੀਂ ਹਨ ਕਿ ਪੰਜਾਬ ਦੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਉਭਾਰ ਸਕਣ। ਇਸ ਕਰਕੇ ਪੰਜਾਬ ਦੇ ਭਵਿੱਖ ਬਾਰੇ ਗੌਰ ਕਰਨ ਅਤੇ ਪੰਜਾਬ ਦੀ ਬਾਂਹ ਫੜਨ ਵਾਲੀ ਤਾਕਤ ਦੀ ਅਣਹੋਂਦ ਬਹੁਤ ਰੜਕਦੀ ਹੈ। ਇਨ੍ਹਾਂ ਮਸਲਿਆਂ ਬਾਰੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਖੋਜਾਰਥੀਆਂ ਨੇ ਅਣਗਿਣਤ ਰਿਪੋਰਟਾਂ, ਖੋਜ ਪੱਤਰਾਂ ਤੇ ਕਿਤਾਬਾਂ ਲਿਖ ਕੇ ਸੁਝਾਅ ਦਿੱਤੇ ਹਨ। ਕਈ ਕਮੇਟੀਆਂ ਨੇ ਸਰਕਾਰ ਨੂੰ ਰਿਪੋਰਟਾਂ ਵੀ ਦਿੱਤੀਆਂ ਹਨ।ਕਿਸਾਨਾਂ ਦੇ ਮਸਲਿਆਂ ਨੂੰ ਨਜਿੱਠਣ ਲਈ ਪੰਜਾਬ ਰਾਜ ਕਿਸਾਨ ਤੇ ਮਜ਼ਦੂਰ ਕਮਿਸ਼ਨ ਵਲੋਂ 3 ਵਾਰ (2013, 2018 ਤੇ 2025) ਖੇਤੀ ਨੀਤੀ ਦਾ ਖਰੜਾ ਤਿਆਰ ਕਰਕੇ ਸਰਕਾਰ ਨੂੰ ਸੌਂਪਿਆ, ਪਰ ਸਰਕਾਰ ਨੇ ਇਨ੍ਹਾਂ ਖਰੜਿਆਂ ਨੂੰ ਕੈਬਨਿਟ ਵਿੱਚ ਪੇਸ਼ ਨਹੀਂ ਕੀਤਾ, ਕਿਉਂਕਿ ਇਹ ਖਰੜੇ ਤੇ ਰਿਪੋਰਟਾਂ ਸਮਾਜਿਕ ਇਨਸਾਫ਼ ਤੇ ਲੋਕ ਭਲਾਈ ਨੂੰ ਧਿਆਨ ਵਿੱਚ ਰੱਖ ਕੇ ਲਿਖੇ ਗਏ ਹਨ।ਹਾਕਮ ਪਾਰਟੀਆਂ ਦੀਆਂ ਸਰਕਾਰਾਂ ਨੂੰ ਇਹ ਨਜ਼ਰੀਆ ਮਨਜ਼ੂਰ ਨਹੀਂ ਕਿਉਂਕਿ ਪਾਰਟੀਆਂ ਉਪਰ ਧਨਾਢਾਂ ਦਾ ਕਬਜ਼ਾ ਹੈ ਤੇ ਉਨ੍ਹਾਂ ਦੀ ਸੋਚ ਤੇ ਵਿਸ਼ਵਾਸ ਕਾਰਪੋਰੇਟ ਪੱਖੀ ਨੀਤੀਆਂ ਵਿੱਚ ਹੈ। ਮੌਜੂਦਾ ਸਰਕਾਰ ਵੱਲੋਂ ਆਰਥਿਕ ਨੀਤੀਆਂ ਤੇ ਵਿਕਾਸ ਪ੍ਰੋਗਰਾਮਾਂ ਵਾਸਤੇ ਬੋਸਟਨ ਗਰੁੱਪ ਦੇ ਮਾਹਿਰ ਲਾਏ ਹੋਏ ਹਨ, ਜਿਨ੍ਹਾਂ ਦੀ ਸਲਾਹ ਅਨੁਸਾਰ ਹੀ ਲੈਂਡ ਪੂਲਿੰਗ ਪਾਲਿਸੀ ਅਤੇ ਸਰਕਾਰੀ ਤੇ ਪਬਲਿਕ ਅਦਾਰਿਆਂ ਦੀ ਜ਼ਮੀਨ ਵੇਚ ਕੇ ਵਿੱਤੀ ਸਾਧਨ ਇਕੱਠੇ ਕਰਨ ਵਰਗੇ ਗੈਰ-ਪ੍ਰਸੰਗਿਕ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਜਦੋਂ ਸਰਕਾਰਾਂ ਲੋਕਾਂ ਦੇ ਵਿਰੋਧ ਵਿਚ ਫ਼ੈਸਲੇ ਲੈਣ ਲਈ ਬਜ਼ਿੱਦ ਹੋਣ ਤਾਂ ਲੋਕਾਂ ਦੀਆਂ ਜਥੇਬੰਦੀਆਂ ਦਾ ਏਕਾ ਤੇ ਸਾਂਝੀ ਲਹਿਰ ਹੀ ਇੱਕ ਸੰਭਵ ਬਦਲ ਰਹਿ ਜਾਂਦਾ ਹੈ।

***

## ਪੰਜਾਬ ਸਰਕਾਰ ਆਪਣਾ ਮਾਲੀਆ ਵਧਾਉਣ

ਕਿਉਂਕਿ ਪੰਜਾਬ ਸਰਕਾਰ ਦੀ ਬਹੁਤ ਮਾੜੀ ਮਾਲੀ ਹਾਲਤ ਅਤੇ ਲਗਾਤਾਰ ਵੇਲ ਵਾਂਗ ਵਧ ਰਹੇ ਕਰਜ਼ੇ ਦਾ ਮੱਕੜਜਾਲ, ਕਿਸੇ ਤੋਂ ਵੀ ਲੁਕਿਆ ਹੋਇਆ ਨਹੀਂ ਹੈ।ਪੰਜਾਬ ਸਰਕਾਰ ਨੇ 2024-25 ਵਿੱਤੀ ਸਾਲ ਦੌਰਾਨ ਲਗਭਗ 23,000-24,000 ਕਰੋੜ ਰੁਪਏ ਦੇ ਨੇੜੇ ਸਾਲਾਨਾ ਜੀ ਐਸ ਟੀ (7ਛ÷) ਤੋਂ ਇਕੱਠੇ ਕੀਤੇ ਸਨ ਅਤੇ ਲਗਭਗ 21000-22,000 ਕਰੋੜ ਰੁਪਏ ਦੇ ਨੇੜੇ ਹੀ ਕਈ ਤਰ੍ਹਾਂ ਦੀ ਬਿਜਲੀ ਦੀ ਸਬਸਿਡੀ ਦੇ ਕੇ ਖ਼ਰਚ ਕੀਤੇ ਸਨ। ਇਸੇ ਹੀ ਤਰ੍ਹਾਂ ਔਰਤਾਂ ਲਈ ਮੁਫ਼ਤ ਬੱਸ ਸੇਵਾ ਦੀ ਸਹੂਲਤ ਤੇ ਲੱਗਭਗ ਸਾਲਾਨਾ 1500 ਕਰੋੜ ਰੁਪਏ ਤੋਂ ਜ਼ਿਆਦਾ ਖ਼ਰਚ ਕਰਨ ਦੇ ਨਾਲ ਨਾਲ ਹੋਰ ਬਹੁਤ ਸਾਰੀਆਂ ਸੇਵਾਵਾਂ ਅਤੇ ਸਹੂਲਤਾਂ ਸਬਸਿਡੀਆਂ ਰਾਹੀਂ ਜਾਂ ਮੁਫ਼ਤ ਵਿਚ ਹਜ਼ਾਰਾਂ ਕਰੋੜ ਰੁਪਏ ਖਰਚ ਕੇ ਦੇ ਰਹੀ ਹੈ।ਪੰਜਾਬ ਦੇ ਲੋਕ, ਰਾਜਨੀਤਕ ਮਾਹਿਰ, ਰਾਜਨੀਤਕ ਨੇਤਾ ਅਤੇ ਪਾਰਟੀਆਂ ਇਹ ਅੰਦਾਜ਼ਾ ਲਗਾਈ ਜਾ ਰਹੇ ਸੀ ਕਿ ਸਰਕਾਰ 2026-27 ਦੇ ਬਜਟ ਵਿਚ ਔਰਤਾਂ ਨੂੰ ਦਿੱਤੇ ਜਾਣ ਵਾਲੇ ਮਾਣਭੱਤੇ ਦਾ ਪ੍ਰਬੰਧ ਕਰ ਸਕਦੀ ਹੈ ਇਹ ਮੁੱਖ ਮੰਤਰੀ ਦੇ ਤਾਜ਼ਾ ਐਲਾਨ ਨੇ ਸੱਚ ਕਰ ਦਿਖਾਇਆ ਹੈ।ਪਰ ਹਾਲੇ ਵੀ ਇਹ ਕਿਹਾ ਜਾ ਰਿਹਾ ਹੈ ਕਿ ਲਾਗੂ ਅਕਤੂਬਰ ਨਵੰਬਰ 2026 ਦੇ ਨੇੜੇ ਕਰੇਗੀ ਅਤੇ ਫਿਰ 2027 ਦੀਆਂ ਚੋਣਾਂ ਵਿਚ ਉਹ ਇਹ ਵਾਅਦਾ ਕਰ ਸਕਦੀ ਹੈ ਕਿ ਜੇ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲੋਕ ਦੁਬਾਰਾ ਤੋਂ ਚੁਣਦੇ ਹਨ ਤਾਂ ਸਾਰੀਆਂ ਮੁਫ਼ਤ ਸਹੂਲਤਾਂ ਜਾਰੀ ਰਹਿਣਗੀਆਂ ਅਤੇ ਔਰਤਾਂ ਦੇ ਮਾਣਭੱਤੇ ਨੂੰ ਵਧਾ ਕੇ 2500 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇਗਾ।

ਹੁਣ ਗੱਲ ਕਰਦੇ ਹਾਂ, ਔਰਤਾਂ ਨੂੰ ਦਿੱਤੇ ਜਾਣ ਵਾਲੇ ਮਾਣ ਭੱਤੇ ਲਈ ਲੋੜੀਂਦੀ ਰਕਮ ਦੀ, ਆਬਾਦੀ ਦੇ ਅੰਦਾਜ਼ਿਆਂ ਮੁਤਾਬਕ ਅੱਜ ਕੱਲ ਪੰਜਾਬ ਦੀ ਅੰਦਾਜ਼ਨ ਕੁੱਲ ਆਬਾਦੀ 3.10 ਕਰੋੜ ਹੈ।ਇਸ ਵਿਚੋਂ 1.63 ਕਰੋੜ ਮਰਦ ਹਨ ਅਤੇ 1.47 ਕਰੋੜ ਔਰਤਾਂ ਹਨ। ਜੇਕਰ ਸੂਬੇ ਵਿਚ ਔਰਤਾਂ ਦੀ ਆਬਾਦੀ ਵਿਚੋਂ 18 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਦੀ 37-40 ਲੱਖ ਦੀ ਗਿਣਤੀ ਘੱਟ ਕਰ ਦਈਏ ਤਾਂ ਮਾਣ ਭੱਤਾ ਲੈਣ ਵਾਲੀਆਂ ਯੋਗ ਔਰਤਾਂ ਦੀ ਗਿਣਤੀ ਤਕਰੀਬਨ ਇੱਕ ਕਰੋੜ ਤੋਂ ਵੱਧ ਬਣਦੀ ਹੈ।ਜੇਕਰ ਹਰ ਇੱਕ ਔਰਤ ਨੂੰ ਮਹੀਨੇ ਦੇ 1100 ਰੁਪਏ ਮਾਣ ਭੱਤੇ ਦੇ ਤੌਰ 'ਤੇ ਦਿੱਤੇ ਜਾਂਦੇ ਹਨ ਤਾਂ ਸੂਬੇ ਵਿਚ ਹਰ ਮਾਣ ਭੱਤੇ ਦੇ ਯੋਗ ਔਰਤ ਨੂੰ ਸਾਲ ਵਿੱਚ 13200 ਰੁਪਏ ਦਿੱਤੇ ਜਾਣਗੇ।ਜੇਕਰ ਇਸ ਰਕਮ ਨੂੰ ਮਾਣ ਭੱਤੇ ਦੇ ਯੋਗ ਔਰਤਾਂ ਦੀ ਗਿਣਤੀ ਨਾਲ ਗੁਣਾਂ ਕਰ ਲਈਏ ਤਾਂ ਇਹ ਸਾਲਾਨਾ ਤਕਰੀਬਨ ਘੱਟੋ ਘੱਟ 13000-14000 ਕਰੋੜ ਰੁਪਏ ਦਾ ਖ਼ਰਚਾ ਹੋਵੇਗਾ। ਪੰਜਾਬ ਸਰਕਾਰ ਦੀ ਮੌਜੂਦਾ ਮਾਲੀ ਹਾਲਤ ਦੇ ਹਿਸਾਬ ਨਾਲ ਇਸ ਬਹੁਤ ਵੱਡੀ ਰਕਮ ਦਾ ਪ੍ਰਬੰਧ ਆਪਣੇ ਵਸੀਲਿਆਂ ਤੋਂ ਨਹੀਂ ਕੀਤਾ ਜਾ ਸਕਦਾ।ਇਸ ਲਈ ਸਰਕਾਰ ਨੂੰ ਹੋਰ ਕਰਜ਼ਾ ਲੈਣ ਦੀ ਲੋੜ ਪਵੇਗੀ ਅਤੇ ਅਜਿਹਾ ਕਰਨ ਨਾਲ ਸੂਬਾ ਪਹਿਲਾਂ ਤੋਂ ਹੀ ਕਰਜ਼ੇ ਦੇ ਮੱਕੜਜਾਲ ਵਿਚ ਫ਼ਸੇ ਹੋਣ ਕਾਰਨ, ਕਰਜ਼ੇ ਵਿਚ ਇਸ ਕਦਰ ਧਸ ਜਾਵੇਗਾ ਕਿ ਮੁੜ ਕੇ ਨਿਕਲਣਾ ਨਾਮੁਮਕਿਨ ਹੋਵੇਗਾ।ਕਿਉਂਕਿ ਹੁਣ ਜਦੋਂ ਅਸੀਂ ਪੰਜਾਬ ਸਿਰ ਚੜ੍ਹੇ ਕਰਜ਼ੇ 'ਤੇ ਨਜ਼ਰ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਮਾਰਚ 2024 ਦੇ ਅੰਤ ਵਿਚ ਸੂਬੇ ਸਿਰ 343626.39 ਕਰੋੜ ਰੁਪਏ ਕਰਜ਼ਾ ਸੀ ਜੋ ਕਿ ਸੂਬੇ ਦੇ ਕੁੱਲ ਘਰੇਲੂ ਪੈਦਾਵਾਰ ਦਾ 43.88 ਪ੍ਰਤੀਸ਼ਤ ਹੈ।ਇਵੇਂ ਹੀ ਸੂਬੇ ਦੇ, 2024-25 ਦੇ ਬਜਟ ਅਨੁਮਾਨਾ ਮੁਤਾਬਿਕ ਕਰਜ਼ਾ ਵਧ ਕੇ ਮਾਰਚ 2025 ਵਿਚ 374091.31 ਕਰੋੜ ਰੁਪਏ ਹੋ ਜਾਵੇਗਾ ਜਿਹੜਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਪ੍ਰਤੀਸ਼ਤ ਹੋਵੇਗਾ।ਜੇਕਰ ਅਗਲੇ ਕੁਝ ਸਾਲਾਂ ਵਿਚ ਵੀ ਅਜਿਹੀ ਸਥਿਤੀ ਅਤੇ ਹਾਲਤ ਬਣੀ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜੰਜਾਲ/ਜਾਲ ਵਿਚ ਬਹੁਤ ਡੂੰਘਾ ਫਸ ਜਾਵੇਗਾ। ਕਿਉਂਕਿ ਪਹਿਲੀਆਂ ਸਰਕਾਰ ਦੇ ਸਮੇਂ ਸੂਬੇ ਸਿਰ ਹਰ ਸਾਲ 20,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਦਾ ਸੀ ਜਿਹੜਾ ਕਿ ਮੌਜੂਦਾ ਸਰਕਾਰਾਂ ਸਮੇਂ 33,000-35,000 ਕਰੋੜ ਰੁਪਏ ਚੜ੍ਹਨ ਲੱਗ ਪਿਆ ਹੈ।ਜੇਕਰ ਆਉਣ ਵਾਲੇ ਸਮੇਂ ਵਿਚ ਹੋਰ ਕਰਜ਼ਾ ਲਿਆ ਜਾਂਦਾ ਹੈ ਜਿਸ ਦੀਆਂ ਚੋਣਾਂ ਵਾਲੇ ਸਾਲ/ਸਮੇਂ ਪੂਰੀ ਸੰਭਾਵਨਾ ਹੈ ਹਰ ਸਾਲ ਚੜ੍ਹਨ ਵਾਲੇ ਕਰਜ਼ੇ ਦੀ ਮਾਤਰਾ 40,000 ਕਰੋੜ ਰੁਪਏ ਤੱਕ ਵੀ ਪਹੁੰਚ ਸਕਦੀ ਹੈ ਅਤੇ ਮਾਰਚ 2027 ਤੱਕ ਕੁੱਲ ਕਰਜ਼ਾ ਵਧ ਕੇ 5 ਲੱਖ ਕਰੋੜ ਰੁਪਏ ਦੇ ਨੇੜੇ ਹੋ ਜਾਵੇਗਾ ਜਿਹੜਾ ਪੰਜਾਬ ਦੇ ਕੁੱਲ ਘਰੇਲੂ ਪੈਦਾਵਾਰ ਦਾ 50% ਤੋਂ ਵਧੇਰੇ ਹੋਵੇਗਾ।ਇਸ ਸਮੇਂ ਭਾਰਤ ਦੇ 28 ਸੂਬਿਆਂ ਦੀ ਸਾਂਝੀ ਕਰਜ਼ਾ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਅਨੁਪਾਤ 28.8% ਹੈ ਜਿਹੜੀ ਕਿ 2027-28 ਤੱਕ 40% ਤੋਂ ਵੱਧ ਜਾਵੇਗੀ।ਪਰ ਪੰਜਾਬ ਦੀ ਇਹ ਅਨੁਪਾਤ 46.6% ਹੈ ਅਤੇ 2027-28 ਵਿੱਚ 50% ਤੋਂ ਵਧ ਜਾਵੇਗੀ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਪੰਜਾਬ ਕਿਸ ਕਦਰ ਕਰਜ਼ੇ ਵਿਚ ਡੁੱਬਿਆ ਹੋਇਆ ਹੈ ਅਤੇ ਭਵਿੱਖ ਵਿਚ ਕਿੰਨਾ ਹੋਰ ਡੁੱਬਣ ਜਾ ਰਿਹਾ ਹੈ।ਇਹ ਇੱਕ ਬਹੁਤ ਹੀ ਗੰਭੀਰ ਮਸਲਾ ਅਤੇ ਸੂਬੇ ਲਈ ਖ਼ਤਰੇ ਦੀ ਘੰਟੀ ਤੋਂ ਘੱਟ ਨਹੀਂ ਹੈ।ਹੁਣ ਚਾਹੀਦਾ ਤਾਂ ਇਹ ਹੈ ਕਿ ਜੇਕਰ ਪੰਜਾਬ ਸਰਕਾਰ ਪੰਜਾਬ ਨੂੰ ਮੁੜ ਤੋਂ ਲੀਹ ਤੇ ਲਿਆ ਕੇ ਖੁਸ਼ਹਾਲ ਬਣਾਉਣਾ ਚਾਹੁੰਦੀ ਹੈ ਜਿਵੇਂ ਕਿ ਪੰਜਾਬ ਦੇ ਲੋਕਾਂ ਨਾਲ ਵਾਅਦਾ ਵੀ ਕੀਤਾ ਗਿਆ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਟੈਕਸਾਂ ਦੀ ਚੋਰੀ ਰੋਕ ਕੇ ਤੇ ਹੋਰ ਸਾਧਨ ਲਗਾ ਕੇ ਆਪਣਾ ਟੈਕਸਾਂ ਤੋਂ ਮਾਲੀਏ ਵਧਾਵੇ ਅਤੇ ਨਾਲ ਹੀ ਗੈਰ ਕਰਾਂ ਤੋਂ ਵੀ ਮਾਲੀਆ ਵਧਾਉਣਾ ਚਾਹੀਦਾ ਹੈ, ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਬਿਨਾਂ ਲੋੜ ਤੋਂ ਦਿੱਤੀਆਂ ਜਾਂਦੀਆਂ ਮੁਫ਼ਤ ਸਹੂਲਤਾਂ ਨੂੰ ਬੰਦ ਕਰਨਾ ਪਵੇਗਾ। ਸੂਬੇ ਵਿੱਚ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਦੇ ਨਾਲ-ਨਾਲ ਲੋੜਵੰਦਾਂ ਤੱਕ ਪੁੱਜਦਾ ਵੀ ਕਰਨਾ ਚਾਹੀਦਾ ਹੈ।ਸੂਬੇ ਵਿੱਚ ਕੈਪੀਟਲ ਖ਼ਰਚ ਨੂੰ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਪੂੰਜੀ ਨਿਵੇਸ਼ ਵਧ ਸਕੇ ਅਤੇ ਜਿਸ ਨਾਲ ਸੂਬੇ ਵਿੱਚ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਹੋਵੇਗਾ ਅਤੇ ਆਮਦਨ ਵੀ ਵਧੇਗੀ।ਭਵਿੱਖ ਵਿੱਚ ਲਏ ਜਾਣ ਵਾਲੇ ਕਰਜ਼ੇ ਨੂੰ ਉਪਜਾਊ ਧੰਦਿਆਂ ਵਿੱਚ ਲਗਾ ਕੇ ਸੂਬੇ ਦੀ ਆਮਦਨ ਅਤੇ ਰੁਜ਼ਗਾਰ ਵਧਾਉਣਾ ਚਾਹੀਦਾ ਹੈ ਤੇ ਨਾਲ ਹੀ ਲਿਆ ਕਰਜ਼ਾ ਵਿਆਜ ਸਮੇਤ ਸਮੇਂ ਸਿਰ ਵਾਪਸ ਕੀਤਾ ਜਾਣਾ ਚਾਹੀਦਾ ਹੈ ਅਤੇ ਪਿਛਲੇ ਖੜ੍ਹੇ ਕਰਜ਼ੇ ਨੂੰ ਵੀ ਹੌਲੀ-ਹੌਲੀ ਵਾਪਸ ਕਰਨਾ ਚਾਹੀਦਾ ਹੈ।

***

## ਆਪਣੇ ਵੋਟ ਅਧਿਕਾਰ ਦੀ

ਇਨ੍ਹਾਂ ਵੋਟਰਾਂ ਕੋਲ 2-2 ਵੱਖਰੇ-ਵੱਖਰੇ ਵੋਟਰ ਪਛਾਣ ਪੱਤਰ ਹਨ। ਉਨ੍ਹਾਂ ਦੇ ਰਿਸ਼ਤੇਦਾਰ ਵੀ ਸਮਾਨ ਹੀ ਹਨ ਪਰ ਉਨ੍ਹਾਂ ਦੀ ਉਮਰ ਵਿੱਚ ਸਿਫਰ ਤੋਂ ਲੈ ਕੇ 5 ਸਾਲ ਦਾ ਫਰਕ ਜ਼ਰੂਰ ਹੈ। ਇਨ੍ਹਾਂ ਡਬਲ ਵੋਟਰਾਂ ਵਿਚੋਂ 3.42 ਲੱਖ ਵੋਟਰ ਅਜਿਹੇ ਹਨ, ਜਿਨ੍ਹਾਂ ਦੇ ਵੋਟਰ ਪਛਾਣ ਪੱਤਰਾਂ 'ਤੇ ਉਨ੍ਹਾਂ ਦੀ ਉਮਰ ਵੀ ਸਮਾਨ ਹੈ। ਵੱਡੀ ਗਿਣਤੀ ਵਿੱਚ ਬਿਹਾਰ 'ਚ ਅਜਿਹੇ ਵੋਟਰ ਵੀ ਹਨ, ਜਿਨ੍ਹਾਂ ਕੋਲ 3-3 ਵੋਟਰ ਪਛਾਣ ਪੱਤਰ ਹਨ।ਉਕਤ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਬਿਹਾਰ ਦੇ 243 ਵਿਧਾਨ ਸਭਾ ਹਲਕਿਆਂ ਵਿੱਚ 1.32 ਕਰੋੜ ਦੇ ਲਗਭਗ ਅਜਿਹੇ ਪਤਿਆਂ 'ਤੇ ਵੋਟਾਂ ਬਣੀਆਂ ਹੋਈਆਂ ਹਨ, ਜਿਨ੍ਹਾਂ ਦੀ ਕੋਈ ਹੋਂਦ ਹੀ ਨਹੀਂ ਹੈ। ਅਜਿਹੇ ਫਰਜ਼ੀ ਪਤਿਆਂ ਲਈ ਚੋਣ ਕਮਿਸ਼ਨ ਵੱਲੋਂ ਆਪਣੇ ਤੌਰ 'ਤੇ ਕੋਈ ਵਿਸ਼ੇਸ਼ ਪਤੇ (ਐਡਰੈੱਸ) ਵੀ ਮੁਹੱਈਆ ਨਹੀਂ ਕੀਤੇ ਗਏ ਸਨ।ਬਹੁਤ ਸਾਰੇ ਹਲਕਿਆਂ ਵਿੱਚ ਇਕ-ਇਕ ਪਤੇ 'ਤੇ ਸੈਂਕੜੇ-ਸੈਂਕੜੇ ਵੋਟਰ ਬਣੇ ਹੋਏ ਹਨ, ਜਿਨ੍ਹਾਂ ਦੀਆਂ ਆਪਸ ਵਿੱਚ ਕੋਈ ਰਿਸ਼ਤੇਦਾਰੀਆਂ ਵੀ ਨਹੀਂ ਹਨ।ਇਸ ਸੰਦਰਭ ਵਿੱਚ ਇਹ ਆਸ ਕੀਤੀ ਜਾਂਦੀ ਹੈ ਕਿ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੌਰਾਨ ਜੋ ਊਣਤਾਈਆਂ ਰਹੀਆਂ ਹਨ, ਚੋਣ ਕਮਿਸ਼ਨ ਦੂਜੇ ਗੇੜ ਵਿੱਚ 9 ਰਾਜਾਂ ਤੇ 3 ਕੇਂਦਰ ਪ੍ਰਸ਼ਾਸਿਤ ਇਲਾਕਿਆਂ ਵਿੱਚ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਸਮੇਂ ਉਨ੍ਹਾਂ ਵਿੱਚ ਪਹਿਲਾਂ ਵਾਲੀਆਂ ਊਣਤਾਈਆਂ ਨਹੀਂ ਰਹਿਣ ਦੇਵੇਗਾ।ਪਰ ਇਸ ਦੇ ਨਾਲ-ਨਾਲ ਜੇ ਵਿਰੋਧੀ ਪਾਰਟੀਆਂ ਨੂੰ ਇਹ ਲਗਦਾ ਹੈ, ਕਿ ਚੋਣ ਕਮਿਸ਼ਨ ਸੱਤਾਧਾਰੀ ਪਾਰਟੀ ਦੇ ਦਬਾਅ ਹੇਠ ਆਪਣਾ ਇਹ ਫਰਜ਼ ਨਹੀਂ ਨਿਭਾਅ ਰਿਹਾ ਤਾਂ, ਉਨ੍ਹਾਂ ਨੂੰ ਆਪਣੇ ਬੂਥ ਪੱਧਰ ਦੇ ਏਜੰਟਾਂ ਨੂੰ ਸਰਗਰਮ ਕਰਨਾ ਚਾਹੀਦਾ ਹੈ, ਜੋ ਇਸ ਸਾਰੇ ਅਮਲ ਵਿੱਚ ਉਹ ਸਰਗਰਮੀ ਨਾਲ ਹਿੱਸਾ ਲੈਣ 'ਤੇ ਚੋਣ ਕਮਿਸ਼ਨ ਦੇ ਬੂਥ ਪੱਧਰ ਦੇ ਅਧਿਕਾਰੀਆਂ ਦੇ ਕੰਮ ਦੀ ਵੀ ਨਜ਼ਰਸਾਨੀ ਕਰਨ।ਪਰ ਇਸ ਦੇ ਨਾਲ ਹੀ ਵੋਟਰਾਂ ਲਈ ਵੀ ਇਹ ਬੇਹੱਦ ਜ਼ਰੂਰੀ ਹੋ ਗਿਆ ਹੈ, ਕਿ ਉਹ ਵੋਟਾਂ ਬਣਾਉਣ ਲਈ ਨਿਸਚਿਤ ਫਾਰਮ ਭਰਨ ਅਤੇ ਨਾਲ ਲੋੜੀਂਦੇ ਪ੍ਰਮਾਣ ਪੱਤਰ ਲਾ ਕੇ ਚੋਣ ਕਮਿਸ਼ਨ ਨੂੰ ਸਮੇਂ ਸਿਰ ਭੇਜਣ।ਕਿਸੇ ਵੀ ਜਮਹੂਰੀ ਦੇਸ਼ ਵਿੱਚ ਵੋਟ ਦਾ ਅਧਿਕਾਰ ਬਹੁਤ ਅਹਿਮੀਅਤ ਰੱਖਦਾ ਹੈ।ਲੋਕਾਂ ਵੱਲੋਂ ਇਸ ਅਧਿਕਾਰ ਦੀ ਵਧ ਤੋਂ ਵਧ ਗਿਣਤੀ ਵਿੱਚ ਵਰਤੋਂ ਨਾਲ ਹੀ ਜਮਹੂਰੀਅਤ ਜ਼ਿੰਦਾ ਰਹਿੰਦੀ ਹੈ।ਇਸ ਗੱਲ ਦੇ ਵਿਸ਼ੇਸ਼ ਤੌਰ 'ਤੇ ਯਤਨ ਹੋਣੇ ਚਾਹੀਦੇ ਹਨ ਕਿ ਕੋਈ ਵੀ ਅਯੋਗ ਵੋਟਰ ਨਾ ਬਣ ਸਕੇ।ਪਰ ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਯੋਗ ਵੋਟਰ, ਵੋਟਰ ਸੂਚੀ ਤੋਂ ਬਾਹਰ ਨਾ ਰਹੇ।

***

## ਕੀ ਕੈਨੇਡਾ ਵਿੱਚ ਫੈਲ ਰਿਹਾ ਹੈ

ਬੰਗਲਾਦੇਸ਼ ਦੀ ਇਸ ਜਮਾਤ ਕੋਲ ਰਿਚਮੰਡ ਹਿੱਲ ਅਤੇ ਓਕਵਿਲ ਵਿੱਚ ਵੱਡੇ-ਵੱਡੇ ਘਰ ਮੌਜੂਦ ਹਨ। ਜੀ.ਟੀ.ਏ. (ਗਰਾਂਡ ਟਰਾਂਟੋ ਏਰੀਆ) ਵਿੱਚ ਇਨ੍ਹਾਂ ਕੋਲ ਦੋ ਸੌ ਦੇ ਕਰੀਬ ਬਹੁ ਕਰੋੜੀ ਬੰਗਲੇ, ਜਾਇਦਾਦਾਂ, ਬੇਨਾਮੀ ਕੰਪਨੀਆਂ, ਪਰਿਵਾਰਿਕ ਟ੍ਰਸਟਾਂ ਅਤੇ ਕਾਰੋਬਾਰੀ ਨਾਂਵਾਂ ਹੇਠ ਦਰਜ ਹਨ। ਇਨਾਂ ਆਪਣੀ ਪਛਾਣ ਲੁਕੋ ਕੇ ਰੱਖੀ ਹੋਈ ਹੈ। ਡਰ ਹੈ ਕਿ ਕਿਤੇ ਪੋਲ ਨਾ ਖੁੱਲ੍ਹ ਜਾਏ।

ਨਵੇਂ ਕੈਨੇਡੀਅਨ ਕਾਨੂੰਨਾਂ ਦੇ ਬਾਵਜੂਦ ਇਹ ਲੋਕ ਆਪਣੀ ਜਾਇਦਾਦ ਦੇ ਸ੍ਰੋਤ ਉਜਾਗਰ ਨਹੀਂ ਕਰਦੇ। ਇਨ੍ਹਾਂ ਨੇ ਸਿੰਗਾਪੁਰ, ਦੁਬਈ, ਯੂ.ਕੇ. ਰੂਟ ਰਾਹੀਂ ਧਨ ਵਾਈਟ ਕਰਕੇ ਲਿਆਂਦਾ ਹੋਇਆ ਹੈ।ਇਵੇਂ ਇਹ ਦੇਸੀ ਅਤੇ ਵਿਦੇਸ਼ੀ ਕਾਨੂੰਨ ਤੋਂ ਬਚ ਨਿਕਲਦੇ ਹਨ।ਬੰਗਲਾਦੇਸ਼ ਅੰਤ੍ਰਿਮ ਸਰਕਾਰ ਕੀ ਇਨ੍ਹਾਂ ਤੋਂ ਧਨ ਵਾਪਸ ਕਰ ਸਕੇਗੀ, ਇਹ ਸੰਭਵ ਨਹੀਂ ਲਗਦਾ।

ਭਾਰਤ ਦੇ ਰਾਜਨੀਤੀਵਾਨਾਂ, ਉੱਚ ਅਫਸਰਸ਼ਾਹਾਂ, ਤਸਕਰਾਂ, ਗੈਂਗਸਟਰਾਂ, ਧੋਖੇਬਾਜ਼ ਵਿੱਤੀ ਅਪਰਾਧੀਆਂ ਨੇ ਆਪਣੇ ਪਰਿਵਾਰਾਂ ਦੇ ਇੱਕ-ਦੋ ਮੈਂਬਰ ਕੈਨੇਡਾ, ਅਮਰੀਕਾ, ਅਸਟ੍ਰੇਲੀਆ, ਯੂ.ਕੇ. ਜਾਂ ਹੋਰ ਥਾਂਵਾਂ 'ਤੇ ਭ੍ਰਿਸ਼ਟਾਚਾਰ ਰਾਹੀਂ ਲੁੱਟਿਆ ਧਨ ਨਿਵੇਸ਼ ਕਰਨ ਲਈ ਵਸਾਏ ਹੋਏ ਹਨ।ਕੀ ਅਜਿਹੇ ਦੇਸ਼ਾਂ ਨੇ ਕਦੇ ਅੰਤਰਝਾਤ ਮਾਰਨ ਦੀ ਕੋਸ਼ਿਸ਼ ਕੀਤੀ ਹੈ ਜਾਂ ਜਾਂਚ ਕਰਨ ਦਾ ਯਤਨ ਕੀਤਾ ਕਿ ਪ੍ਰਵਾਸੀ ਭ੍ਰਿਸ਼ਟਾਚਾਰੀ ਇਨ੍ਹਾਂ ਦੇਸ਼ਾਂ ਵਿੱਚ ਕਿਹੋ ਜਿਹਾ ਧਨ ਲਿਆ ਰਹੇ ਹਨ? ਅਜਿਹਾ ਧਨ ਸਵੀਕਾਰ ਕਰਨਾ ਕਿਹੋ ਜਿਹੀ ਰਾਸ਼ਟਰੀ ਨੈਤਿਕਤਾ ਹੈ? ਕੈਨੇਡਾ ਗਲੋਬਲ ਪੱਧਰ 'ਤੇ ਇੱਕ ਭ੍ਰਿਸ਼ਟਾਚਾਰ ਰਹਿਤ, ਖੂਬਸੂਰਤ, ਕਾਨੂੰਨ ਦੇ ਰਾਜ ਵਾਲਾ ਦੇਸ਼ ਅਖਵਾਉਂਦਾ ਹੈ।ਪਰ ਇਸ ਅੰਦਰ ਕਾਲਾ ਧਨ ਬੜੀ ਸਾਫਗੋਈ ਨਾਲ ਬਗੈਰ ਪੁੱਛ ਪ੍ਰਤੀਤ ਦੇ ਆ ਰਿਹਾ ਹੈ।ਇੱਥੇ ਕਾਨੂੰਨ ਸਹੀ ਹਨ ਪਰ ਅਮਲ ਸਹੀ ਨਹੀਂ। ਇਨ੍ਹਾਂ ਨੂੰ ਚੀਰ ਕੇ ਭ੍ਰਿਸ਼ਟਾਚਾਰ, ਭ੍ਰਿਸ਼ਟਾਚਾਰੀ, ਭ੍ਰਿਸ਼ਟਾਚਾਰੀ ਧਨ ਆ ਕੇ ਸਮੋ ਰਿਹਾ ਹੈ, ਜੋ ਇਸਦੀ ਸਦਾਚਾਰਕ ਅਤੇ ਸਾਫ ਛਵ੍ਹੀ ਨੂੰ ਪਲੀਤ ਕਰ ਰਿਹਾ ਹੈ।ਕੈਨੇਡਾ ਦੇ ਉੱਜਲ ਭਵਿੱਖ ਲਈ ਇਨ੍ਹਾਂ 'ਤੇ ਰੋਕ ਲੱਗਣੀ ਅਤਿ ਜ਼ਰੂਰੀ ਹੈ।

***

## ਖ਼ਾਲਸਾ ਪੰਥ ਦੀ ਚੜ੍ਹਦੀਕਲਾ 'ਚ

ਬਲਕਰਨ ਸਿੰਘ ਗਿੱਲ, ਗੁਰੂ ਨਾਨਕ ਸਿੱਖ ਸੈਂਟਰ ਬਰੰਪਟਨ, ਲੇਖਕ ਡਾ. ਪੂਰਨ ਸਿੰਘ ਗਿਲ, ਡਾ. ਗੁਰਵਿੰਦਰ ਸਿੰਘ ਧਾਲੀਵਾਲ ਬੀਸੀ ਕੈਨੇਡਾ ਨੇ ਕਿਹਾ, ਸਵਰਨਜੀਤ ਸਿੰਘ ਦੀ ਜਿੱਤ ਸਿੱਖ ਨੌਜਵਾਨਾਂ ਲਈ ਪ੍ਰੇਰਨਾ ਹੈ। ਉਹਨਾਂ ਨੇ ਦਿਖਾਇਆ ਕਿ ਸਿੱਖੀ ਦੇ ਸਿਧਾਂਤਾਂ ਨਾਲ ਵਿਦੇਸ਼ ਵਿੱਚ ਵੀ ਸਿਖਰ ਛੂਹੇ ਜਾ ਸਕਦੇ।ਇਹ ਜਿੱਤ ਸਿੱਖੀ ਦੀ ਰੌਸ਼ਨੀ ਅਮਰੀਕੀ ਲੋਕਤੰਤਰ ਵਿੱਚ ਫ਼ੈਲਾਉਂਦੀ ਹੈ। ਪਵਨ ਕੁਮਾਰ ਟੀਨੂੰ, ਸੀਨੀਅਰ ਨੇਤਾ ਆਪ ਪਾਰਟੀ ਨੇ ਕਿਹਾ ਸਵਰਨਜੀਤ ਸਿੰਘ ਨੇ ਸੰਨ ਆਫ਼ ਸਾਇਲ ਬਣਕੇ ਪੰਜਾਬ ਤੇ ਵਤਨ ਦਾ ਨਾਂਅ ਰੌਸ਼ਨ ਕੀਤਾ। ਸਰਦਾਰ ਮਨਮੋਹਨ ਸਿੰਘ, ਪ੍ਰਧਾਨ ਗੁਰਦੁਆਰਾ ਹੈਮਿਟਨ ਅਮਰੀਕਾ, ਭਾਈ ਮਿਹਰਬਾਨ ਸਿੰਘ, ਲੇਖਕ ਅਮਰੀਕਾ, ਸਰਦਾਰ ਪ੍ਰਿਤਪਾਲ ਸਿੰਘ ਰਿਚਮੰਡ ਨੇ ਕਿਹਾ ਕਿ ਇਹ ਸਿੱਖੀ ਦੀ ਜਿੱਤ ਹੈ। ਸਵਰਨਜੀਤ ਸਿੰਘ ਨੇ ਅਮਰੀਕੀ ਸਮਾਜ ਵਿੱਚ ਸਿੱਖੀ ਦਾ ਅਕਸ ਉੱਚਾ ਕੀਤਾ ਹੈ। ਉਸਨੇ ਸਿੱਖ ਨੌਜਵਾਨਾਂ ਲਈ ਚੜ੍ਹਦੀਕਲਾ ਦਾ ਰਾਹ ਦਿਖਾਇਆ।

**ਸੁਖਦੇਵ ਸਿੰਘ, ਬਿਲਡਰ ਏ.ਜੀ.ਆਈ. ਜਲੰਧਰ, ਨੇ ਕਿਹਾ ਕਿ ਸਵਰਨਜੀਤ ਸਿੰਘ ਖ਼ਾਲਸਾ ਨੇ ਪੰਜਾਬ ਦਾ ਸਿਰ ਉੱਚਾ ਕੀਤਾ।**

ਸਵਰਨਜੀਤ ਸਿੰਘ ਖ਼ਾਲਸਾ ਨੂੰ ਮੁਬਾਰਕਾਂ ਦੇਣ ਵਾਲਿਆਂ ਵਿੱਚ ਮੋਹਨ ਸਿੰਘ ਸਿਆਟਲ,ਪ੍ਰਿੰਸੀਪਲ ਆਰ.ਐਸ. ਮਹਿਤਾ, ਚਰਨਜੀਤ ਸਿੰਘ ਗੋਲਡੀ, ਹਰਦੀਪ ਸਿੰਘ ਭਾਟੀਆ, ਸਰਦਾਰ ਹਰਦੀਪ ਸਿੰਘ ਗੋਲਡੀ ਨਿਊਜਰਸੀ ਆਦਿ ਸ਼ਾਮਲ ਸਨ।

***

## ਕੈਨੇਡਾ ਵਿੱਚ ਜਿਨਸੀ ਸ਼ੋਸ਼ਣ

ਪਰ ਅਸਲ ਵਿੱਚ ਇਹ ਸੰਸਥਾਵਾਂ ਵਪਾਰ ਕਰ ਰਹੀਆਂ ਹਨ।ਵਾਟਰਲੂ, ਯਾਰਕ ਜਾਂ ਵੈਸਟਰਨ ਵਰਗੀਆਂ ਪ੍ਰਸਿੱਧ ਯੂਨੀਵਰਸਿਟੀਆਂ ਤਾਂ ਵੱਖਰੀ ਗੱਲ ਹੈ, ਪਰ 'ਡਿਪਲੋਮਾ ਮਿਲ' ਵਰਗੀਆਂ ਥਾਂਵਾਂ ਤੋਂ ਡਿਗਰੀ ਲੈਣਾ ਭਵਿੱਖ ਨੂੰ ਬਰਬਾਦ ਕਰਨ ਵਾਲਾ ਕੰਮ ਹੈ। ਇਹਨਾਂ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਘੱਟ ਗੁਣਵੱਤਾ ਵਾਲੇ ਕੋਰਸ ਕਰਵਾਏ ਜਾਂਦੇ ਹਨ, ਜਿਨ੍ਹਾਂ ਦੀ ਕੋਈ ਮਾਰਕੀਟ ਵੈਲਿਊ ਨਹੀਂ।ਨਤੀਜਾ? ਵਿਦਿਆਰਥੀ ਡਿਗਰੀ ਤੋਂ ਬਾਅਦ ਵੀ ਬੇਰੁਜ਼ਗਾਰ ਰਹਿੰਦੇ ਹਨ ਅਤੇ ਪੀ.ਆਰ. ਨਹੀਂ ਮਿਲਦੀ।

ਕੈਨੇਡੀਅਨ ਗਵਰਨਮੈਂਟ ਨੇ ਵੀ ਇਸ ਠੱਗੀ ਤੇ ਸ਼ੋਸ਼ਣ ਨੂੰ ਮੰਨਿਆ ਹੈ ਅਤੇ 2024 ਵਿੱਚ ਨਵੇਂ ਨਿਯਮ ਲਾਗੂ ਕੀਤੇ ਹਨ ਜਿਨ੍ਹਾਂ ਨਾਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘਟਾਈ ਜਾਵੇਗੀ।ਪਰ ਮਹਿਰਾ ਮੰਨਦੇ ਹਨ ਕਿ ਇਹ ਕਾਫ਼ੀ ਨਹੀਂ। ਉਹਨਾਂ ਨੇ ਕਿਹਾ, 'ਬਹੁਤ ਸਾਰੇ ਵਿਦਿਆਰਥੀ ਪੀ.ਆਰ. ਦੇ ਸੁਪਨੇ ਲੈ ਕੇ ਆਉਂਦੇ ਹਨ, ਪਰ ਅੰਤ ਵਿੱਚ ਉਹ ਸ਼ੋਸ਼ਣ ਅਤੇ ਭੇਦਭਾਵ ਦੇ ਸ਼ਿਕਾਰ ਹੋ ਜਾਂਦੇ ਹਨ।' ਇਹ ਧੋਖਾਧੜੀ ਨਾ ਸਿਰਫ਼ ਵਿਦਿਆਰਥੀਆਂ ਨੂੰ ਬਰਬਾਦ ਕਰ ਰਹੀ ਹੈ, ਸਗੋਂ ਭਾਰਤੀ ਅਰਥਵਿਵਸਥਾ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ, ਕਿਉਂਕਿ ਪਰਿਵਾਰ ਆਪਣੀਆਂ ਜ਼ਮੀਨਾਂ ਵੇਚ ਕੇ ਇਹ ਦਾਖਲਾ ਫੀਸ ਅਦਾ ਕਰਦੇ ਹਨ।

**ਮਹਿਰਾ ਵੱਲੋਂ ਭਾਰਤੀ ਪਰਿਵਾਰਾਂ ਲਈ ਚਿਤਾਵਨੀ**

ਮਹਿਰਾ ਦੀ ਚਿਤਾਵਨੀ ਨੇ ਭਾਰਤੀਆਂ ਨੂੰ ਸੁਚੇਤ ਕੀਤਾ ਹੈ। ਸੋਸ਼ਲ ਮੀਡੀਆ 'ਤੇ ਹੈਸ਼ਟੈਗ ਟ੍ਰੈਂਡ ਕਰ ਰਿਹਾ ਹੈ।ਭਾਰਤ ਸਰਕਾਰ ਨੇ ਵੀ ਕੈਨੇਡੀਅਨ ਰਾਸ਼ਟਰ ਦੂਤ ਨੂੰ ਬੁਲਾ ਕੇ ਇਸ ਬਾਰੇ ਚਰਚਾ ਕੀਤੀ ਹੈ। ਵਿਦੇਸ਼ ਮੰਤਰੀ ਵੀਕੇ ਸ਼ਾਹ ਨੇ ਕਿਹਾ ਹੈ ਕਿ ਭਾਰਤੀ ਨੌਜਵਾਨਾਂ ਦੀ ਸੁਰੱਖਿਆ ਲਈ ਨਵੇਂ ਨਿਯਮ ਬਣਾਏ ਜਾਣਗੇ। ਪਰ ਏਜੰਟਾਂ ਦਾ ਨੈੱਟਵਰਕ ਅਜੇ ਵੀ ਸਰਗਰਮ ਹੈ ਅਤੇ ਲੋਕਾਂ ਨਾਲ ਝੂਠੇ ਵਾਅਦੇ ਕਰ ਰਹੇ ਹਨ।

**(ਇਹ ਰਿਪੋਰਟ ਐੱਨ.ਡੀ.ਟੀ.ਵੀ., ਹਿੰਦੁਸਤਾਨ ਟਾਈਮਜ਼ ਅਤੇ ਕੁਸ਼ਲ ਮਹਿਰਾ ਦੇ ਇੰਟਰਵਿਊਆਂ 'ਤੇ ਅਧਾਰਿਤ ਹੈ।**

***

## ਪਾਕਿਸਤਾਨ 'ਚ ਕਈ ਇਤਿਹਾਸਕ

ਸੇਵਾ-ਸੰਭਾਲ ਕਾਰਨ ਪੂਰੀ ਤਰ੍ਹਾਂ ਖੰਡਹਰ ਬਣ ਗਈ ਹੈ।ਨੇੜਲੇ ਹੀ ਕਸੂਰ-ਫ਼ਿਰੋਜ਼ਪੁਰ ਰੋਡ 'ਤੇ ਬੀ.ਆਰ.ਬੀ. ਨਹਿਰ ਪਾਰ ਪਿੰਡ ਤਰਗੇ ਵਿਚਲਾ ਇਤਿਹਾਸਕ ਅਸਥਾਨ ਵੀ ਇਸੇ ਹਾਲ ਵਿੱਚ ਪਿਆ ਹੈ।

ਲਾਹੌਰ ਦੇ ਥਾਣਾ ਬਰਕੀ ਅਧੀਨ ਆਉਣ ਵਾਲੇ ਪਿੰਡ ਜਾਹਮਣ ਵਿੱਚ ਗੁਰਦੁਆਰਾ ਰੋੜੀ ਸਾਹਿਬ ਦੀ ਢਾਈ ਮੰਜ਼ਿਲਾਂ ਵਾਲੀ ਵਿਸ਼ਾਲ ਅਤੇ ਸੁੰਦਰ ਇਮਾਰਤ ਦਾ ਵੱਡਾ ਭਾਗ ਵੀ ਢਹਿ ਚੁੱਕਾ ਹੈ। ਇਸ ਤੋਂ ਵਿਚਲੇ ਪਿੰਡ ਪਢਾਣਾ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸਬੰਧਿਤ ਗੁਰਦੁਆਰਾ ਛੇਵੀਂ ਪਾਤਸ਼ਾਹੀ ਵੀ ਨਜ਼ਰਅੰਦਾਜ ਕੀਤਾ ਜਾ ਰਿਹਾ ਹੈ। ਸਰਹੱਦੀ ਪਿੰਡਾਂ ਵਿੱਚ ਗੁਰਦੁਆਰਾ ਮੰਜੀ ਸਾਹਿਬ (ਢਿਲਵਾਂ), ਗੁਰਦੁਆਰਾ ਹਰਿਗੋਬਿੰਦ ਸਾਹਿਬ (ਰਾਮਪੁਰਾ ਖੁਰਦ) ਅਤੇ ਗੁਰਦੁਆਰਾ ਹਰਿਗੋਬਿੰਦ ਸਾਹਿਬ (ਝੱਲੀਆਂ) ਵਰਗੇ ਮਹੱਤਵਪੂਰਨ ਅਸਥਾਨ ਵੀ ਧਿਆਨ ਨਾ ਦੇਣ ਕਾਰਨ ਬਰਬਾਦ ਹੋ ਰਹੇ ਹਨ। ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਗੁਰਦੁਆਰੇ ਸਾਡੇ ਗੁਰੂ ਸਾਹਿਬਾਨਾਂ ਦੀਆਂ ਪਵਿੱਤਰ ਯਾਦਾਂ ਨਾਲ ਜੁੜੇ ਹਨ।ਉਹਨਾਂ ਨੂੰ ਬਚਾਉਣਾ ਸਾਡੀ ਧਾਰਮਿਕ ਅਤੇ ਸੱਭਿਆਚਾਰਕ ਜ਼ਿੰਮੇਵਾਰੀ ਹੈ। ਪਾਕਿਸਤਾਨ ਸਰਕਾਰ ਨੂੰ ਅੰਤਰਰਾਸ਼ਟਰੀ ਸਹਿਯੋਗ ਨਾਲ ਇਹ ਕੰਮ ਕਰਨਾ ਚਾਹੀਦਾ ਹੈ ਪ੍ਰਵਾਸੀ ਸਿੱਖ ਭਾਈਚਾਰੇ ਨੇ ਨਨਕਾਣਾ ਸਾਹਿਬ ਵਰਗੇ ਵੱਡੇ ਗੁਰਦੁਆਰਿਆਂ ਦੀ ਸੰਭਾਲ ਦੀ ਸ਼ਲਾਘਾ ਵੀ ਕੀਤੀ, ਪਰ ਛੋਟੇ ਅਤੇ ਸਰਹੱਦੀ ਗੁਰਦੁਆਰਿਆਂ ਨੂੰ ਭੁੱਲ ਨਾ ਜਾਣ ਦੀ ਅਪੀਲ ਦਿੱਤੀ। ਸਿੱਖ ਮਾਹਿਰਾਂ ਮੁਤਾਬਕ, ਜੇਕਰ ਤੁਰੰਤ ਕਾਰਵਾਈ ਨਾ ਹੋਈ ਤਾਂ ਇਹ ਵਿਰਾਸਤ ਹਮੇਸ਼ਾ ਲਈ ਗੁਆਚ ਸਕਦੀ ਹੈ।

***

RAISING VOICE FOR TRUTH
ਹੋਕਾ TV

# HOKA TV
(ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home